I N T E R N A T I O N A L

# ਪੰਜਾਬੀ ਟ੍ਰਿਬਿਊਨ

Funded by the Government of Canada | Financé par le gouvernement du Canada | Canada

BILINGUAL NEWSPAPER : ENGLISH AND PUNJABI

EXECUTIVE EDITOR : RACHHPAL SINGH GILL

Ph. : 604-616-2171 C E-mail: iptribune@gmail.com www.punjabitribune.ca

Vol.31 / No.04
24 January, 2025
੧੧ ਮਾਘ ਨਾਨਕਸ਼ਾਹੀ ਸੰਮਤ ੫੫੬

## ਕੈਨੇਡਾ ਵਿੱਚ ਪੰਜਾਬੀ ਨੌਜਵਾਨਾਂ ਦੀਆਂ ਹੋ ਰਹੀਆਂ ਮੌਤਾਂ ਤੋਂ ਭਾਈਚਾਰਾ ਚਿੰਤਤ



**ਸਰੀ, (ਏਕਜੋਤ ਸਿੰਘ):** ਪਿਛਲੇ ਕੁਝ ਦਿਨਾਂ ਤੋਂ ਕੈਨੇਡਾ ‘ਚ ਪੰਜਾਬੀ ਨੌਜਵਾਨਾਂ ਦੀਆਂ ਹੋ ਰਹੀਆਂ ਮੌਤਾਂ ਦੀਆਂ ਆ ਰਹੀਆਂ ਲਗਾਤਾਰ ਖਬਰਾਂ ਤੋਂ ਪੰਜਾਬੀ ਭਾਈਚਾਰਾ ਬੇਹੱਦ ਚਿੰਤਤ ਹੈ। ਪਿਛਲੇ 1 ਹਫ਼ਤੇ ਦੌਰਾਨ ਕਈ ਪੰਜਾਬੀ ਨੌਜਵਾਨਾਂ ਦੀ ਬੇਵਕਤੀ ਮੌਤ ਨਾਲ ਇਥੇ ਵਸਦੇ ਪੰਜਾਬੀ ਭਾਈਚਾਰੇ ਵਲੋਂ ਨੌਜਵਾਨਾਂ ਦੀ ਸੁਰੱਖਿਆ ਸਬੰਧੀ ਸਵਾਲ ਉਠਾਏ ਜਾ ਰਹੇ ਹਨ। ਜ਼ਿਕਰੋਯਗ ਹੈ ਕਿ ਬੀਤੇ ਦਿਨੀਂ ਸਰੀ ਵਿੱਚ ਇਕ ਪੰਜਾਬੀ ਨੌਜਵਾਨ ਗੁਰਵਿੰਦਰ ਉਪਲ (29 ਸਾਲ) ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ । ਇਸ ਵਾਰਦਾਤ ਨਾਲ ਸਥਾਨਕ ਪੰਜਾਬੀ ਭਾਈਚਾਰੇ ਵਿੱਚ ਸਦਮੇ ਅਤੇ ਦਰਦ ਦੀ ਲਹਿਰ ਦੌੜ ਗਈ ।

ਡੈਲਟਾ ਸ਼ਹਿਰ ਦੀ ਪੁਲਸ ਨੇ ਦੱਸਿਆ ਕਿ ਸੋਮਵਾਰ ਦੀ ਰਾਤ 112 ਬੀ ਸਟ੍ਰੀਟ ਦੇ 8100 ਬਲਾਕ ਵਿੱਚ ਗੋਲੀਬਾਰੀ ਹੋਈ। ਪੁਲਸ ਅਫ਼ਸਰਾਂ ਨੇ ਮੌਕੇ ’ਤੇ ਪਹੁੰਚ ਕੇ ਗੁਰਵਿੰਦਰ ਉਪਲ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਦਾਖਲ ਕਰਵਾਇਆ। ਮੰਗਲਵਾਰ ਨੂੰ ਇਲਾਜ ਦੌਰਾਨ ਉਪਲ ਨੇ ਦਮ ਤੋੜ ਦਿੱਤਾ।

ਗੋਲੀਬਾਰੀ ਤੋਂ ਕੁਝ ਸਮੇਂ ਬਾਅਦ, ਬਲੇਕ ਡਰਾਈਵ ਦੇ 7300 ਬਲਾਕ ਵਿੱਚ ਚਿੱਟੇ ਰੰਗ ਦਾ ਸੜਦਾ ਹੋਇਆ ਟਰੱਕ ਮਿਲਿਆ। ਪੁਲਸ ਦਾ ਕਹਿਣਾ ਹੈ ਕਿ ਇਸ ਟਰੱਕ ਦਾ ਸਬੰਧ ਵਾਰਦਾਤ ਨਾਲ ਹੈ।

ਡੈਲਟਾ ਪੁਲਸ ਨੇ ਦੱਸਿਆ ਕਿ ਇਸ ਕਤਲ ਨੂੰ ਸੋਚੀ ਸਮਝੀ ਸਾਜ਼ਿਸ਼ ਤਹਿਤ ਅੰਜਾਮ ਦਿੱਤਾ ਗਿਆ। ਇਸੇ ਤਰ੍ਹਾਂ ਵਿਨੀਪੈਗ ਸ਼ਹਿਰ

• ਬਾਕੀ ਸਫ਼ਾ 2 ’ਤੇ

## ਹਰਮਨਦੀਪ ਕੌਰ ਦੀ ਮੌਤ ਦੇ ਮਾਮਲੇ 'ਚ ਦੋਸ਼ੀ ’ਤੇ 13 ਮਈ ਨੂੰ ਹੋਣਗੇ ਦੋਸ਼ ਆਇਦ



**ਕੈਲੋਨਾ, ਏਕਜੋਤ ਸਿੰਘ):** ਯੂਬੀਸੀ ਓਕਾਨਾਗਨ ਦੀ ਸੁਰੱਖਿਆ ਕਰਮਚਾਰੀ ਹਰਮਨਦੀਪ ਕੌਰ ਦੀ ਮੌਤ ਦੇ ਮਾਮਲੇ 'ਚ ਦੋਸ਼ੀ ਡਾਂਟੇ ਓਗਨੀਬੀਨ-ਹੈਬਰਨ ਨੇ ਕਤਲ ਦੇ ਦੋਸ਼ ਕਬੂਲ ਕੀਤੇ ਹਨ।

ਜ਼ਿਕਰਯੋਗ ਹੈ ਕਿ 24 ਸਾਲਾਂ ਹਰਮਨਦੀਪ ਕੌਰ 26 ਫਰਵਰੀ 2022 ਨੂੰ ਸਵੇਰੇ ਦੀ ਸੁਰੱਖਿਆ ਕਰਮਚਾਰੀ ਵਜੋਂ ਡਿਊਟੀ ਕਰ ਰਹੀ ਸੀ, ਜਦ ਉਸ 'ਤੇ ਅਚਾਨਕ ਕਾਤਲਾਨਾ ਹਮਲਾ ਕਰ ਦਿੱਤਾ ਗਿਆ। ਹਮਲੇ ਦੇ ਤੁਰੰਤ ਬਾਅਦ ਡਾਂਟੇ ਓਗਨੀਬੀਨ-ਹੈਬਰਨ ਨੂੰ ਮੈਨਟਲ ਹੈਲਥ ਐਕਟ ਅਧੀਨ ਗ੍ਰਿਫ਼ਤਾਰ ਕੀਤਾ ਗਿਆ। ਹਰਮਨਦੀਪ ਦੀ ਮੌਤ ਤੋਂ ਬਾਅਦ ਉਸ 'ਤੇ ਦੂਜੇ ਦਰਜੇ ਦੇ ਕਤਲ ਦਾ ਦੋਸ਼ ਲਗਾਇਆ ਗਿਆ। ਹੁਣ ਉਹ ਇਸ ਦੋਸ਼ ਨੂੰ ਘਟਾ ਕੇ ਮਾਨਹੱਤਾ ਕਤਲ ਦੇ ਦੋਸ਼ ਲਈ ਗੁਨਾਹ ਕਬੂਲੇਗਾ।

ਕਰਾਊਨ ਵੱਲੋਂ ਦੋਸ਼ਾਂ ਨੂੰ ਘਟਾਉਣ ਦੇ ਕਾਰਨ 'ਤੇ ਜ਼ਿਆਦਾ ਜਾਣਕਾਰੀ ਨਹੀਂ ਦਿੱਤੀ ਗਈ। ਬੀ.ਸੀ. ਪ੍ਰੋਸਿਕਿਊਸ਼ਨ ਸਰਵਿਸ ਦੀ ਸਪੋਕਸਮੈਨ ਡੈਮੀਨ ਡਾਰਬੀ ਨੇ ਆਪਣੇ ਬਿਆਨ ਵਿੱਚ ਕਿਹਾ, "ਸਿਰਫ ਵਿਰਲੇ ਮਾਮਲਿਆਂ 'ਚ, ਜਿਥੇ ਅਸਿਸਟੈਂਟ ਡਿਪਟੀ

• ਬਾਕੀ ਸਫ਼ਾ 2 ’ਤੇ

Sameer Kaushal & Ankur Kaushal
PERSONAL REAL ESTATE CORPORATION
Commercial | Residential
Property Experts
Century 21
Sameer Kaushal Ankur Kaushal
604-897-9575 | 604-897-0006
#105-7928 128 St. Surrey, B.C. W3W

ਗੁਰਸ਼ਰਨ ਸਿੰਘ ਧੰਜਲ
Insurance & Financial Advisor
Super Visa Insurance
Travel Insurance
TFSA & RRSP
Mortgage & Life Insurance
Child Education Plan RESP
Working together to Build and Preserve Wealth
778.888.3502
gursh26@gmail.com
Protecting Dreams and Lifestyle

KOHALY PRINTING & BINDERY LTD.
WEDDING CARDS
FULL COLOR SIGNS
WINDOW DECALS
CHEQUES
OFFSET PRINTING, DIGITAL PRINTING
604-594-2324
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ ਵਿਆਹ ਦੇ ਕਾਰਡ
#210-12837-76th Ave, Surrey, B.C.
Website : www.kohalyprinting.com
E-mail : info@kohalyprinting.com

ਨਵਾਂ ਜਾਂ ਪੁਰਾਣਾ ਘਰ ਖਰੀਦਣ ਲਈ ਸੇਵਾ ਦਾ ਮੌਕਾ ਦਿਓ
Navjit Mahil
Realtor
BA, CAIB, LLB
ਭਰੋਸੇਯੋਗ ਸੇਵਾਵਾਂ ਲਈ ਮਿਲੋ
YPA REALTY
604-488-4777
E-mail : navjitmahil@yahoo.com
201-13049 76th Ave, Surrey, B.C. V3W 2V7

idea immigration
SUPER VISAS
PNPs
EXPRESS ENTRY
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
- ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਓ
- 12 ਮਹੀਨੇ ਵਿੱਚ ਨੈਨੀ ਬੁਲਾਓ।
- ਵਰਕ ਪਰਮਿਟ 'ਤੇ ਫੈਮਲੀ ਵੀ ਆ ਸਕਦੀ ਹੈ।
- ਵਿਜ਼ਟਰ ਵੀਜ਼ੇ ਤੇ ਆਏ, ਪੱਕੇ ਹੋਣ ਲਈ ਮਸ਼ਵਰੇ ਵਾਸਤੇ ਮਿਲੋ
- ਐਕਸਪ੍ਰੈਸ ਐਂਟਰੀ, BC, PNP, LMIA, Marriage
Navneet Sharma
604-597-1119
York Centre #209-7928
128St. Surrey BC V3W 4E8

ਲੰਮੇ ਸਮੇਂ ਤੋਂ ਭਰੋਸੇ ਯੋਗ ਸੇਵਾਵਾਂ
ਡਾਲਰ ਦਾ ਸਭ ਤੋਂ ਵਧੀਆ ਰੇਟ ਲੈਣ ਲਈ ਸੰਪਰਕ ਕਰੋ
ZIRA CURRENCY EXCHANGER LTD.
ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ਬਖਸ਼ੀਸ਼ ਸਿੰਘ ਜ਼ੀਰਾ, 604-562-7000, 604-314-0000 #397-8148-128 ST. (PAYAL BUSINESS CENTRE) SURREY

So Easy
A TO Z DRIVING SCHOOL
So Easy ਲਰਨਿੰਗ ਲਾਇਸੈਂਸ
ਕਲਾਸ 1 ਤੋਂ 7 ਤੱਕ ਲਰਨਿੰਗ ਲਾਇਸੈਂਸ ਪੰਜਾਬੀ ਵਿੱਚ
ਕਾਰ, ਟਰੱਕ, ਮੋਟਰਸਾਇਕਲ ਜਾਂ ਏਅਰ ਬ੍ਰੇਕ ਦਾ ਨੋਲਿਜ਼ ਟੈਸਟ
Lucky Sekhon, 604-614-5365
ਅਸੀਂ ਲਰਨਿੰਗ ਲਾਇਸੈਂਸ ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਂਦੇ ਹਾਂ। ਇੰਗਲਿਸ਼ ਘੱਟ ਆਉਂਦੀ ਹੈ ਤਾਂ ਡਰਨ ਦੀ ਲੋੜ ਨਹੀਂ
ਅਸੀਂ ਸਿਟੀਜ਼ਨਸ਼ਿਪ ਅਤੇ NSC ਦੀ ਤਿਆਰੀ ਅਤੇ ਟੈਸਟ ਵੀ ਕਰਵਾਉਂਦੇ ਹਾਂ
#15 - 8388 128 St. Surrey ਖਾਲਸਾ ਬਿਜ਼ਨਸ ਸੈਂਟਰ, ਗ੍ਰੈਂਡ ਤਾਜ਼ ਬੈਂਕਿਊਟ ਹਾਲ ਦੇ ਹੇਠਾਂ

ਪੰਜਾਬ ਸਵੀਟ ਹਾਊਸ
ਦੋਵੇਂ ਜਗ੍ਹਾਂ ’ਤੇ ਮਿਕਸ ਮਠਿਆਈ, ਸਪੈਸ਼ਲ ਲੱਡੂ ਤੇ ਜਲੇਬੀਆਂ ਅਤੇ ਹਰ ਤਰ੍ਹਾਂ ਦੇ ਨਮਕੀਨ ਤਿਆਰ ਮਿਲਦੇ ਹਨ। ਸਭ ਲੋਕੇਸ਼ਨਾਂ ’ਤੇ ਗੁਰਦੁਆਰਾ ਸਾਹਿਬ, ਵਿਆਹ ਸ਼ਾਦੀਆਂ, ਜਨਮ ਦਿਨ ਅਤੇ ਹੋਰ ਪਾਰਟੀਆਂ ਦੀ ਕੈਟਰਿੰਗ ਲਈ ਖਾਸ ਇੰਤਜ਼ਾਮ ਤੇ ਸ਼ਪੈਸ਼ਲ ਰੇਟ
# 8A-31205-OLD YALE RD. ABBOTSFORD
Ph.: 604-504-1761 &
# 4-12818-72 Ave Surrey BC
Ph.: 604-591-7611

Sarup Singh Chandi
Ph: 604-572-5050
Residential, Commercial & Private Mortgage
BEST POSSIBLE RATE AVAILABLE
Sarup Singh Chandi
All types of life Insurance, Critical illness, Disability Insurance, Mortgage Protection
7092-125 St. Surrey

AG Aanchal Ghai Notary Corporation
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
OUR SERVICES
- Notarizations
- Real Estate Conveyancing
- Wills & Powers of Attorney
Payal Business Centre
80 ਐਵਨਿਊ ਵਾਲੇ ਪਾਸੇ
604-503-2227
Unit 151 - 12899 80th Avenue, Surrey, B.C. V3W 0E6
aanchal@ghainotary.ca | www.ghainotary.ca

A-CLASS FOREIGN EXCHANGE
ਸਿਰਫ 24 ਘੰਟਿਆਂ 'ਚ
ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ ਮਿਲੋ
ਤੁਸੀਂ ਇੰਡੀਆ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈੱਕ ਕਰੋ।
ਹਰਮੀਤ ਸਿੰਘ ਖੁੱਡੀਆਂ
604-598-2222
#117, 12888 80th AVE., SURREY

ROHITA PANNU LAW CORPORATION
Barrister & Solicitor
- ਨੋਟਰੀ ਸੇਵਾਵਾਂ - ਵਸੀਅਤਨਾਮਾ - ਤਲਾਕ ਦੇ ਮਾਮਲੇ - ਘਰਾਂ ਅਤੇ ਕੇਅਰਹੋਮਜ਼ ਵਿੱਚ ਜਾ ਕੇ ਵੀ ਦਸਤਖਤ ਕਰਵਾ ਸਕਦੇ ਹਾਂ - ਹਲਫੀਆ ਬਿਆਨ - ਘਰਾਂ ਦੀ ਖਰੀਦੋ-ਫਰੋਖਤ
#102-9278, 120th Street
Surrey, BC V3V 4E8
Ph.: 604-589-1399
Fax : 604-589-1556
www.rohitapannulaw.com

ਸਫ਼ਾ 1 ਦਾ ਬਾਕੀ

## ਕੈਨੇਡਾ ਵਿੱਚ ਪੰਜਾਬੀ ਨੌਜਵਾਨਾਂ ਦੀਆਂ...

ਵਿੱਚ ਪੰਜਾਬ ਦੇ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਪੰਡੋਰੀ ਰਣ ਸਿੰਘ ਦਾ ਰਹਿਣ ਵਾਲੇ 24 ਸਾਲਾ ਨੌਜਵਾਨ ਸਤਪਾਲ ਸਿੰਘ ਭੇਤਭਰੀ ਹਾਲਤ ਵਿੱਚ ਮ੍ਰਿਤ ਪਾਇਆ ਗਿਆ। ਸਤਪਾਲ ਦੀ ਲਾਸ਼ ਇੱਕ ਕਾਰ ਵਿੱਚ ਮਿਲੀ। ਇਸ ਮਾਮਲੇ ਨੇ ਉਸ ਦੇ ਪਰਿਵਾਰ ਤੇ ਪੂਰੇ ਪਿੰਡ ਵਿੱਚ ਸੋਗ ਦੀ ਲਹਿਰ ਦੌੜਾ ਦਿੱਤੀ ਹੈ।

ਸਤਪਾਲ ਸਿੰਘ ਢਾਈ ਸਾਲ ਪਹਿਲਾਂ ਸਟੱਡੀ ਵੀਜ਼ੇ ’ਤੇ ਕੈਨੇਡਾ ਆਇਆ ਸੀ। ਉਸ ਦੀ ਮਾਂ ਨੇ ਘਰ ਦੇ ਹਾਲਾਤਾਂ ਦਾ ਸਾਹਮਣਾ ਕਰਦੇ ਹੋਏ ਉਸ ਨੂੰ ਵਿਦੇਸ਼ ਭੇਜਿਆ ਸੀ ਤਾਂ ਕਿ ਉਹ ਪੜ੍ਹਾਈ ਪੂਰੀ ਕਰਕੇ ਆਪਣੇ ਭਵਿੱਖ ਨੂੰ ਸੰਵਾਰ ਸਕੇ। ਪੜ੍ਹਾਈ ਪੂਰੀ ਕਰਨ ਤੋਂ ਬਾਅਦ, ਸਤਪਾਲ ਨੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ।

ਸਤਪਾਲ ਸਿੰਘ ਦੀ ਮੌਤ ਦੀ ਖ਼ਬਰ ਮਿਲਣ ਨਾਲ ਪਰਿਵਾਰ ’ਤੇ ਦੁੱਖਾਂ ਦਾ ਪਹਾੜ ਡਿੱਗ ਪਿਆ ਹੈ। ਪਰਿਵਾਰ ਨੇ ਉਸ ਦੀ ਲਾਸ਼ ਨੂੰ ਭਾਰਤ ਵਾਪਸ ਲਿਆਉਣ ਲਈ ਭਾਰਤ ਸਰਕਾਰ ਤੋਂ ਮਦਦ ਦੀ ਮੰਗ ਕੀਤੀ ਹੈ। ਮ੍ਰਿਤਕ ਦੀ ਮਾਂ ਨੇ ਆਪਣੀ ਇੱਛਾ ਪ੍ਰਗਟ ਕਰਦਿਆਂ ਕਿਹਾ ਕਿ ਉਹ ਪੁੱਤਰ ਦਾ ਸਸਕਾਰ ਆਪਣੀ ਮਿੱਟੀ ’ਚ ਕਰਨਾ ਚਾਹੁੰਦੀ ਹੈ।

ਇੱਕ ਹੋਰ ਮਾਮਲੇ ‘ਚ ਬਠਿੰਡਾ ਦੇ ਪਿੰਡ ਸੰਦੋਹਾ ਦੀ 23 ਸਾਲਾ ਸੰਦੀਪ ਕੌਰ ਦੇ 15 ਜਨਵਰੀ ਤੋਂ ਭੇਦਭਰੀ ਹਾਲਤ ਵਿੱਚ ਲਾਪਤਾ ਹੋਣ ਦੇ ਮਾਮਲੇ ਨੇ ਹਰ ਪਾਸੇ ਚਰਚਾ ਜਗਾ ਦਿੱਤੀ ਹੈ। ਪਰਿਵਾਰ ਦਾ ਦਾਅਵਾ ਹੈ ਕਿ ਉਹਨਾਂ ਦੀ ਧੀ ਦੀ ਗੁੰਮਸ਼ੁਦਗੀ ਦੇ ਮਾਮਲੇ ਵਿੱਚ ਕੈਨੇਡਾ ਪੁਲਿਸ ਦੁਆਰਾ ਦਿੱਤੇ ਗਏ ਜਵਾਬਾਂ ਤੇ ਸਵਾਲ ਖੜ੍ਹੇ ਕਰਦੇ ਹੋਏ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਜਾ ਰਹੀ ਹੈ।

ਸੰਦੀਪ ਕੌਰ ਨੂੰ ਉਸ ਦੇ ਨਾਨਕਿਆਂ ਨੇ ਆਪਣੀ ਜ਼ਮੀਨ ਵੇਚ ਕੇ ਕੈਨੇਡਾ ਭੇਜਿਆ ਸੀ ਤਾਂ ਜੋ ਉਹ ਪੜ੍ਹਾਈ ਦੇ ਨਾਲ ਘਰ ਦੀ ਗਰੀਬੀ ਦੂਰ ਕਰ ਸਕੇ। ਪੜ੍ਹਾਈ ਪੂਰੀ ਕਰ ਚੁੱਕੀ ਸੰਦੀਪ ਹੁਣ ਰੁਜ਼ਗਾਰ ਦੀ ਭਾਲ ਕਰ ਰਹੀ ਸੀ। ਪਰ 15 ਜਨਵਰੀ ਤੋਂ ਸੰਦੀਪ ਨਾਲ ਸੰਪਰਕ ਬੰਦ ਹੋ ਗਿਆ। ਕੈਨੇਡਾ ਪੁਲਿਸ ਦੇ ਮੁਤਾਬਕ ਸੰਦੀਪ ਆਪਣੇ ਦੋਸਤ ਦੇ ਨਾਲ ਬੀਚ 'ਤੇ ਫੋਟੋਆਂ ਖਿਚ ਰਹੀ ਸੀ, ਜਦੋਂ ਸਮੁੰਦਰ ਦੀਆਂ ਤੇਜ਼ ਲਹਿਰਾਂ ਨੇ ਉਸਨੂੰ ਖਿੱਚ ਲਿਆ। ਪਰਿਵਾਰ ਇਸ ਮਾਮਲੇ ਨੂੰ ਸਿਰਫ਼ ਇਕ ਦੁਰਘਟਨਾ ਮੰਨਣ ਨੂੰ ਤਿਆਰ ਨਹੀਂ। ਸੰਦੀਪ ਦੇ ਪਰਿਵਾਰ ਨੇ ਦੋਸ਼ ਲਗਾਇਆ ਹੈ ਕਿ ਘਟਨਾ ਪਿੱਛੇ ਹੋਰ ਕਈ ਸੱਚਾਈਆਂ ਛੁਪੀਆਂ ਹੋ ਸਕਦੀਆਂ ਹਨ। ਉਨ੍ਹਾਂ ਦੇ ਕਹਿਣ ਅਨੁਸਾਰ ਸੰਦੀਪ ਨੇ ਕੁਝ ਸਮੇਂ ਪਹਿਲਾਂ ਆਪਣੇ ਸੋਸ਼ਲ ਮੀਡੀਆ ਅਕਾਊਂਟ ਬੰਦ ਕਰ ਦਿੱਤੇ ਸਨ ਅਤੇ ਉਹ ਘਰ ਨਾਲ ਬਹੁਤ ਘੱਟ ਗੱਲ ਕਰਦੀ ਸੀ। ਉਸ ਦੀ ਆਖਰੀ ਗੱਲਬਾਤ ਵੀ ਕਾਫੀ ਭਾਵੁਕ ਅਤੇ ਨਰਵਸ ਲੱਗ ਰਹੀ ਸੀ।

ਇਸੇ ਤਰ੍ਹਾਂ ਦੇ ਇੱਕ ਹੋਰ ਮਾਮਲੇ ‘ ਚ ਟੋਰਾਂਟੋ ਸ਼ਹਿਰ ਵਿਚ 41 ਸਾਲ ਦੇ ਭਾਰਤੀ ਨਾਗਰਿਕ ਨਰੇਸ਼ ਦੇ ਲਾਪਤਾ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਟੋਰਾਂਟੋ ਪੁਲਸ ਨੇ ਨਰੇਸ਼ ਦੀ ਭਾਲ ਦੇ ਲਈ ਲੋਕਾਂ ਤੋਂ ਸਹਿਯੋਗ ਦੀ ਅਪੀਲ ਕੀਤੀ ਹੈ। ਪੁਲਸ ਮੁਤਾਬਕ ਨਰੇਸ਼ ਨੂੰ ਆਖਰੀ ਵਾਰ 19 ਜਨਵਰੀ ਨੂੰ ਸ਼ਾਮ ਪੰਜ ਵਜੇ ਹੰਬਰ ਕਾਲਜ ਬੁਲੇਵਾਰਡ ਅਤੇ ਵੈਸਟਮੋਰ ਡਰਾਈਵ ਇਲਾਕੇ ਵਿਚ ਦੇਖਿਆ ਗਿਆ ਸੀ।

## ਹਰਮਨਦੀਪ ਕੌਰ ਦੀ ਮੌਤ ਦੇ ਮਾਮਲੇ...

ਅਟਾਰਨੀ ਜਨਰਲ ਇਹ ਸਮਝਦੇ ਹਨ ਕਿ ਇਹ ਜਨਤਕ ਹਿਤ 'ਚ ਹੈ, ਅਸੀਂ ਆਪਣੀ ਅਧਿਕਾਰਕ ਵਿਵੇਚਨਾ ਦੇ ਪਿਛੋਕੜ ਦੀ ਜਾਣਕਾਰੀ ਪ੍ਰਦਾਨ ਕਰਦੇ ਹਾਂ।"

ਹਰਮਨਦੀਪ ਕੌਰ ਦੀ ਮੌਤ ਤੋਂ ਬਾਅਦ, ਡਾਂਟੇ ਦੇ ਪਿਤਾ ਨਿਕੋਲਸ ਹੈਬਰਨ ਨੇ ਕਿਹਾ ਕਿ ਉਹ ਆਪਣੇ ਪੁੱਤਰ ਦੀ ਮਾਨਸਿਕ ਸਥਿਤੀ ਠੀਕ ਲਈ ਅਤੇ ਮਾਨਸਿਕ ਸਿਹਤ ਲਈ ਉਨ੍ਹਾਂ ਦਾ ਪਰਿਵਾਰ ਗੰਭੀਰ ਚਿੰਤਾ ਵਿੱਚ ਹੈ। ਹੈਬਰਨ ਨੇ ਕਿਹਾ ਉਸਨੇ ਕਦੇ ਸੋਚਿਆ ਨਹੀਂ ਸੀ ਕਿ ਉਹ ਕਿਸੇ ਹੋਰ ਨੂੰ ਨੁਕਸਾਨ ਪਹੁੰਚਾਵੇਗਾ।

ਹੈਬਰਨ ਨੇ ਇਹ ਵੀ ਦੱਸਿਆ ਕਿ ਉਹ ਅਤੇ ਉਸਦਾ ਪੁੱਤਰ ਦੋਵੇਂ ਯੂਬੀਸੀ ਓਕਾਨਾਗਨ ਕੈਂਪਸ 'ਤੇ ਕੰਮ ਕਰਦੇ ਸਨ। "ਹਰਮਨਦੀਪ ਸਾਡੇ ਲਈ ਇੱਕ ਦੋਸਤ ਵਾਂਗ ਸੀ। ਉਹ ਡਾਂਟੇ ਦੀ ਮਨਪਸੰਦ ਸੁਰੱਖਿਆ ਕਰਮਚਾਰੀ ਵੀ ਸੀ ਅਤੇ ਇਸ ਘਟਨਾ ਨੇ ਉਨ੍ਹਾਂ ਦੇ ਪਰਿਵਾਰ ਨੂੰ ਵੀ ਝੰਝੋੜ ਕੇ ਰੱਖ ਦਿੱਤਾ ਹੈ।

ਹਰਮਨਦੀਪ ਕੌਰ ਦੇ ਪਰਿਵਾਰਕ ਮੈਂਬਰ ਕੁਲਜੀਤ ਪਾਬਲਾ ਨੇ ਕਿਹਾ ਦੱਸਿਆ ਕਿ ਉਸ ਨੂੰ ਅੱਜ ਵੀ ਇੱਕ ਦਇਆਲੂ ਅਤੇ ਸਹਿਯੋਗੀ ਦੇ ਰੂਪ ਵਿੱਚ ਯਾਦ ਕੀਤਾ ਜਾ ਰਿਹਾ ਹੈ। ਉਹ ਯੂਬੀਸੀ ਓਕਾਨਾਗਨ 'ਚ ਵਿਦਿਆਰਥੀ ਬਣ ਕੇ ਪੈਰਾਮੈਡੀਕ ਬਣਨ ਦਾ ਸੁਪਨਾ ਦੇਖਦੀ ਸੀ।

ਡਾਂਟੇ ਓਗਨੀਬੀਨ-ਹੈਬਰਨ ਮਾਨਹੱਤਾ ਕਤਲ ਦੇ ਦੋਸ਼ ਲਈ 13 ਮਈ ਨੂੰ ਦੋਸ਼ ਆਇਦ ਹੋਣਗੇ। ਸਜ਼ਾ ਸੁਣਾਈ ਜਾਣ ਦੀ ਕਾਰਵਾਈ 14 ਮਈ ਤੱਕ ਚੱਲਣ ਦੀ ਉਮੀਦ ਹੈ। ਜ਼ਿਕਰਯੋਗ ਹੈ ਕਿ ਇਸ ਮਾਮਲੇ ਨੇ ਕਾਨੂੰਨੀ ਪ੍ਰਕਿਰਿਆ ਅਤੇ ਮਾਨਸਿਕ ਸਿਹਤ ਦੇ ਮਾਮਲੇ 'ਤੇ ਵਿਅਕਤੀਗਤ ਜ਼ਿੰਮੇਵਾਰੀ ਦੇ ਸਵਾਲ ਖੜੇ ਕੀਤੇ ਹਨ। ਹਰਮਨਦੀਪ ਕੌਰ ਦੀ ਮੌਤ ਸਿਰਫ ਉਸ ਦੇ ਪਰਿਵਾਰ ਲਈ ਨਹੀਂ, ਸਗੋਂ ਹਰ ਭਾਈਚਾਰੇ ਲਈ ਇੱਕ ਵੱਡਾ ਸਵਾਲ ਬਣ ਕੇ ਉਭਰੀ ਹੈ।

# ਇਮੀਗ੍ਰੇਸ਼ਨ ਘਟਨ ਦੇ ਬਾਵਜੂਦ ਕੈਨੇਡਾ ਦੀ ਆਬਾਦੀ ਵਿੱਚ ਵਾਧਾ ਜਾਰੀ ਰਹੇਗਾ: ਰਿਪੋਰਟ

**ਸਰੀ, (ਏਕਜੋਤ ਸਿੰਘ):** ਭਾਵੇਂ ਕਿ ਫੈਡਰਲ ਸਰਕਾਰ ਨੇ ਹਾਲ ਹੀ ਵਿੱਚ ਇਮੀਗ੍ਰੇਸ਼ਨ ਦਰਾਂ ਨੂੰ ਘਟਾਉਣ ਦਾ ਫੈਸਲਾ ਕੀਤਾ ਹੈ ਪਰ ਕੈਨੇਡਾ ਦੀ ਆਬਾਦੀ ਵਧੇਗੀ, ਇੱਕ ਨਵੀਂ ਰਿਪੋਰਟ ਮੁਤਾਬਕ, ਕੈਨੇਡਾ ਦੀ ਆਬਾਦੀ ਲਈ ਪ੍ਰੋਜੈਕਸ਼ਨ ਦਰਸਾਉਂਦੇ ਹਨ ਕਿ ਇਮੀਗ੍ਰੇਸ਼ਨ ਰੇਟ ਘਟਣ ਦੇ ਬਾਵਜੂਦ, ਭਵਿੱਖ ਵਿੱਚ ਆਬਾਦੀ ਵਿੱਚ ਵਾਧਾ ਹੋਵੇਗਾ। ਸਟੈਟਿਸਟਿਕਸ ਕੈਨੇਡਾ ਨੇ ਮੰਗਲਵਾਰ ਨੂੰ ਨਵੇਂ ਆਂਕੜੇ ਜਾਰੀ ਕੀਤੇ, ਜੋ ਇਹ ਦਰਸਾਉਂਦੇ ਹਨ ਕਿ ਅਕਤੂਬਰ ਵਿੱਚ ਓਟਾਵਾ ਵਲੋਂ ਪਰਮਾਨੈਂਟ ਰਿਹਾਇਸ਼ੀਆਂ ਦੀ ਗਿਣਤੀ 2025 ਤੱਕ 21 ਫ਼ੀਸਦੀ ਘਟਾਉਣ ਦੇ ਫੈਸਲੇ ਦਾ ਪ੍ਰਭਾਵ ਕਿਵੇਂ ਪਵੇਗਾ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਸੀ ਕਿ ਇਹ ਫੈਸਲਾ ਆਰਥਿਕ ਦਬਾਵਾਂ, ਜਿਵੇਂ ਕਿ ਹਾਊਸਿੰਗ ਅਤੇ ਆਧਾਰਭੂਤ ਢਾਂਚੇ ਦੀ ਸਮੱਸਿਆ ਨੂੰ ਹੱਲ ਕਰਨ ਲਈ ਲਿਆ ਗਿਆ ਹੈ। ਅਜਿਹੇ ਹਾਲਾਤਾਂ ਵਿੱਚ, ਜਦੋਂ ਪਰਮਾਨੈਂਟ ਅਤੇ ਗੈਰ-ਪਰਮਾਨੈਂਟ ਰਿਹਾਇਸ਼ੀਆਂ ਦੀ ਗਿਣਤੀ ਘਟੇਗੀ, ਤਦ ਕੈਨੇਡਾ ਦੀ ਆਬਾਦੀ ਵਿੱਚ ਵਾਧਾ 2022 ਅਤੇ 2023 ਦੇ ਮਕਾਬਲੇ ਕਾਫ਼ੀ ਘਟ ਜਾਵੇਗਾ। ਰਿਪੋਰਟ ਦੇ ਮੁਤਾਬਕ, 2025 ਤੋਂ 2026 ਤੱਕ ਆਬਾਦੀ ਹੌਲੀ ਹੌਲੀ ਘਟ ਸਕਦੀ ਹੈ। ਇਸ ਦੇ ਬਾਵਜੂਦ, ਸਟੈਟਿਸਟਿਕਸ ਕੈਨੇਡਾ ਨੇ ਕਿਹਾ ਕਿ ਲੰਬੇ ਸਮੇਂ ਦੇ ਦੌਰਾਨ, ਮਾਈਗ੍ਰੇਸ਼ਨ ਹੀ ਆਬਾਦੀ ਦੇ ਵਾਧੇ ਦਾ ਪ੍ਰਮੁੱਖ ਕਾਰਕ ਬਣੇਗਾ। ਰਿਪੋਰਟ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ 2024 ਤੋਂ 2049 ਤੱਕ ਹਰ ਸੂਬੇ ਅਤੇ ਖੇਤਰ ਦੀ ਆਬਾਦੀ ਕਿਵੇਂ ਬਦਲ ਸਕਦੀ ਹੈ। ਇਸਦੇ ਲਈ ਇਮੀਗ੍ਰੇਸ਼ਨ ਪਾਲਿਸੀ ਦੇ ਬਦਲਾਅ, ਜਨਮਦਰ, ਮੌਤ ਦਰ, ਅਤੇ ਅੰਤਰਰਾਸ਼ਟਰੀ ਅਤੇ ਅੰਤਰ-ਸੂਬਾਈ ਮਾਈਗ੍ਰੇਸ਼ਨ ਰੇਟਾਂ ਨੂੰ ਧਿਆਨ ਵਿੱਚ ਰੱਖਿਆ ਗਿਆ। ਰਿਪੋਰਟ ਮੁਤਾਬਕ, ਨਿਊਫਾਉਂਡਲੈਂਡ ਅਤੇ ਲਾਬਰੇਡਾਰ ਨੂੰ ਛੱਡ ਕੇ, ਮੈਰੀਟਾਈਮ ਪ੍ਰਾਂਤਾਂ ਵਿੱਚ ਆਬਾਦੀ ਵਿੱਚ ਵਾਧੇ ਦੇ ਆਸਾਰ ਹਨ। ਜੇਕਰ ਹਾਈ-ਗ੍ਰੋਥ ਸਿਨਾਰੀਓ ਰਿਹਾ, ਤਾਂ ਨਿਊਫਾਉਂਡਲੈਂਡ ਦੀ ਆਬਾਦੀ 1.1% ਵਧ ਸਕਦੀ ਹੈ। ਪਰ, ਲੋ-ਗ੍ਰੋਥ ਸਿਨਾਰੀਓ ਵਿੱਚ ਇਹ 16.1% ਘਟ ਸਕਦੀ ਹੈ। ਕਿਊਬੈਕ ਦੀ ਆਬਾਦੀ ਲੋ-ਗ੍ਰੋਥ ਸਿਨਾਰੀਓ ਵਿੱਚ 3% ਘਟ ਸਕਦੀ ਹੈ। ਮੀਡੀਅਮ ਅਤੇ ਹਾਈ-ਗ੍ਰੋਥ ਸਿਨਾਰੀਓਜ਼ ਵਿੱਚ ਕਿਊਬੈਕ ਦੀ ਆਬਾਦੀ ਵਿੱਚ ਕ੍ਰਮਵਾਰ 7.4% ਅਤੇ 19.8% ਵਾਧੇ ਦੇ ਆਸਾਰ ਹਨ। ਦੂਜੇ ਪਾਸੇ, ਓਨਟਾਰੀਓ ਵਿੱਚ ਸਾਰੇ ਸਿਨਾਰੀਓਜ਼ ਵਿੱਚ ਵਾਧਾ ਹੋਵੇਗਾ। ਇਸ ਸੂਬੇ ਦੀ ਆਬਾਦੀ 5.7% ਤੋਂ 38.7% ਤੱਕ ਵਧ ਸਕਦੀ ਹੈ। ਮੈਨੀਟੋਬਾ, ਜਿਸਦੀ ਆਬਾਦੀ 2024 ਵਿੱਚ 1.49 ਮਿਲੀਅਨ ਸੀ, ਸਾਰੇ ਸਿਨਾਰੀਓਜ਼ ਵਿੱਚ ਵਧੇਗੀ। ਸਸਕਾਚੂਵਾਨ ਵਿੱਚ ਵੀ 6.3% ਤੋਂ 38.9% ਤੱਕ ਵਾਧੇ ਦੇ ਆਸਾਰ ਹਨ। ਅਲਬਰਟਾ ਵਿੱਚ ਸਭ ਤੋਂ ਵੱਧ ਵਾਧੇ ਦੇ ਆਸਾਰ ਹਨ। 2024 ਵਿੱਚ ਇਸਦੀ ਆਬਾਦੀ 4.88 ਮਿਲੀਅਨ ਸੀ, ਜੋ 2049 ਤੱਕ 24.9% ਤੋਂ 56.1% ਤੱਕ ਵਧ ਸਕਦੀ ਹੈ। ਬ੍ਰਿਟਿਸ਼ ਕੋਲੰਬੀਆ ਵਿੱਚ 6.7% ਤੋਂ 39.9% ਤੱਕ ਵਾਧੇ ਦਾ ਅਨੁਮਾਨ ਹੈ। This report was written by Ekjot Singh as part of the Local Journalism Initiative.

## ਸ਼ੋਕ ਸਮਾਚਾਰ

ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ ॥ ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ ॥੧॥



ਆਪ ਜੀ ਨੂੰ ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਜੀ ਕਿ
ਸਾਡੇ ਬਹੁਤ ਹੀ ਸਤਿਕਾਰਯੋਗ

**ਸਰਦਾਰ ਤਰਸੇਮ ਸਿੰਘ ਬੁੱਟਰ**

ਵਾਹਿਗੁਰੂ ਵੱਲੋਂ ਬਖ਼ਸ਼ੀ ਸਵਾਸਾਂ ਦੀ ਪੂੰਜੀ ਪੂਰੀ ਕਰ ਜਨਵਰੀ 22, 2025
ਨੂੰ ਗੁਰੂ ਚਰਨਾਂ ਵਿੱਚ ਜਾ ਨਵਾਜੇ ਹਨ।
ਸਰਦਾਰ ਤਰਸੇਮ ਸਿੰਘ ਬੁੱਟਰ ਦੀ ਦੇਹ ਦਾ

**ਅੰਤਮ ਸੰਸਕਾਰ**

26 ਜਨਵਰੀ ਦਿਨ ਐਤਵਾਰ ਸਵੇਰੇ 3:00 ਵਜੇ

**Fraser River Funeral Home 2061 Riverside Rd. Abbotsford**

ਵਿਖੇ ਹੋਵੇਗਾ ਜੀ, ਉਪਰੰਤ

**ਸਹਿਤ ਪਾਠ ਦੇ ਭੋਗ**

ਗੁਰਦਵਾਰਾ ਕਲਗੀਧਰ ਦਰਬਾਰ ਸਾਹਿਬ ਐਬਟਸਫੋਰਡ ਵਿਖੇ ਪਾਏ ਜਾਣਗੇ।

ਪਰਿਵਾਰ ਨਾਲ ਦੁੱਖ ਸਾਂਝਾ ਜਾਂ ਹੋਰ ਜਾਣਕਾਰੀ ਲਈ ਫ਼ੋਨ ਕਰ ਸਕਦੇ ਹੋ ਜੀ

**ਹਰਬੰਸ ਸਿੰਘ ਧੂਰ, 778-246-3262**

# ਸਟਾਰ ਅਲਾਇੰਸ ਏਅਰ ਲਾਈਨਜ਼ ਦੇ ਇੰਡੀਗੋ ਜਹਾਜ਼ ’ਚ ਮਿਲੇ ਘਟੀਆ ਖਾਣੇ ਤੋਂ ਯਾਤਰੀ ਪ੍ਰੇਸ਼ਾਨ ਹੋਏ

### • ਨਹੀਂ ਮਿਲਿਆ ਪਾਣੀ ਅਤੇ ਵਧੀਆ ਬਰਤਨਾਂ ’ਚ ਖਾਣਾ

### • ਯਾਤਰੀਆਂ ਨਾਲ ਮਾੜੇ ਵਿਵਹਾਰ ਦੀਆਂ ਵੀ ਖਬਰਾਂ

**ਵੈਨਕੂਵਰ, (ਬਰਾੜ-ਭਗਤਾ ਭਾਈ ਕਾ)** ਸਟਾਰ ਅਲਾਇੰਸ ਏਅਰ ਲਾਈਨਜ਼ ਦੇ ਜਹਾਜ਼ ਇੰਡੀਗੋ ਰਾਹੀਂ ਕੈਨੇਡਾ ਤੋਂ ਆਪਣੇ ਵਤਨ ਪੰਜਾਬ ਪਹੁੰਚੇ ਯਾਤਰੀਆਂ ਨਾਲ ਜਹਾਜ਼ ‘ਚ ਵਧੀਆ ਸਲੂਕ ਨਾ ਹੋਣਾ ਅਤੇ ਨਾ ਹੀ ਚੰਗੀਆਂ ਸੇਵਾਵਾਂ ਮਿਲਣ ਕਾਰਨ ਯਾਤਰੀਆਂ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।



ਕੈਨੇਡਾ ਤੋਂ ਦਿੱਲੀ ਪਹੁੰਚੇ ਯਾਤਰੀਆਂ ਵੱਲੋਂ ਦੱਸਿਆ ਗਿਆ ਕਿ ਉਹ ਵੈਨਕੂਵਰ ਤੋਂ ਤਰਕਿਸ਼ ਏਅਰ ਲਾਈਨਜ਼ ਦੇ ਜਹਾਜ਼ ਰਾਹੀਂ ਇਸਤਾਨਬੁਲ (ਤੁਰਕੀ) ਪਹੁੰਚੇ ਜਿੱਥੇ ਕੁਝ ਸਮਾਂ ਠਹਿਰਨ ਪਿੱਛੋਂ ਸਟਾਰ ਅਲਾਇੰਸ ਏਅਰ ਲਾਈਨਜ਼ ਦੇ ਇੰਡੀਗੋ ਜਹਾਜ਼ ਰਾਹੀਂ ਦਿੱਲੀ ਨੂੰ ਚੱਲ ਪਏ। ਪਹਿਲੀ ਉਡਾਣ ਵਿੱਚ ਸਾਰੀਆਂ ਸੇਵਾਵਾਂ ਬਹੁਤ ਵਧੀਆਂ ਦਿੱਤੀਆਂ ਗਈਆਂ ਦੱਸੀਆਂ ਗਈਆਂ ਪਰ ਇੰਡੀਗੋ ਜਹਾਜ਼ ਦੀ ਦੂਜੀ ਉਡਾਣ ਵਿੱਚ ਵਧੀਆ ਸੇਵਾਵਾਂ ਨਾ ਮਿਲਣ ਕਰਕੇ ਯਾਤਰੀਆਂ ਨੂੰ ਸਫ਼ਰ ਦੌਰਾਨ ਮੁਸ਼ਕਲਾਂ ਦਾ ਕਾਫ਼ੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।

ਗੱਤੇ ਦੇ ਡੱਬਿਆਂ ਨੁਮੀ ਟਰੇਅ ‘ਚ ਭੋਜਨ ਦਿੱਤਾ ਗਿਆ ਜੋ ਕਿ ਪੂਰਾ ਖਾਣ ਜੋਗਾ ਵੀ ਨਹੀਂ ਸੀ। ਛੋਟੀਆਂ ਛੋਟੀਆਂ ਕੌਲੀਆਂ ‘ਚ ਨਾ ਮਾਤਰ ਖਾਣਾ ਦਿੱਤਾ ਗਿਆ ਅਤੇ ਨਾਲ ਲੱਕੜ ਦੇ ਚਮਚਿਆਂ ਸਮੇਤ ਘਟੀਆ ਬਰਤਨਾਂ ‘ਚ ਇਹ ਖਾਣਾ ਪਰੋਸਿਆ ਗਿਆ। ਨਾ ਮਾਤਰ ਦਿੱਤੀ ਗਈ ਚਾਹ ਵੀ ਠੰਢੀ ਦੱਸੀ ਜਾ ਰਹੀ ਹੈ। ਇੱਕ ਵਾਰ ਪਾਣੀ ਦੇਣ ਪਿੱਛੋਂ ਜਦੋਂ ਦੋਬਾਰਾ ਪਾਣੀ ਦੀ ਮੰਗ ਕੀਤੀ ਗਈ ਤਾਂ ਏਅਰ ਹੋਸਟ ਮੁੜ ਯਾਤਰੀਆਂ ਦੇ ਸਾਹਮਣੇ ਹੀ ਨਹੀਂ ਆਈਆਂ, ਕੀ ਜਹਾਜ਼ ‘ਚ ਪਾਣੀ ਵੀ ਖ਼ਤਮ ਹੋ ਗਿਆ ਸੀ? ਦੋਬਾਰਾ ਮੰਗੀ ਗਈ ਚਾਹ ਬਾਰੇ ਕਿਹਾ ਗਿਆ ਕਿ ਜੇ ਕਰ ਦੋਬਾਰਾ ਚਾਹ ਲੈਣੀ ਹੈ ਤਾਂ ਇੱਕ ਕੱਪ ਦੀ ਕੀਮਤ 200 ਰੁਪਏ ਅਦਾ ਕਰਨੀ ਪਵੇਗੀ। ਮਹਿੰਗੀਆਂ ਟਿਕਟਾਂ ਖ਼ਰੀਦਣ ਦੇ ਬਾਵਜੂਦ ਵੀ ਜਹਾਜ਼ਾਂ ਵਿੱਚ ਘਟੀਆ ਜਾਂ ਫਿਰ ਪੂਰਾ ਖਾਣ ਜੋਗਾ ਖਾਣਾ ਨਾ ਦਿੱਤਾ ਜਾਣਾ ਯਾਤਰੀਆਂ ਨਾਲ ਇੱਕ ਤਰਾਂ ਦਾ ਧੋਖਾ ਹੈ। ਏਥੋਂ ਤਕ ਕਿ ਸੀਟਾਂ ਦੀ ਢੋਅ ਵਾਲੀਆਂ ਗੱਦੀਆਂ ਅਤੇ ਦਿੱਤੇ ਜਾਂਦੇ ਛੋਟੇ ਕੰਬਲ ਵੀਰ ਨਹੀਂ ਸਨ ਦਿੱਤੇ ਗਏ। ਇੰਡੀਗੋ ਦੇ ਇਸ ਜਹਾਜ਼ ਵਿੱਚ ਯਾਤਰੀਆਂ ਨੂੰ ਇਹ ਵੀ ਨਹੀਂ ਦੱਸਿਆ ਗਿਆ ਕਿ ਦਿੱਲੀ ਹਵਾਈ ਅੱਡੇ ‘ਤੇ ਉੱਤਰਨ ਸਮੇਂ ਇੱਕ ਫਾਰਮ ਵੀ ਭਰਕੇ ਦੇਣਾ ਪਵੇਗਾ ਜਿਸ ਵਿੱਚ ਯਾਤਰੀਆਂ ਦੀ ਸ਼ਨਾਖ਼ਤ ਅਤੇ ਉਸ ਦੇ ਪੂਰੇ ਪਤੇ ਸਮੇਤ ਫਲਾਈਟ ਨੰਬਰ ਅਤੇ ਫਲਾਈਟ ਦਾ ਸਮਾਂ ਵੀ ਦਰਜ ਹੋਣਾ ਜਰੂਰੀ ਦੱਸਿਆ ਜਾਵੇ। ਜਹਾਜ਼ ਵਿੱਚ ਤਕਰੀਬਨ ਸਾਰੀਆਂ ਏਅਰ ਹੋਸਟਾਂ ਪੰਜਾਬੀ ਹੀ ਦੱਸੀਆਂ ਗਈਆਂ ਹਨ। ਜਹਾਜ਼ ਵਿੱਚ ਸਫ਼ਰ ਕਰਨ ਬਾਰੇ ਵੀ ਕੋਈ ਬਹੁਤੀ ਜਾਣਕਾਰੀ ਨਹੀਂ ਦੱਸੀ ਗਈ ਕਿ ਉਨ੍ਹਾਂ ਨੇ ਸਫ਼ਰ ਕਰਨ ਸਮੇਂ ਕਿਹੜੀਆਂ ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ

# ਕੈਨੇਡਾ ਦੇ ਵੱਖ-ਵੱਖ ਸੂਬੇ ਦੀਆਂ ਸਰਕਾਰਾਂ ਵਲੋਂ ਦੇਸੀ ਚੀਜ਼ਾਂ ਖਰੀਦਣ ਦਾ ਸੱਦਾ



ਸਰੀ, (ਏਕਜੋਤ ਸਿੰਘ): ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਸੂਬਿਆਂ ਦੇ ਪ੍ਰੀਮੀਅਰਜ਼ ਵੱਲੋਂ ਅਮਰੀਕਾ ਨਾਲ ਵਪਾਰਕ ਜੰਗ ਦੀ ਤਿਆਰੀ ਦੇ ਹਿਸੇ ਵਜੋਂ ਮੁਲਕ ਦੇ ਲੋਕਾਂ ਨੂੰ ਸਿਰਫ਼ ਦੇਸੀ ਚੀਜ਼ਾਂ ਖਰੀਦਣ ਦੀ ਅਪੀਲ ਕੀਤੀ ਗਈ ਹੈ। ਬੁੱਧਵਾਰ ਨੂੰ ਹੋਈ ਕੌਂਸਲ ਆਫ਼ ਫੈਡਰੇਸ਼ਨ ਦੀ ਮੀਟਿੰਗ ਦੌਰਾਨ ਇਹ ਮੰਨਿਆ ਗਿਆ ਕਿ ਅਮਰੀਕਾ ਵੱਲੋਂ ਲਾਗੂ ਕੀਤੇ ਟਰੰਪ ਟੈਕਸ ਦੇ ਹੱਲ ਵਜੋਂ ਦੇਸ਼ੀ ਉਤਪਾਦਾਂ ਦੀ ਖਪਤ ਵਧਾਉਣ ਦੀ ਲੋੜ ਹੈ।

ਉਨਟਾਰੀਓ ਦੇ ਪ੍ਰੀਮੀਅਰ ਡਗ ਫੋਰਡ, ਜੋ ਕਿ ਮੌਜੂਦਾ ਕੌਂਸਲ ਆਫ਼ ਫੈਡਰੇਸ਼ਨ ਦੇ ਮੁਖੀ ਹਨ, ਨੇ ਕਿਹਾ ਕਿ ਕੈਨੇਡਾ ਵੱਲੋਂ ਅਮਰੀਕਾ ਦੇ ਟਰੰਪ ਟੈਕਸ ਨੂੰ ਤਿੱਖਾ ਜਵਾਬ ਦੇਣਾ ਲਾਜ਼ਮੀ ਹੈ। ਉਨ੍ਹਾਂ ਨੇ ਕਿਹਾ ਕਿ ਅਮਰੀਕਾ ਵਾਸੀਆਂ ਲਈ ਸੇਕ ਪੈਦਾ ਕਰਨ ਵਾਲੇ ਕਦਮ ਲੈਣ ਦੀ ਲੋੜ ਹੈ, ਕਿਉਂਕਿ ਰਿਪਬਲਿਕਨ ਪਾਰਟੀ ਅਮਰੀਕੀ ਸੰਸਦ ਅਤੇ ਕਈ ਰਾਜਾਂ ਵਿਚ ਵੱਡੇ ਪੱਧਰ 'ਤੇ ਪ੍ਰਭਾਵਸ਼ਾਲੀ ਹੈ। ਡਗ ਫੋਰਡ ਨੇ ਘਰੇਲੂ ਪੱਧਰ 'ਤੇ ਦੇਸੀ ਉਤਪਾਦਾਂ ਦੀ ਵਰਤੋਂ ਵਧਾਉਣ ਦੇ ਹੱਕ ਵਿਚ ਮੁਹਿੰਮ ਦੀ ਸ਼ੁਰੂਆਤ ਕਰਨ ਦਾ ਸੁਝਾਅ ਦਿੱਤਾ।

ਮੀਟਿੰਗ ਦੌਰਾਨ ਇਹ ਵੀ ਵਿਚਾਰਿਆ ਗਿਆ ਕਿ ਅਮਰੀਕਾ ਵੱਲੋਂ ਲਗਾਏ ਗਏ ਟਰੰਪ ਟੈਕਸ ਦੇ ਜੁਆਬ ਵਜੋਂ ਕੈਨੇਡਾ ਵੱਲੋਂ ਵੀ ਅਮਰੀਕੀ ਉਤਪਾਦਾਂ 'ਤੇ ਬਰਾਬਰ ਦਾ ਟੈਕਸ ਲਗਾਇਆ ਜਾਵੇ। ਹਾਲਾਂਕਿ, ਸਸਕੈਚਵਨ ਦੇ ਪ੍ਰੀਮੀਅਰ ਸਕੌਟ ਮੋਅ ਨੇ ਇਸੇ ਵਿਚਾਰ ਦੇ ਵਿਰੋਧ ਵਿੱਚ ਕਿਹਾ ਕਿ ਅਮਰੀਕਾ ਦੇ ਉਤਪਾਦਾਂ 'ਤੇ ਐਕਸਪੋਰਟ ਟੈਕਸ ਲਗਾਉਣ ਨਾਲ ਮੁਲਕ ਦੇ ਵਪਾਰਕ ਹਿਤਾਂ ਨੂੰ ਨੁਕਸਾਨ ਹੋ ਸਕਦਾ ਹੈ। ਇਸਦੇ ਉਲਟ ਅਲਬਰਟਾ ਦੀ ਪ੍ਰੀਮੀਅਰ ਡੈਨੀਅਲ ਸਮਿਥ ਨੇ ਅਮਰੀਕਾ ਵਿਰੁੱਧ ਟਰੰਪ ਟੈਕਸ ਜਿਹੇ ਕਦਮ ਲੈਣ ਦੇ ਹੱਕ ਵਿਚ ਆਪਣੀ ਰਾਏ ਦਿੱਤੀ।

ਡਗ ਫੋਰਡ ਨੇ ਮੁਲਕ ਦੇ ਢਾਂਚਾਗਤ ਪ੍ਰੋਜੈਕਟਾਂ ਦੀ ਅਹਿਮੀਅਤ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਨੇ ਕਿਹਾ ਕਿ ਸੈਂਟਰਲ ਕੈਨੇਡਾ ਤੋਂ ਉਨਟਾਰੀਓ ਆਉਣ ਵਾਲੀ ਤੇਲ ਪਾਈਪਲਾਈਨ ਅਤੇ ਬ੍ਰਿਟਿਸ਼ ਕੋਲੰਬੀਆ ਰਾਹੀਂ ਨੌਰਦਨ ਗੇਟਵੇ ਪ੍ਰੋਜੈਕਟ ਵਰਗੇ ਯੋਜਨਾਵਾਂ ਨੂੰ ਤੇਜ਼ੀ ਨਾਲ ਅੱਗੇ ਵਧਾਇਆ ਜਾਵੇ ਤਾਂ ਕੈਨੇਡਾ ਦੀ ਅਮਰੀਕਾ 'ਤੇ ਨਿਰਭਰਤਾ ਘਟ ਸਕਦੀ ਹੈ।

ਨੋਵਾ ਸਕੋਸ਼ੀਆ ਦੇ ਪ੍ਰੀਮੀਅਰ ਟਿਮ ਹਿਊਸਟਨ ਨੇ ਅਮਰੀਕਾ ਦੇ ਟਰੰਪ ਟੈਕਸ ਦੇ ਸੰਭਾਵਿਤ ਪ੍ਰਭਾਵਾਂ ਬਾਰੇ ਬੋਲਦੇ ਹੋਏ ਕਿਹਾ ਕਿਹਾ ਕਿ ਕੈਨੇਡਾ ਦੇ ਵਪਾਰ ਵਿੱਚ ਰੁਕਾਵਟਾਂ ਨੂੰ ਹਟਾਉਣ ਦੀ ਲੋੜ ਹੈ। ਉਹਨਾਂ ਇੱਕ ਮੈਡੀਕਲ ਡਿਵਾਈਸ ਬਣਾਉਣ ਵਾਲੀ ਕੰਪਨੀ ਦੀ ਮਿਸਾਲ ਦਿੰਦੇ ਹੋਏ ਕਿਹਾ ਕਿ ਇਹ ਕੰਪਨੀ ਸਿਰਫ ਅਮਰੀਕਾ ਨੂੰ ਆਪਣੇ ਉਤਪਾਦ ਵੇਚਦੀ ਹੈ ਕਿਉਂਕਿ ਕੈਨੇਡੀਅਨ ਰਾਜਾਂ ਵਿੱਚ ਮੈਡੀਕਲ ਉਪਕਰਣਾਂ ਨੂੰ ਵੇਚਣ ਲਈ ਵੱਖ-ਵੱਖ ਸਪੱਸ਼ਟੀਕਰਨ ਦੀ ਲੋੜ ਹੁੰਦੀ ਹੈ। ਹਾਲਾਂਕਿ ਕੁਝ ਪ੍ਰੀਮੀਅਰਜ਼ ਨੇ ਅਮਰੀਕਾ ਨਾਲ ਵਪਾਰਕ ਰਿਸ਼ਤਿਆਂ ਨੂੰ ਮਜ਼ਬੂਤ ਬਣਾਈ ਰੱਖਣ ਦੀ ਹਿਮਾਇਤ ਕੀਤੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਵਪਾਰਕ ਜੰਗ ਦਾ ਪ੍ਰਭਾਵ ਦੋਵਾਂ ਦੇਸ਼ਾਂ ਲਈ ਹਾਨੀਕਾਰਕ ਹੋ ਸਕਦਾ ਹੈ। This report was written by Ekjot Singh as part of the Local Journalism Initiative.

# ਰੂਬੀ ਢੱਲਾ ਲਿਬਰਲ ਪਾਰਟੀ ਲੀਡਰਸ਼ਿਪ ਦੀ ਦੌੜ ਵਿੱਚ ਸ਼ਾਮਲ

ਔਟਵਾ : ਕਰੀਬ ਇਕ ਦਹਾਕੇ ਪਹਿਲਾਂ ਸਿਆਸਤ ਤੋਂ ਅਲਵਿਦਾ ਕਹਿ ਚੁੱਕੀ ਸਾਬਕਾ ਲਿਬਰਲ ਐਮਪੀ ਰੂਬੀ ਢੱਲਾ ਨੇ ਫਿਰ ਤੋਂ ਸਿਆਸੀ ਮੈਦਾਨ ਵਿੱਚ ਪਰਤਦਿਆਂ ਲਿਬਰਲ ਪਾਰਟੀ ਦੀ ਲੀਡਰਸ਼ਿਪ ਦੀ ਦੌੜ ਵਿੱਚ ਹਿੱਸਾ ਲੈਣ ਦਾ ਐਲਾਨ ਕੀਤਾ ਹੈ। ਰੂਬੀ ਢੱਲਾ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਆਪਣੀ ਮੁਹਿੰਮ ਦੀਆਂ ਤਸਵੀਰਾਂ ਸਾਂਝੀਆਂ ਕਰਦਿਆਂ ਇਸ ਦੀ ਪੁਸ਼ਟੀ ਕੀਤੀ।

ਇਸ ਸਬੰਧੀ ਬੁੱਧਵਾਰ ਸਵੇਰੇ ਦਿੱਤੀ ਗਈ ਇਕ ਇੰਟਰਵਿਊ ਵਿੱਚ ਢੱਲਾ ਨੇ ਕਿਹਾ ਕਿ ਉਨ੍ਹਾਂ ਦਾ ਮਕਸਦ ਕੈਨੇਡਾ ਵਿੱਚ ਵਿਭਿੰਨਤਾ ਨੂੰ ਅੱਗੇ ਲਿਆਉਣਾ ਹੈ। ਢੱਲਾ ਨੇ ਕਿਹਾ, "ਕੈਨੇਡਾ ਨੂੰ ਅਜਿਹੇ ਲੀਡਰ ਦੀ ਲੋੜ ਹੈ ਜੋ ਹਰ ਵਰਗ ਦੀ ਨੁਮਾਇੰਦਗੀ ਕਰ ਸਕੇ ਅਤੇ ਕੈਨੇਡਾ ਦੇ ਅੰਤਰਰਾਸ਼ਟਰੀ ਵੱਕਾਰ ਨੂੰ ਮੁੜ ਤੋਂ ਬਹਾਲ ਕਰ ਸਕੇ।" ਉਨ੍ਹਾਂ ਅੱਗੇ ਕਿਹਾ ਕਿ ਦੇਸ਼ ਦੀ ਆਰਥਿਕਤਾ ਨੂੰ ਸਹੀ ਪਟੜੀ 'ਤੇ ਲਿਆਉਣ ਲਈ ਉਹ ਪੂਰੀ ਤਰ੍ਹਾਂ ਸਮਰੱਥ ਹਨ।



ਦੱਸਣਯੋਗ ਹੈ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਅਸਤੀਫ਼ੇ ਦਾ ਐਲਾਨ ਕੀਤਾ ਹੈ, ਜਿਸ ਕਾਰਨ ਲਿਬਰਲ ਪਾਰਟੀ ਦੇ ਨਵੇਂ ਲੀਡਰ ਦੀ ਚੋਣ ਲਈ ਮੁਕਾਬਲਾ ਹੋ ਰਿਹਾ ਹੈ। ਜਿੱਤਣ ਵਾਲਾ ਲੀਡਰ ਪਾਰਟੀ ਦੀ ਅਗਵਾਈ ਕਰਨ ਦੇ ਨਾਲ-ਨਾਲ ਅਗਲੀਆਂ ਚੋਣਾਂ ਦੌਰਾਨ ਪ੍ਰਧਾਨ ਮੰਤਰੀ ਦੇ ਉਮੀਦਵਾਰ ਵਜੋਂ ਵੀ ਸ਼ਾਮਲ ਹੋਵੇਗਾ। ਜ਼ਿਕਰਯੋਗ ਹੈ ਕਿ ਰੂਬੀ ਢੱਲਾ ਨੂੰ ਭਾਰਤੀ ਮੂਲ ਦੀ ਪਹਿਲੀ ਸਿੱਖ ਮਹਿਲਾ ਐਮਪੀ ਹੋਣ ਦਾ ਮਾਣ ਪ੍ਰਾਪਤ ਹੈ। 2004 ਵਿੱਚ ਉਹ ਲਿਬਰਲ ਪਾਰਟੀ ਦੀ ਟਿਕਟ 'ਤੇ ਬਰੈਂਪਟਨ-ਸਪਰਿੰਗਡੇਲ ਤੋਂ ਐਮਪੀ ਚੁਣੀ ਗਈ ਸਨ। ਢੱਲਾ ਨੇ 2004 ਤੋਂ 2011 ਤੱਕ ਇਸ ਰਾਈਡਿੰਗ ਦੀ ਨੁਮਾਇੰਦਗੀ ਕੀਤੀ। 2011 ਵਿੱਚ ਉਹ ਕੰਜ਼ਰਵੇਟਿਵ ਉਮੀਦਵਾਰ ਪਰਮ ਗਿੱਲ ਤੋਂ ਹਾਰ ਗਈ ਸਨ। 2014 ਵਿੱਚ ਢੱਲਾ ਨੇ ਸਿਆਸਤ ਤੋਂ ਕਿਨਾਰਾ ਕਰਨ ਦਾ ਐਲਾਨ ਕੀਤਾ ਸੀ।

SABLOK & SABLOK
Notaries Public
ਤੁਹਾਡੀ ਵਧੀਆ ਸੇਵਾ ਲਈ ਹੁਣ 2 ਨੋਟਰੀਜ਼
ਨੋਟਰੀ ਪਬਲਿਕ ਦੀਆਂ ਸੇਵਾਵਾਂ
- ਘਰ ਖਰੀਦਣ ਜਾਂ ਵੇਚਣ ਤੇ ਮੌਰਗੇਜ਼ ਦੇ ਕਾਗਜ਼
- ਮੁਖਤਿਆਰਨਾਮਾ , ਰਾਹਦਾਰੀ ਅਤੇ ਵਸੀਅਤਨਾਮਾ
- ਪਾਸਪੋਰਟ ਆਦਿ ਤੇ ਨੋਟਰੀ ਪਬਲਿਕ ਅਤੇ ਹੋਰ ਸਾਰੇ ਕੰਮ
ਇਮੀਗਰੇਸ਼ਨ ਦੀਆਂ ਸੇਵਾਵਾਂ
- ਬਿਜਨਸ ਅਤੇ ਇਨਵੈਸਟਰ ਇਮੀਗਰੇਸ਼ਨ
- ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
- ਇਮੀਗਰੇਸ਼ਨ ਅਪੀਲ ਅਤੇ ਇਮੀਗਰੇਸ਼ਨਸਰਵਿਸਿਜ਼

AKASH SABLOK & TARLOK SABLOK
ਸਬਲੋਕ ਐਂਡ ਸਬਲੋਕ
604-325-9200
FAX – 604-325-3666
6108 Fraser st. (at 45th Ave.) Vancouver BC V5 Ww 3A1

ਬਾਧ
ਅਕਾਊਂਟਿੰਗ ਸਰਵਿਸਿਜ਼
ਟੈਕਸ ਦੇ ਪੇਪਰ ਭਰਨਾ
ਅਕਾਊਂਟਿੰਗ / ਪੇਰੋਲ
ਬਿਜ਼ਨਸ ਇਨਕਮ ਟੈਕਸ
ਬੁੱਕ ਕੀਪਿੰਗ
ਟੀ-ਫੋਰ ਜਾਂ ਵਰਕ ਕੰਪਨਸੇਸ਼ਨ ਫਾਰਮ


ਜਸਬੀਰ-ਸਿੰਘ-ਬਾਧ
ਸਾਡਾ ਅਕਾਊਂਟਿੰਗ ਵਿੱਚ ਲੰਬਾ ਤਜ਼ਰਬਾ ਹੈ
TAX FORM FILL UP | ACCOUNTING / PAYROOL | PERSONAL INCOME TAX
BUSINESS INCOME TAX | T4/ WORKERS COMPENSATION FORM
UNIT # 1393-20800 Westminter Hwy Richmond , BC V6V 2W3
Ph.: 604-325-8370 | Fax. : 604-231-9600

ਕੀ ਤੁਹਾਨੂੰ ਦੰਦਾਂ ਦੀ ਤਕਲੀਫ਼ ਹੈ?
ਸਾਡੇ ਕੋਲੋਂ ਉਸੇ ਦਿਨ ਐਮਰਜੈਂਸੀ ਵਿੱਚ ਇਲਾਜ ਕਰਵਾਓ
ਚਿਲਾਵੈਕ ਵਿਚ ਪੰਜਾਬੀ ਡੈਂਟਿਸਟ
We Can Help With
» Teeth Cleaning
» Wisdom teeth Extractions
» Clear Braces
» Implants
& many more...

Consult Dr. Sra for a health SMILE
Accepting Canadian Dental Care Plan From Govt.
COMPLIMENTARY NIGHT GUARD
Value $500
We accept new Patients, & Emergencies
ਅੱਜ ਹੀ ਆਪਣੀ ਅਪਾਇੰਟਮੈਂਟ ਬੁੱਕ ਕਰਨ ਲਈ ਸੰਪਰਕ ਕਰੋ
maple smiles dentistry
Family & Community Dentistry
604-391-1010 | maplesmiles.ca
8364 Young Road, Unit 101, Chilliwack

THINKING ABOUT

BUYING SELLING OR LEASE?




For a Free market evaluation of your property, contact

READY FOR A FREE EVALUATION :

Clients Evaluation of Borrowing Power for New Purchase

More Than Fourteen Years Experience in Real Estate.

ਘਰ, ਬੇਰੀ ਫਾਰਮ, ਖਾਲੀ ਜ਼ਮੀਨ,
ਪਲਾਟ ਜਾਂ ਵਪਾਰਕ ਜਾਇਦਾਦ ਖਰੀਦਣ
ਅਤੇ ਵੇਚਣ ਵੇਲੇ ਇਮਾਨਦਾਰ ਸੇਵਾਵਾਂ
ਲਈ ਅੱਜ ਹੀ ਮਿਲੋ।



for more information

Amarpal Singh

Call : 604.338.7310

PARALLEL

1200 W 73rd Ave Unit 828,
Vancouver, BC V6P 6G5



Keep Smiling Denture Clinic

# Keep Smiling Denture Clinic

SEMCD CERTIFIED CLINICIAN

Complete Denture · Implant Denture · Partial Denture

CARE HOME MOBILE SERVICE

ਮੁਫ਼ਤ ਸਲਾਹ ਲਈ ਅੱਜ ਹੀ ਮਿਲੋ

ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ

ਹੱਡੀ ਘਸੀ ਹੋਈ ਹੈ?

ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ
ਲਈ ਵੀ ਪ੍ਰਮਾਣਿਤ (CERTIFIED) ਹਾਂ ।

ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ
ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ

**If you have received Canadian Dental Care Plan Card. Book appointment**

ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।



Gagan Chahal R.D.
Registered Denturist

Book Your Appointment

778-600-0811
6834 King George Blvd Surrey BC

778-600-0810
2644 Cyril St Abbotsford BC

# ਸਿੱਖ ਚਿੰਤਕ ਭਾਈ ਹਰਪਾਲ ਸਿੰਘ ਲੱਖਾ ਦਾ ਪੰਥਕ ਸਨਮਾਨਾਂ ਤੇ ਜੈਕਾਰਿਆ ਨਾਲ ਹੋਇਆ ਸਸਕਾਰ

## ਕੈਨੇਡਾ ਦੀਆਂ ਵੱਖ-ਵੱਖ ਸੰਸਥਾਵਾਂ ਵੱਲੋਂ ਪੰਥਕ ਵਿਦਵਾਨ ਨੂੰ ਭਾਵ-ਭਿੰਨੀ ਸ਼ਰਧਾਂਜਲੀ

ਐਬਸਫੋਰਡ (ਬਰਾੜ ਭਗਤਾ ਭਾਈ ਕਾ): ਸਿੱਖ ਵਿਦਵਾਨ ਅਤੇ ਪੰਥਕ ਲਿਖਾਰੀ ਭਾਈ ਹਰਪਾਲ ਸਿੰਘ ਲੱਖਾ ਨੂੰ ਬੀਤੇ ਐਤਵਾਰ ਐਬਸਫੋਰਡ ਵਿਖੇ ਵੱਖ-ਵੱਖ ਸੰਸਥਾਵਾਂ ਵੱਲੋਂ ਭਾਵ ਭਿੰਨੀ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਜੈਕਾਰਿਆਂ ਨਾਲ ਚੜ੍ਹਦੀ ਕਲਾ ਵਿੱਚ ਸਸਕਾਰ ਕੀਤਾ ਗਿਆ। ਵਿਲੱਖਣ ਪੱਖ ਇਹ ਸੀ ਕਿ ਅੰਤਮ ਸੰਸਕਾਰ, ਗੁਰਬਾਣੀ ਦੇ ਪ੍ਰਭਾਵ ਅਤੇ ਹੁਕਮ, ਭਾਣੇ ਤੇ ਰਜ਼ਾ ਵਿੱਚ, ਗੁਰਮਤਿ ਸਮਾਗਮ ਹੋ ਨਿਬੜਿਆ। ਸਿੱਖ ਵਿਰਾਸਤ ਦੇ ਰੰਗ ਵਿੱਚ ਰੰਗੇ ਹੋਏ ਭਾਈ ਹਰਪਾਲ ਸਿੰਘ ਦਾ ਜੱਦੀ ਪਿੰਡ ਲੱਖਾ, ਜ਼ਿਲਾ ਲੁਧਿਆਣਾ ਸੀ ਤੇ ਲੰਮਾ ਸਮਾਂ ਜਲੰਧਰ ਸ਼ਹਿਰ ਵਿਖੇ ਰਹੇ ਤੇ ਸੰਨ 2003 ਤੋਂ ਕੈਨੇਡਾ ਰਹਿ ਰਹੇ ਸਨ, ਜੋ ਕਿ ਪਿਛਲੇ ਦਿਨੀਂ 85 ਸਾਲ ਦੀ ਉਮਰ ਵਿੱਚ ਸੱਚਖੰਡ ਜਾ ਬਿਰਾਜੇ ਸਨ। ਸਸਕਾਰ ਮੌਕੇ, ਭਾਈ ਸਾਹਿਬ ਦੇ ਸ਼ਰਧਾਂਜਲੀ ਸਮਾਗਮ ਵਿੱਚ ਕੈਨੇਡਾ ਦੀਆਂ ਦੀਆਂ ਸਿੱਖ ਸੰਸਥਾਵਾਂ, ਸਾਹਿਤਕ ਸੰਸਥਾਵਾਂ ਅਤੇ ਮੀਡੀਆ ਸ਼ਖਸ਼ੀਅਤਾਂ ਹਾਜ਼ਰ ਹੋਈਆਂ। ਇਸ ਦੌਰਾਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਦੀ ਪ੍ਰਬੰਧਕ ਕਮੇਟੀ, ਸਿੱਖ ਅਕੈਡਮੀ ਸਰੀ ਦੇ ਪ੍ਰਿੰਸੀਪਲ ਪ੍ਰੋ. ਅਮਰੀਕ ਸਿੰਘ ਫੁੱਲ ਅਤੇ ਪਿੰਡ ਚਕਰ ਵਾਸੀਆਂ ਵੱਲੋਂ ਭਾਈ ਲੱਖਾ ਨੂੰ ਪੰਥਕ ਸਨਮਾਨ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਸਿੱਖ ਪ੍ਰਚਾਰ ਲਹਿਰ ਅਧੀਨ ਭਾਈ ਹਰਪਾਲ ਸਿੰਘ ਲੱਖਾ ਨੇ ਪਿੰਡ ਚਕਰ ਵਿਖੇ 1975 ਵਿੱਚ ਗੁਰਦੁਆਰਾ ਅਸਥਾਨ ਦਾ ਨੀਂਹ ਪੱਥਰ ਰੱਖਿਆ ਸੀ।



ਵਿਸ਼ਵ ਸਿਖ ਸੰਸਥਾ ਅਤੇ ਗੁਰੂ ਨਾਨਕ ਇੰਸਟੀਟਿਊਟ ਦੇ ਸੰਸਥਾਪਕ ਭਾਈ ਗਿਆਨ ਸਿੰਘ ਸੰਧੂ ਨੇ ਭਾਈ ਹਰਪਾਲ ਸਿੰਘ ਜੀ ਦੀ ਸ਼ਖਸ਼ੀਅਤ ਬਾਰੇ ਦੱਸਿਆ ਨੇ ਉਹਨਾਂ ਨੇ ਜਿੱਥੇ ਅਨੇਕਾਂ ਸ਼ਖਸੀਅਤਾਂ ਨੂੰ ਗੁਰਬਾਣੀ, ਕੀਰਤਨ, ਕਵੀਸ਼ਰੀ, ਕਥਾ, ਸਿੱਖੀ ਵਿਰਾਸਤ, ਇਤਿਹਾਸ, ਮਾਂ ਬੋਲੀ ਪੰਜਾਬੀ ਅਤੇ ਕਾਵਿ ਸਾਹਿਤ ਨਾਲ ਜੋੜਿਆ, ਉੱਥੇ ਪਰਿਵਾਰਕ ਅਤੇ ਭਾਈਚਾਰਕ ਪੱਧਰ 'ਤੇ ਜ਼ੁਬਾਨ ਤੇ ਪਛਾਣ ਅਤੇ ਊੜੇ ਤੇ ਜੂੜੇ ਦੀ ਸੰਭਾਲ ਦੀ ਪ੍ਰੇਰਨਾ ਦਿੱਤੀ। ਮਾਂ ਬੋਲੀ ਪੰਜਾਬੀ ਤੇ ਸਿੱਖ ਸਾਹਿਤ, ਕਵੀਸ਼ਰੀ ਪ੍ਰਸੰਗ ਲਿਖੇ ਅਤੇ ਅਨੇਕਾ ਸ਼ਗਿਰਦ ਤਿਆਰ ਕੀਤੇ। ਭਾਈ ਸਾਹਿਬ ਦੀ ਪੋਤੀ ਬੀਬੀ ਸਾਹਿਬ ਕੌਰ ਨੇ ਰੱਬੀ ਰੂਹ ਤੇ ਸਿੱਖੀ ਦੀ ਮਹਿਕ ਭਰਪੂਰ ਪਿਤਾ ਜੀ ਦੀ ਸ਼ਖਸ਼ੀਅਤ ਬਾਰੇ ਕਵਿਤਾ ਸਾਂਝੀ ਕੀਤੀ, ਜਦਕਿ ਪੋਤੇ ਰਹਿਮਤ ਸਿੰਘ ਨੇ ਸਿੱਖੀ ਜਜ਼ਬੇ ਤੇ ਚੜਦੀ ਕਲਾ ਵਾਲੇ ਵਿਚਾਰ ਸਾਂਝੇ ਕੀਤੇ। ਇਸ ਤੋਂ ਇਲਾਵਾ ਬੀਬੀ ਹਰਪ੍ਰੀਤ ਕੌਰ, ਇੱਕਜੋਤ ਕੌਰ, ਭਾਈ ਹਰਜੀਤ ਸਿੰਘ ਅਤੇ ਭਾਈ ਬਾਜ ਸਿੰਘ ਜੱਸਲ ਨੇ ਵਿਚਾਰ ਸਾਂਝੇ ਕੀਤੇ।

ਗੁਰਦੁਆਰਾ ਸਾਹਿਬ ਕਲਗੀਧਰ ਦਰਬਾਰ ਵਿਖੇ ਜਿੱਥੇ ਪਰਿਵਾਰ ਦੇ ਬੱਚਿਆਂ ਨੇ ਵੈਰਾਗਮਈ ਕੀਰਤਨ ਕੀਤਾ, ਉੱਥੇ ਭਾਈ ਹਾਕਮ ਸਿੰਘ ਅਤੇ ਭਾਈ ਅਵਤਾਰ ਸਿੰਘ ਦੇ ਜਥਿਆਂ ਨੇ ਸ਼ਬਦ ਗਾਇਨ ਕੀਤੇ, ਜਦਕਿ ਸਿੱਖ ਵਿਦਵਾਨ ਭਾਈ ਸਾਹਿਬ ਸਿੰਘ ਜੀ ਨੇ ਭਾਈ ਹਰਪਾਲ ਸਿੰਘ ਲੱਖਾ ਦੀ ਸ਼ਖਸ਼ੀਅਤ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ ਤੇ ਦੱਸਿਆ ਕਿ ਉਹਨਾਂ ਕੀਰਤਨ ਸੋਹਿਲਾ ਸਾਹਿਬ ਦਾ ਪਾਠ ਅਤੇ ਸਿਮਰਨ ਸਰਵਣ ਕਰਦਿਆਂ, ਆਖਰੀ ਸਵਾਸਾਂ ਨਾਲ ਸਿੱਖੀ ਨਿਭਾਈ। ਸਿੱਖ ਸੰਸਥਾਵਾਂ ਵੱਲੋਂ ਭਾਈ ਜਸਵਿੰਦਰ ਸਿੰਘ ਗੁਰਦੁਆਰਾ ਸਿੰਘ ਸਭਾ ਸਰੀ ਨੇ ਵਿਚਾਰ ਸਾਂਝੇ ਕੀਤੇ ਅਤੇ ਢਾਡੀ ਜਥੇ ਭਾਈ ਦੇਸਾ ਸਿੰਘ ਨੇ ਭਾਈ ਹਰਪਾਲ ਸਿੰਘ ਲੱਖਾ ਦੀ ਕਵਿਤਾ ਗਾ ਕੇ ਸਰੋਤਿਆਂ ਨੂੰ ਨਿਹਾਲ ਕੀਤਾ। ਭਾਈ ਸਾਹਿਬ ਦੇ ਸਪੁੱਤਰ ਡਾ. ਗੁਰਵਿੰਦਰ ਸਿੰਘ ਨੇ ਸਮੂਹ ਸੰਸਥਾਵਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ।

# ਰਿਹਾਇਸ਼ੀ ਸਕੂਲਾਂ 'ਤੇ ਬਣੀ ਦਸਤਾਵੇਜ਼ੀ ਫਿਲਮ 'ਸ਼ੂਗਰਕੇਨ' ਔਸਕਰ ਲਈ ਨਾਮਜ਼ਦ

ਸਰੀ, ਬ੍ਰਿਟਿਸ਼ ਕੋਲੰਬੀਆ ਦੇ ਵਿਲੀਅਮਜ਼ ਲੇਕ ਇਲਾਕੇ ਵਿੱਚ ਪੈਂਦੇ ਸ਼ੂਗਰਕੇਨ ਰਿਜ਼ਰਵ (ਮੂਲਨਿਵਾਸੀ ਇਲਾਕਾ) ਵਿੱਖੇ ਇੱਕ ਰੈਜ਼ੀਡੈਂਸ਼ੀਅਲ ਸਕੂਲ ਵਿੱਚ ਬੱਚਿਆਂ ਨਾਲ ਹੋਏ ਦੁਰਵਿਵਹਾਰ ਅਤੇ ਗੁਮਸ਼ੁਦਗੀ ਬਾਰੇ ਬਣਾਈ ਦਸਤਾਵੇਜ਼ੀ 'ਸ਼ੂਗਰਕੇਨ' ਨੂੰ ਔਸਕਰ ਅਵਾਰਡ ਲਈ ਨਾਮਜ਼ਦ ਕੀਤਾ ਗਿਆ ਹੈ। ਇਸ ਦਸਤਾਵੇਜ਼ੀ ਨੂੰ ਸੈਕਵੀਪੈਮਕ ਮੂਲਨਿਵਾਸੀ ਫਿਲਮ ਨਿਰਮਾਤਾ ਜੂਲੀਅਨ ਬ੍ਰੇਵ ਨੋਇਸਕੈਟ ਅਤੇ ਟੋਰਾਂਟੋ ਦੀ ਪੱਤਰਕਾਰ ਐਮਿਲੀ ਕੈਸੀ ਨੇ ਸਾਂਝੇ ਤੌਰ 'ਤੇ ਤਿਆਰ ਕੀਤਾ ਹੈ। ਇਹ ਦਸਤਾਵੇਜ਼ੀ ਸਾਬਕਾ ਸੇਂਟ ਜੋਜ਼ੇਫ ਮਿਸ਼ਨ ਰੈਜ਼ੀਡੈਂਸ਼ੀਅਲ ਸਕੂਲ ਵਿੱਚ ਹੋਏ ਮੌਤਾਂ, ਦੁਰਵਿਵਹਾਰ, ਖੁਦਕੁਸ਼ੀਆਂ ਅਤੇ ਲਾਪਤਾ ਬੱਚਿਆਂ ਦੇ ਮਾਮਲਿਆਂ 'ਤੇ ਆਧਾਰਿਤ ਹੈ।

ਨੋਇਸਕੈਟ ਆਪਣੇ ਪਿਤਾ ਐਡ ਆਰਚੀ ਨੋਇਸਕੈਟ ਨਾਲ ਫਿਲਮ ਵਿੱਚ ਨਜ਼ਰ ਆਉਂਦਾ ਹੈ, ਜਿਸਦਾ ਜਨਮ ਇਸੇ ਸਕੂਲ ਵਿੱਚ ਹੋਇਆ ਸੀ। ਇਹ ਫਿਲਮ ਰੈਜ਼ੀਡੈਂਸ਼ੀਅਲ ਸਕੂਲਾਂ ਦੇ ਦੋਸ਼ਾਂ ਦੀ ਪੜਚੋਲ ਕਰਦੀ ਹੈ, ਜਿਨ੍ਹਾਂ ਵਿੱਚ ਪਾਦਰੀਆਂ ਦੁਆਰਾ ਬੱਚਿਆਂ ਦੇ ਜਿਨਸੀ ਸ਼ੋਸ਼ਣ ਅਤੇ ਹੋਰ ਘਿਨਾਉਣੇ ਮਾਮਲੇ ਸਾਹਮਣੇ ਆਉਂਦੇ ਹਨ।

ਇਸ ਨਾਲ ਹੀ, ਕਿਊਬੈਕ ਦੇ ਫਿਲਮ ਨਿਰਮਾਤਾ ਡੈਨਿਸ ਵਿਲੇਨੂਵ ਦੀ ਫ਼ਿਲਮ "ਡਿਊਨ: ਪਾਰਟ ਟੂ" ਨੂੰ ਵੀ ਸਰਬੋਤਮ ਫ਼ਿਲਮ ਦੀ ਸ਼੍ਰੇਣੀ ਲਈ ਔਸਕਰ ਵਿੱਚ ਨਾਮਜ਼ਦ ਕੀਤਾ ਗਿਆ ਹੈ।

ਇਨ੍ਹਾਂ ਦਸਤਾਵੇਜ਼ਾਂ ਅਤੇ ਫ਼ਿਲਮਾਂ ਦੀ ਪ੍ਰਸ਼ੰਸਾ ਕਰਦਿਆਂ ਸਿਨੇਮਾ ਦੀ ਭੂਮਿਕਾ ਸਮਾਜਕ ਮੁੱਦਿਆਂ ਨੂੰ ਉਜਾਗਰ ਕਰਨ ਲਈ ਮਹੱਤਵਪੂਰਨ ਮੰਨੀ ਜਾ ਰਹੀ ਹੈ। 97ਵੇਂ ਔਸਕਰ ਅਵਾਰਡਜ਼ 2 ਮਾਰਚ, 2025 ਨੂੰ ਲੌਸ ਐਂਜਲਸ ਵਿੱਚ ਆਯੋਜਿਤ ਕੀਤੇ ਜਾਣਗੇ।


HOMELAND MORTGAGE CORP.

ਜੇ ਮੌਰਟਗੇਜ਼ ਲੈਣ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਇੱਕ ਵਾਰ ਸਾਨੂੰ ਮਿਲੋ।
ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ।

- ਪਹਿਲੀ ਵਾਰ ਘਰ ਖਰੀਦਣ ਵਾਲੇ
- ਰੈਜੀਡੈਂਸ਼ੀਅਲ ਮੌਰਟਗੇਜ
- ਕੰਸਟਰਕਸ਼ਨ ਮੌਰਟਗੇਜ
- ਪ੍ਰਾਈਵੇਟ ਮੌਰਟਗੇਜ
- ਸੈਕੰਡ ਅਤੇ ਥਰਡ ਮੌਰਟਗੇਜ




Kuldip Panesar
Mortgage Consultant
Cell :604-308-6839

PROFESSIONAL AND EXPERIENCED
Ph.: 604-593-6622, Fax : 604-593-6615
#201-7928 128St. (York Business Centre) Surrey BC V3W 4E8
Website : www.homelandmortgage.ca
E-mail : homelandmortgage@hotmail.com

YOUR NEIGHBOURHOOD LAYER

RISHI LAW CORPORATION



NARINDER RISHI
Barrister, Solicitor & Notary Public

Criminal Law
» Assault Charges
» Drug Charges
» Theft/Fraud
» Uttering Threats
» Driving Offences

Real Estate
» Purchase/ Sale of Property
» Mortgage / Line of Credit


Immigration Law
» Immigration Appeals
» Refugee Claims
» Spousal Sponsorship
» Parents Sponsorship
» Super Visa / Visitor Visa

Divorces Probate
All kind of Notary Services
Services offered in Punjabi, Hindi & English

Vancouver
6625, Fraser Street
604-322-5515
Email : nkrishi@yahoo.com

Two Locations to serve you

Surrey
604-505-6454
(By appointments only)



NEWTON DENTURE CLINIC INC.
Web: www.newtondentures.ca | Email: newtondentures@gmail.com

ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਬੋਲਦੇ ਹਾਂ।
ਮੁਫ਼ਤ ਸਲਾਹ

"Over 20 years experience as Denturist"

- ਜੇ ਤੁਸੀਂ ਦੰਦ ਲਵਾਉਣੇ ਹਨ ਜਾਂ ਫਿਰ ਲਗਵਾਏ ਹਨ। ਦੰਦ ਪੁਰਾਣੇ ਹਨ ਅਤੇ ਨਵੇਂ ਲਗਵਾਣੇ ਹਨ।
- ਤੁਹਾਡੇ ਲਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ।
- ਬਲਰਾਜ ਨਾਲ ਅਪਾਇੰਟਮੈਂਟ ਬਣਾਓ ਅਤੇ ਖਾਣਾ ਚੰਗੀ ਤਰ੍ਹਾਂ ਖਾਓ।
- ਜੇ ਤੁਹਾਡੇ ਸਾਰੇ ਦੰਦ ਨਹੀਂ ਨਿਕਲੇ ਪਰ ਖਾਣਾ ਠੀਕ ਤਰ੍ਹਾਂ ਨਹੀਂ ਖਾ ਹੁੰਦਾ ਤਾਂ ਬਲਰਾਜ ਨੂੰ ਮਿਲੋ ਇਹ ਤੁਹਾਡੀ ਸੇਵਾ ਲਈ ਸਰੀ ਵਿੱਚ ਹਨ।



BALRAJ (REGGIE) GILL
R.D. Bsc. Registered Denturist
ਬਲਰਾਜ ਸਿੰਘ ਗਿੱਲ 604-590-9747
Surrey #211-8334-128 St. Surrey BC V3W 4G2
(Second floor Khalsa Business Centre)

# ਲਾਲ ਬੱਤੀ 'ਤੇ ਖੜ੍ਹੇ ਊਬਰ ਈਟਸ ਦੇ ਕਰਮਚਾਰੀ ਨੂੰ ਫੋਨ 'ਤੇ ਆਰਡਰ ਲੈਣ 'ਤੇ ਲੱਗਾ ਜੁਰਮਾਨਾ



ਸਰੀ, (ਏਕਜੋਤ ਸਿੰਘ): ਵੈਨਕੂਵਰ ਵਿੱਚ ਇੱਕ ਊਬਰ ਟੈਕਸੀ ਦੇ ਡਿਲਵਰੀ ਕਰਮਚਾਰੀ ਨੂੰ ਆਪਣੇ ਕੰਮ ਦੌਰਾਨ ਫੋਨ 'ਤੇ ਆਰਡਰ ਪ੍ਰਵਾਨ ਕਰਨ ਦੇ ਦੋਸ਼ ਹੇਠ 368 ਡਾਲਰ ਦਾ ਚਲਾਨ ਕਟਿਆ ਗਿਆ, ਜਿਸ ਨੇ ਮਸਲੇ ਨੂੰ ਕਾਨੂੰਨੀ ਚਰਚਾ ਵਿੱਚ ਅਧੀਨ ਕਰ ਦਿੱਤਾ ਗਿਆ ਹੈ। ਇਹ ਮਾਮਲਾ ਬੀ.ਸੀ. ਦੀ ਸੁਪਰੀਮ ਕੋਰਟ ਤੱਕ ਪਹੁੰਚ ਚੁੱਕਾ ਹੈ, ਜਿਥੇ ਵਾਸੂ ਵਿਰਦਾ ਦੇ ਹੱਕ ਵਿਚ ਹੇਠਲੀ ਅਦਾਲਤ ਦੇ ਫੈਸਲੇ ਨੂੰ ਪਲਟਾ ਦਿੱਤਾ ਗਿਆ। 31 ਜੁਲਾਈ 2024 ਨੂੰ ਵਾਸੂ ਵੈਨਕੂਵਰ ਵਿੱਚ ਇੱਕ ਲਾਲ ਬੱਤੀ 'ਤੇ ਖੜ੍ਹਾ ਸੀ। ਇਸ ਦੌਰਾਨ ਉਸ ਦੇ ਮੋਬਾਈਲ 'ਤੇ ਫੂਡ ਡਿਲੀਵਰੀ ਦਾ ਆਰਡਰ ਆਇਆ। ਉਸ ਨੇ ਆਰਡਰ ਪ੍ਰਵਾਨ ਕੀਤਾ, ਪਰ ਇੱਕ ਪੁਲਿਸ ਅਧਿਕਾਰੀ ਨੇ ਉਸ ਨੂੰ ਐਸਾ ਕਰਦਿਆਂ ਦੇਖ ਲਿਆ। ਮੋਟਰ ਵ੍ਹੀਕਲ ਐਕਟ ਅਨੁਸਾਰ ਡਰਾਈਵਿੰਗ ਦੌਰਾਨ ਮੋਬਾਈਲ ਫੋਨ ਦੀ ਵਰਤੋਂ ਸੰਬੰਧੀ ਨਿਯਮਾਂ ਦੀ ਉਲੰਘਣਾ ਕਰਦੇ ਹੋਏ ਉਸ ਨੂੰ ਟਿਕਟ ਜਾਰੀ ਕੀਤੀ ਗਈ।

ਚਲਾਨ ਦੇ ਜੁਰਮਾਨੇ ਦੇ ਖਿਲਾਫ ਵਾਸੂ ਵਿਰਦਾ ਨੇ ਅਦਾਲਤ ਵਿੱਚ ਅਪੀਲ ਕੀਤੀ। ਸਤੰਬਰ 2024 ਵਿੱਚ, ਪ੍ਰੋਵਿਨਸ਼ੀਅਲ ਕੋਰਟ ਨੇ ਉਸ ਦੇ ਹੱਕ ਵਿਚ ਫੈਸਲਾ ਸੁਣਾਇਆ। ਅਦਾਲਤ ਨੇ ਮੰਨਿਆ ਕਿ ਕੰਮ ਦੇ ਦੌਰਾਨ ਅਜਿਹੇ ਮੋਬਾਈਲ ਵਰਤੋਂ ਨੂੰ ਕੰਮ ਦੇ ਹਿੱਸੇ ਵਜੋਂ ਸਮਝਿਆ ਜਾ ਸਕਦਾ ਹੈ।

ਕ੍ਰਾਊਨ ਵੱਲੋਂ ਹੇਠਲੀ ਅਦਾਲਤ ਦੇ ਫੈਸਲੇ ਨੂੰ ਬੀ.ਸੀ. ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਗਈ। ਸੁਪਰੀਮ ਕੋਰਟ ਨੇ ਵਿਰੋਧੀ ਫੈਸਲਾ ਸੁਣਾਉਂਦੇ ਹੋਏ ਕਿਹਾ ਕਿ ਮੌਜੂਦਾ ਨਿਯਮਾਂ ਅਨੁਸਾਰ ਡਰਾਈਵਿੰਗ ਦੌਰਾਨ ਫੋਨ ਦੀ ਸਕ੍ਰੀਨ ਸਿਰਫ ਇਕ ਵਾਰ ਛੋਹਣ ਦੀ ਇਜਾਜ਼ਤ ਹੈ। ਇਹ ਅਧਿਕਾਰ ਸਿਰਫ ਕਾਲ ਪ੍ਰਵਾਨ ਕਰਨ ਜਾਂ ਕਾਲ ਬੰਦ ਕਰਨ ਲਈ ਹੀ ਸੀਮਿਤ ਹੈ। ਵਾਸੂ ਵਿਰਦਾ ਵੱਲੋਂ ਫੂਡ ਆਰਡਰ ਪ੍ਰਵਾਨ ਕਰਨਾ ਕਾਨੂੰਨ ਦੀ ਸਪੱਸ਼ਟ ਉਲੰਘਣਾ ਹੈ। ਵਾਸੂ ਵਿਰਦਾ ਨੇ ਦਲੀਲ ਦਿੰਦੇ ਹੋਏ ਕਿਹਾ ਕਿ ਉਸ ਦਾ ਕੰਮ ਇਸ ਪ੍ਰਕਿਰਿਆ 'ਤੇ ਨਿਰਭਰ ਕਰਦਾ ਹੈ। ਉਸ ਨੇ ਕਿਹਾ ਕਿ ਐਮਾਜ਼ੋਨ ਕੌਰੀਅਰ ਅਤੇ ਹੋਰ ਡਰਾਈਵਰ ਵੀ ਅਜਿਹਾ ਕਰਦੇ ਹਨ। ਉਸ ਦੇ ਮਤਾਬਕ, ਇਸ ਮਾਮਲੇ ਨੇ ਕਾਨੂੰਨ ਵਿੱਚ ਤਬਦੀਲੀਆਂ ਦੀ ਲੋੜ ਨੂੰ ਸਾਫ਼ ਕੀਤਾ ਹੈ, ਤਾਂ ਜੋ ਟੈਕਸੀ ਡਰਾਈਵਰਾਂ ਅਤੇ ਡਿਲੀਵਰੀ ਸੇਵਾਵਾਂ ਨਾਲ ਜੁੜੇ ਲੋਕਾਂ ਦੇ ਕੰਮ ਦੀ ਸਹੂਲਤ ਲਈ ਨਵੇਂ ਨਿਯਮ ਬਣਾਏ ਜਾ ਸਕਣ।

This report was written by Ekjot Singh as part of the Local Journalism Initiative.

# ਐਡਮਿੰਟਨ ਦੇ ਜ਼ਬਰੀ ਵਸੂਲੀ ਦੇ ਮਾਮਲੇ 'ਚ ਯੂ.ਏ.ਈ. ਤੋਂ ਪੰਜਾਬੀ ਨੌਜਵਾਨ ਕਾਬੂ




ਕੈਲਗਰੀ : ਐਡਮਿੰਟਨ ਵਿੱਚ ਭਾਰਤੀ ਕਾਰੋਬਾਰੀਆਂ ਤੋਂ ਜਬਰੀ ਵਸੂਲੀ ਕਰਨ ਵਾਲੇ ਗਿਰੋਹ ਦੇ ਮੁੱਖ ਸਾਜ਼ਿਸ਼ਕਰਤਾ ਮਨਿੰਦਰ ਧਾਲੀਵਾਲ ਨੂੰ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਐਡਮਿੰਟਨ ਪੁਲਿਸ ਹੁਣ ਮਨਿੰਦਰ ਧਾਲੀਵਾਲ ਦੀ ਹਵਾਲਗੀ ਲਈ ਯਤਨ ਕਰ ਰਹੀ ਹੈ।

ਪੁਲਿਸ ਵੱਲੋਂ ਕੀਤੀ ਗਈ ਪੜਤਾਲ ਵਿੱਚ ਮਨਿੰਦਰ ਧਾਲੀਵਾਲ ਦੇ ਖ਼ਿਲਾਫ਼ ਜਬਰੀ ਵਸੂਲੀ, ਅਗਜ਼ਨੀ, ਹਥਿਆਰ ਰੱਖਣ ਅਤੇ ਅਪਰਾਧਕ ਗਿਰੋਹ ਦਾ ਨੇਤ੍ਰਿਤਵ ਕਰਨ ਦੇ ਦੋਸ਼ ਲਗਾਏ ਗਏ ਹਨ। ਧਾਲੀਵਾਲ ਦੇ ਨਾਲ ਹੋਰ ਛੇ ਸ਼ੱਕੀਆਂ, ਜਿਨ੍ਹਾਂ ਵਿੱਚ ਜਸ਼ਨਦੀਪ ਕੌਰ, ਗੁਰਕਰਨ ਸਿੰਘ, ਮਾਨਵ ਹੀਰ, ਪਰਮਿੰਦਰ ਸਿੰਘ, ਦਿਵਨੂਰ ਆਸ਼ਟ ਅਤੇ ਇੱਕ ਨਾਬਾਲਗ ਸ਼ਾਮਲ ਹਨ, ਉੱਤੇ ਵੀ ਕਈ ਗੰਭੀਰ ਦੋਸ਼ ਲਗਾਏ ਗਏ ਹਨ। ਅਲਬਰਟਾ ਵਿੱਚ 40 ਘਰਾਂ ਨੂੰ ਅੱਗ ਲਾਉਣ ਦੀਆਂ ਵਾਰਦਾਤਾਂ ਦੇ ਆਧਾਰ 'ਤੇ ਇਹ ਪੜਤਾਲ ਸ਼ੁਰੂ ਹੋਈ। ਦੋ ਸਾਲ ਪਹਿਲਾਂ ਐਡਮਿੰਟਨ ਦੇ ਉੱਤਰ-ਪੂਰਬੀ ਇਲਾਕੇ ਵਿੱਚ ਦੋ ਉਸਾਰੀ ਅਧੀਨ ਮਕਾਨਾਂ ਨੂੰ ਅੱਗ ਲਗਾਈ ਗਈ ਸੀ। ਸੀ.ਸੀ.ਟੀ.ਵੀ. ਕੈਮਰਿਆਂ ਦੀ ਮਦਦ ਨਾਲ ਸ਼ੱਕੀਆਂ ਦੀਆਂ ਤਸਵੀਰਾਂ ਪ੍ਰਾਪਤ ਹੋਈਆਂ। ਇਸ ਦੇ ਨਾਲ ਹੀ, ਧਾਲੀਵਾਲ ਨੇ ਵਿਦੇਸ਼ੀ ਧਰਤੀ ਤੋਂ ਗੈਰਕਾਨੂੰਨੀ ਸਰਗਰਮੀਆਂ ਚਲਾਉਂਦਿਆਂ ਨੌਜਵਾਨਾਂ ਨੂੰ ਆਪਣੇ ਗਿਰੋਹ ਵਿੱਚ ਸ਼ਾਮਲ ਕੀਤਾ। ਘਰਾਂ ਦੇ ਮਾਲਕਾਂ ਨੂੰ ਜ਼ਬਰਦਸਤੀ ਪੈਸੇ ਦੇਣ ਲਈ ਧਮਕਾਇਆ ਜਾਂਦਾ ਸੀ। ਜਿਨ੍ਹਾਂ ਨੇ ਪੈਸੇ ਨਹੀਂ ਦਿੱਤੇ, ਉਨ੍ਹਾਂ ਦੇ ਘਰਾਂ ਨੂੰ ਅੱਗ ਲਗਾਈ ਜਾਂਦੀ ਸੀ ਜਾਂ ਗੋਲੀਆਂ ਚਲਾਈਆਂ ਜਾਂਦੀਆਂ ਸਨ।

ਇਕ ਮਾਲਕ, ਜੋ ਕੈਮਰਿਆਂ ਰਾਹੀਂ ਘਰਾਂ ਦੀ ਨਿਗਰਾਨੀ ਕਰ ਰਿਹਾ ਸੀ, ਨੇ ਸ਼ੱਕੀ ਐਸ.ਯੂ.ਵੀ. ਦਾ ਪਿੱਛਾ ਕੀਤਾ। 911 'ਤੇ ਕਾਲ ਕੀਤੀ ਗਈ ਅਤੇ ਪੁਲਿਸ ਨੇ ਸ਼ੱਕੀਆਂ ਨੂੰ ਗੱਡੀ ਸਮੇਤ ਗ੍ਰਿਫ਼ਤਾਰ ਕਰ ਲਿਆ। ਇਸ ਗ੍ਰਿਫ਼ਤਾਰੀ ਨੇ ਗਿਰੋਹ ਦੀਆਂ ਗਤੀਵਿਧੀਆਂ ਨੂੰ ਬੇਨਕਾਬ ਕੀਤਾ।

ਮਾਹਰਾਂ ਦੇ ਮਤਾਬਕ, ਕੈਨੇਡਾ ਅਤੇ ਯੂ.ਏ.ਈ. ਦੇ ਦਰਮਿਆਨ ਹਵਾਲਗੀ ਸੰਧੀ ਨਾ ਹੋਣ ਕਾਰਨ ਧਾਲੀਵਾਲ ਨੂੰ ਕੈਨੇਡਾ ਲਿਆਉਣਾ ਮੁਸ਼ਕਲ ਹੋ ਸਕਦਾ ਹੈ। ਪੁਲਿਸ ਦੇ ਇੰਸਪੈਕਟਰ ਡੁਏਨ ਹੰਟਰ ਨੇ ਕਿਹਾ ਕਿ ਪੜਤਾਲ ਕਾਫੀ ਗੁੰਝਲਦਾਰ ਰਹੀ ਪਰ ਉਹ ਮਨਿੰਦਰ ਧਾਲੀਵਾਲ ਦੀ ਹਵਾਲਗੀ ਲਈ ਸਹੀ ਰਾਹ 'ਤੇ ਹਨ।

ਇਸ ਮਾਮਲੇ ਵਿੱਚ ਮੰਗਲਵਾਰ ਨੂੰ ਪੰਜ ਸ਼ੱਕੀਆਂ ਦੇ ਵਕੀਲ ਅਦਾਲਤ ਵਿੱਚ ਪੇਸ਼ ਹੋਏ। ਮਾਮਲੇ ਦੀ ਅਗਲੀ ਸੁਣਵਾਈ 4 ਫਰਵਰੀ ਨੂੰ ਹੋਵੇਗੀ।

# ਪੀਅਰ ਪੌਲੀਐਵ ਵਲੋਂ ਫ਼ੈਡਰਲ ਸਰਕਾਰੀ ਮੁਲਾਜ਼ਮਾਂ ਦੀ ਗਿਣਤੀ ਘਟਾਉਣ ਦਾ ਸਮਰਥਨ



ਔਟਵਾ : ਕੰਜ਼ਰਵੇਟਿਵ ਪਾਰਟੀ ਦੇ ਲੀਡਰ ਪੀਅਰ ਪੌਲੀਐਵ ਨੇ ਇੱਕ ਵੱਡਾ ਬਿਆਨ ਦਿੱਤਾ ਹੈ ਕਿ ਉਹਨਾਂ ਦੀ ਅਗਵਾਈ ਵਾਲੀ ਸਰਕਾਰ ਫ਼ੈਡਰਲ ਪਬਲਿਕ ਸਰਵੈਂਟਸ ਦੀ ਗਿਣਤੀ ਵਿੱਚ ਘਟਾਉਣਗੇ। ਉਨ੍ਹਾਂ ਦਾ ਕਹਿਣਾ ਹੈ ਕਿ ਕੈਨੇਡਾ ਵਿੱਚ ਨੌਕਰਸ਼ਾਹੀ ਦਾ ਵਿਸਥਾਰ ਘੱਟ ਕਰਨ ਦੀ ਲੋੜ ਹੈ। ਇੱਕ ਇੰਟਰਵਿਊ ਦੌਰਾਨ, ਜਦੋਂ ਪੌਲੀਐਵ ਤੋਂ ਪੁੱਛਿਆ ਗਿਆ ਕਿ ਕੀ ਉਹ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਵਰਕਰਾਂ ਨੂੰ ਹਫ਼ਤੇ ਵਿੱਚ ਪੰਜ ਦਿਨ ਦਫ਼ਤਰ ਜਾਣ ਦੇ ਆਦੇਸ਼ ਨਾਲ ਸਹਿਮਤ ਹਨ, ਤਦ ਪੌਲੀਐਵ ਨੇ ਜਵਾਬ ਦਿੱਤਾ ਕਿ ਮੁੱਖ ਗੱਲ ਇਹ ਨਹੀਂ ਕਿ ਮੁਲਾਜ਼ਮ ਕਿੱਥੇ ਕੰਮ ਕਰਦੇ ਹਨ, ਸਗੋਂ ਇਹ ਹੈ ਕਿ ਕੀ ਉਹਨਾਂ ਤੋਂ ਕੰਮ ਹੋ ਰਿਹਾ ਹੈ।

ਪੌਲੀਐਵ ਨੇ ਕਿਹਾ, "ਜੇਕਰ ਪਬਲਿਕ ਸਰਵੈਂਟਸ ਘਰੋਂ ਕੰਮ ਕਰਦੇ ਹਨ, ਤਾਂ ਮੈਨੂੰ ਇਸ ਨਾਲ ਕੋਈ ਸਮੱਸਿਆ ਨਹੀਂ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਕੰਮ ਹੋਵੇ।" ਉਨ੍ਹਾਂ ਅਗੇ ਕਿਹਾ ਕਿ ਇਸ ਸਮੇਂ ਫ਼ੈਡਰਲ ਸਰਕਾਰ ਵਿੱਚ ਕੰਮ ਢੰਗ ਨਾਲ ਨਹੀਂ ਹੋ ਰਿਹਾ।

ਪੌਲੀਐਵ ਨੇ ਦਲੀਲ ਦਿੱਤੀ ਕਿ ਕੈਨੇਡਾ ਵਿੱਚ ਨੌਕਰਸ਼ਾਹਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੈ। ਉਨ੍ਹਾਂ ਕਿਹਾ ਕਿ ਫ਼ੈਡਰਲ ਲਿਬਰਲ ਸਰਕਾਰ ਨੇ 110,000 ਨਵੇਂ ਪਬਲਿਕ ਸਰਵੈਂਟਸ ਦੀ ਭਰਤੀ ਕੀਤੀ ਹੈ, ਜਿਸ ਨਾਲ ਸਰਕਾਰੀ ਘਾਟੇ ਵਿੱਚ ਵਾਧਾ ਹੋਇਆ ਹੈ।

ਉਨ੍ਹਾਂ ਕਿਹਾ, "ਮੈਂ ਪਬਲਿਕ ਸਰਵਿਸ ਦੀ ਕੁਸ਼ਲਤਾ ਵਧਾਉਣ ਅਤੇ ਗਿਣਤੀ ਘਟਾਉਣ ਲਈ ਵਚਨਬੱਧ ਹਾਂ। ਇਹ ਸਿਰਫ਼ ਨੌਕਰਸ਼ਾਹੀ ਘਟਾਉਣ ਦੀ ਗੱਲ ਨਹੀਂ ਹੈ, ਸਗੋਂ ਇਹ ਯਕੀਨੀ ਬਣਾਉਣ ਦੀ ਗੱਲ ਹੈ ਕਿ ਹਰ ਮੁਲਾਜ਼ਮ ਨੂੰ ਸਪਸ਼ਟ ਕੰਮ ਦਿੱਤਾ ਜਾਵੇ ਅਤੇ ਉਸ ਦੀ ਨਿਗਰਾਨੀ ਕੀਤੀ ਜਾਵੇ।"

ਪੌਲੀਐਵ ਨੇ ਫ਼ੈਡਰਲ ਲਿਬਰਲ ਸਰਕਾਰ ਦੀਆ ਮਾਲੀ ਪੋਲਿਸੀਆਂ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਜਸਟਿਨ ਟ੍ਰੂਡੋ ਦੀ ਸਰਕਾਰ ਦੇ ਬੇਲਗਾਮ ਖਰਚੇ ਕੈਨੇਡਾ ਦੇ ਵਿੱਤੀ ਸੰਕਟ ਦਾ ਕਾਰਨ ਹਨ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਬੇਵਜ੍ਹਾ ਮੁਲਾਜ਼ਮਾਂ ਦੀ ਗਿਣਤੀ ਵਧਾਈ ਜਾ ਰਹੀ ਹੈ, ਜਿਸ ਨਾਲ ਕਰਦ ਵਿੱਚ ਇਜ਼ਾਫ਼ਾ ਹੋ ਰਿਹਾ ਹੈ।

Guru Nanak's Free Kitchen
LOVE ALL, FEED ALL

ਸੰਗਤਾਂ ਨੂੰ ਸਾਹਿਯੋਗ ਲਈ ਬੇਨਤੀ

ਗੁਰੂ ਨਾਨਕ ਫਰੀ ਕਿਚਨ ਵਲੋਂ ਪਿਛਲੇ 15-16 ਸਾਲਾਂ ਤੋਂ ਵੈਨਕੂਵਰ 'ਚ ਲੋੜਵੰਦ ਲੋਕਾਂ ਲਈ ਲੰਗਰ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋੜਵੰਦ ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਪਿਛਲੇ ਸਾਲ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਫਰੀ ਕਿਚਨ ਲਈ ਵੈਨਕੂਵਰ 'ਚ ਇਮਾਰਤ ਖਰੀਦੀ ਗਈ ਸੀ। ਹੁਣ ਇਸ ਇਮਾਰਤ 'ਚ ਲੰਗਰ ਤਿਆਰ ਕਰਨ ਲਈ ਕਈ ਉਪਕਰਨ ਲਿਆਏ ਜਾਣੇ ਹਨ ਤਾਂ ਕਿ ਹਫ਼ਤੇ ਦੇ 7 ਦਿਨ ਲੋੜਵੰਦ ਲੋਕਾਂ ਲਈ ਲੰਗਰ ਤਿਆਰ ਕੀਤਾ ਜਾ ਸਕੇ। ਇਸ ਉਪਰਾਲੇ ਲਈ ਸੰਗਤਾਂ ਦੇ ਸਹਿਯੋਗ ਦੀ ਜ਼ਰੂਰਤ ਹੈ।




ਸੰਗਤਾਂ ਨੂੰ ਬੇਨਤੀ ਹੈ ਜੇਕਰ ਕੋਈ ਸੱਜਣ ਸੇਵਾਂ ਲੈਣੀ ਚਾਹੁੰਦੇ ਹਨ ਤਾਂ ਉਹ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰ ਸਕਦਾ ਹੈ।

778-895-1453, 604-771-7170

# ਟੋਰਾਂਟੋ ਪੁਲਿਸ ਵੱਲੋਂ ਇਤਿਹਾਸ ਦੀ ਸਭ ਤੋਂ ਵੱਡੀ ਕੋਕੀਨ ਦੀ ਖੇਪ ਬਰਾਮਦ

ਔਟਵਾ : ਟੋਰਾਂਟੋ ਪੁਲਿਸ ਨੇ ਆਪਣੇ ਇਤਿਹਾਸ ਦੀ ਸਭ ਤੋਂ ਵੱਡੀ ਨਸ਼ਿਆਂ ਦੀ ਖੇਪ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ। ਇਸ ਅਭਿਆਨ ਦੌਰਾਨ ਪੁਲਿਸ ਨੇ 835 ਕਿਲੋ ਕੋਕੀਨ ਜ਼ਬਤ ਕਰਦਿਆਂ ਛੇ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਬਰਾਮਦ ਕੀਤੇ ਨਸ਼ੇ ਦੀ ਕੀਮਤ 8 ਕਰੋੜ 30 ਲੱਖ ਡਾਲਰ ਅੰਕਿਤ ਕੀਤੀ ਗਈ ਹੈ। ਪੁਲਿਸ ਮੁਖੀ ਮਾਇਰਨ ਡਿਮਕਿਊ ਨੇ ਕਿਹਾ ਕਿ ਇਹ ਵੱਡੀ ਸਫਲਤਾ ਹੈ ਜਿਸ ਨਾਲ ਨਸ਼ਿਆਂ ਨੂੰ ਗਲੀਆਂ ਤੋਂ ਦੂਰ ਰੱਖਣ, ਹਿੰਸਾ ਘਟਾਉਣ ਅਤੇ ਅਪਰਾਧਕ ਗਿਰੋਹਾਂ ਦੇ ਚਾਲਾਂ ਦਾ ਪਰਦਾ ਫ਼ਾਸ਼ ਕਰਨ ਵਿੱਚ ਸਹਾਇਤਾ ਮਿਲੀ ਹੈ।

ਸੁਪਰਡੈਂਟ ਪੌਲ ਮੈਕਇਨਟਾਇਰ ਨੇ ਜਾਣਕਾਰੀ ਦਿਤੀ ਕਿ ਇਹ ਬਰਾਮਦਗੀ 'ਪ੍ਰੌਜੈਕਟ ਕੈਸਟਿਲੋ' ਦਾ ਹਿੱਸਾ ਸੀ। ਇਸ ਪ੍ਰੋਜੈਕਟ ਤਹਿਤ 475 ਕਿਲੋ ਕੋਕੀਨ ਮੈਕਸੀਕੋ ਤੋਂ ਅਮਰੀਕਾ ਰਾਹੀਂ ਕੈਨੇਡਾ ਆਉਂਦੇ ਇੱਕ ਟਰੱਕ




ਵਿਚੋਂ ਬਰਾਮਦ ਕੀਤੀ ਗਈ। ਇਸ ਮੁਹਿੰਮ ਵਿੱਚ ਯਾਰਕ ਰੀਜਨਲ ਪੁਲਿਸ, ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਅਤੇ ਵਿੰਡਸਰ ਪੁਲਿਸ ਨੇ ਸਹਿਯੋਗ ਦਿੱਤਾ। ਇਹ ਟਰੱਕ ਮੈਕਸੀਕੋ ਦੇ ਜੈਲਿਸਕੋ ਨਿਊ ਜੈਨਰੇਸ਼ਨ ਕਾਰਟੈਲ ਨਾਲ ਸਬੰਧਤ ਦੱਸਿਆ ਜਾ ਰਿਹਾ ਹੈ। ਟੋਰਾਂਟੋ ਪੁਲਿਸ ਨੂੰ ਪਹਿਲਾਂ ਹੀ ਇਹ ਸੂਹ ਮਿਲ ਚੁੱਕੀ ਸੀ ਕਿ ਗਰੇਟਰ ਟੋਰਾਂਟੋ ਏਰੀਆ ਵਿੱਚ ਇਸ ਖੇਪ ਨੂੰ ਵੇਚਿਆ ਜਾਣਾ ਹੈ। ਪੜਤਾਲ ਦੌਰਾਨ ਪਤਾ ਲੱਗਾ ਕਿ 18 ਟਾਇਰਾਂ ਵਾਲਾ ਟਰੱਕ, ਜੋ ਮੈਕਸੀਕੋ ਤੋਂ ਰਵਾਨਾ ਹੋਇਆ ਸੀ, ਅਮਰੀਕਾ ਰਾਹੀਂ ਕੈਨੇਡਾ ਵਿੱਚ ਦਾਖਲ ਹੋਇਆ।

ਟੋਰਾਂਟੋ ਪੁਲਿਸ ਵੱਲੋਂ ਤਲਾਸ਼ੀ ਵਾਰੰਟਾਂ ਦੇ ਆਧਾਰ ’ਤੇ ਕਈ ਟਿਕਾਣਿਆਂ ’ਤੇ ਛਾਪੇ ਮਾਰੇ ਗਏ। ਟਰੱਕ ਨਾਲ ਗ੍ਰਿਫ਼ਤਾਰ ਹੋਏ ਛੇ ਵਿਅਕਤੀਆਂ ਤੋਂ ਇਲਾਵਾ ਤਿੰਨ ਹੋਰ ਸ਼ੱਕੀਆਂ ਦੀ ਭਾਲ ਕੀਤੀ ਜਾ ਰਹੀ ਹੈ। ਸ਼ੱਕੀਆਂ ਵਿੱਚ ਨਿਆਗਰਾ ਫ਼ਾਲਜ਼ ਨਾਲ ਸਬੰਧਤ ਰੌਬਰਟ ਨੌਲਿਨ ਦਾ ਨਾਮ ਸ਼ਾਮਲ ਹੈ।

# ਪੈਸੇਫਿਕ ਅਕੈਡਮੀ ਸਕੂਲ ਦੇ ਵਿਦਿਆਰਥੀ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਖੇ ਨਤਮਸਤਕ ਹੋਏ

ਸਰੀ, (ਹਰਦਮ ਮਾਨ)-ਸਰੀ ਸਥਿਤ ਪੈਸੇਫਿਕ ਅਕੈਡਮੀ ਸਕੂਲ ਦੇ ਗਿਆਰਵੀਂ ਕਲਾਸ ਦੇ ਵਿਦਿਆਰਥੀ ਆਪਣੇ ਅਧਿਆਪਕ ਕਰਿਸ ਵੈਨਡਜ਼ੂਰਾ ਨਾਲ ਬੀਤੇ ਦਿਨੀਂ ਗੁਰਦੁਆਰਾ ਸਾਹਿਬ ਬਰੁੱਕਸਾਈਡ ਸਰੀ ਦੇ ਦਰਸ਼ਨ ਕਰਨ ਅਤੇ ਸਿੱਖ ਧਰਮ ਬਾਰੇ ਜਾਣਕਾਰੀ ਹਾਸਲ ਕਰਨ ਲਈ ਨਤਮਸਤਕ ਹੋਏ। ਕੈਨੇਡੀਅਨ ਰਾਮਗੜ੍ਹੀਆ ਸੁਸਾਇਟੀ ਵੱਲੋਂ ਪ੍ਰਧਾਨ ਬਲਵੀਰ ਸਿੰਘ ਚਾਨਾ ਅਤੇ ਮੀਡੀਆ ਸਕੱਤਰ ਸੁਰਿੰਦਰ ਸਿੰਘ ਜੱਬਲ ਨੇ ਉਨ੍ਹਾਂ ਨੂੰ ਜੀ ਆਇਆਂ ਕਿਹਾ ਅਤੇ ਗੁਰਦੁਆਰਾ ਸਾਹਿਬ ਦੀ ਮਰਿਯਾਦਾ ਅਤੇ ਸਿੱਖ ਧਰਮ ਸੰਬੰਧੀ ਮੁੱਢਲੀ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੇ ਜਗਿਆਸਾ ਪ੍ਰਗਟ ਰਕਦਿਆਂ ਵਾਰੋ ਵਾਰੀ ਸਿੱਖ ਧਰਮ ਬਾਰੇ ਅਤੇ ਗੁਰਦੁਆਰਾ ਸਾਹਿਬ ਵਿਚ ਦਿਖਾਈ ਦੇ ਰਹੇ ਪਹਿਲੂਆਂ ਬਾਰੇ ਆਪੋ ਆਪਣੇ ਸੁਆਲ ਵੀ ਪੁੱਛੇ।



ਵਰਨਣਯੋਗ ਹੈ ਕਿ ਪੈਸੇਫਿਕ ਅਕੈਡਮੀ ਸਕੂਲ ਇਕ ਪ੍ਰਾਈਵੇਟ ਸਕੂਲ ਹੈ ਅਤੇ ਇਸ ਦੇ ਅਧਿਆਪਕ ਕਰਿਸ ਵੈਨਡਜ਼ੂਰਾ ਵਿਦਿਆਰਥੀਆਂ ਨੂੰ ਗੁਰਦੁਆਰਾ ਸਾਹਿਬ ਬਰੁੱਕਸਾਈਡ ਵਿਚ ਅਕਸਰ ਹੀ ਲੈ ਕੇ ਆਉਂਦੇ ਹਨ ਤਾਂ ਜੋ ਵਿਦਿਆਰਥੀ ਆਪਣੇ ਆਂਢ ਗੁਆਂਢ ਦੇ ਲੋਕਾਂ ਦੇ ਸਭਿਆਚਾਰ ਅਤੇ ਧਰਮ ਤੋਂ ਵਾਕਿਫ਼ ਹੋ ਸਕਣ। ਵਿਦਿਆਰਥੀਆਂ ਦੇ ਇਸ ਗਰੁੱਪ ਵਿੱਚੋਂ ਬਹੁਤੇ ਵਿਦਿਆਰਥੀ ਪਹਿਲੀ ਵਾਰ ਹੀ ਕਿਸੇ ਗੁਰਦੁਆਰਾ ਸਾਹਿਬ ਵਿਚ ਆਏ ਸਨ। ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ ਨੇ ਬੜੇ ਹੀ ਆਦਰ ਸਤਿਕਾਰ ਨਾਲ ਲੰਗਰ ਦੀ ਸੇਵਾ ਨਿਭਾਈ। ਅਧਿਆਪਕ ਕਰਿਸ ਵੈਨਡਜ਼ੂਰਾ ਅਤੇ ਵਿਦਿਆਰਥੀਆਂ ਨੇ ਲੰਗਰ ਛਕਣ ਉਪਰੰਤ ਵਿਦਾਇਗੀ ਲੈਂਦਿਆਂ ਹੋਇਆਂ ਗੁਰਦੁਆਰਾ ਸਾਹਿਬ ਦੀਆਂ ਸੇਵਾਵਾਂ ਲਈ ਪ੍ਰਬੰਧਕਾਂ ਦਾ ਧੰਨਵਾਦ ਕੀਤਾ।

ਚੰਗੀਆਂ, ਵਧੀਆ, ਸਵਾਦੀ ਮਿਠਾਈਆਂ ਵਾਸਤੇ ਹਮੇਸ਼ਾ ਯਾਦ ਰੱਖੋ

SINCE 1997
SANJHA PUNJAB

ਸਾਂਝਾ ਪੰਜਾਬ ਸਵੀਟਸ

ਤਾਜ਼ੀਆਂ ਮਠਿਆਈਆਂ, ਸਮੋਸੇ, ਪਕੌੜੇ, ਸ਼ਪੈਸ਼ਲ ਖੋਏ ਦੀਆਂ ਮਠਿਆਈਆਂ, ਲੱਡੂ,ਜਲੇਬੀਆਂ, ਨਮਕੀਨ ਤਿਆਰ ਬਰ ਤਿਆਰ ਮਿਲਦੇ ਹਨ।

100% Vegitarian

Special Rates for Gurdwara & Mandir



CONTACT : SATJINDER SAMRA
604-930-9099

E-mail : sanjhapunjabsweets@gmail.com | Website : www.sanjhapunjabsweets.com
1-B 12830 96 Ave, Surrey, BC V3V 6A8

Keep Smiling Denture Clinic

Keep Smiling
Denture Clinic

Complete Denture · Implant Denture · Partial Denture

Care Home Mobile S[illegible] ਸਲਾਹ ਲਈ ਅੱਜ ਹੀ ਮਿਲੋ

ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?

ਜੇਕਰ ਤੁਸੀਂ ਕੈਨੇਡੀਅਨ ਡੈਂਟਲ ਕੇਅਰ ਪਲਾਨ ਦਾ ਕਾਰਡ ਮਿਲ ਗਿਆ ਹੈ ਤਾਂ ਫਿਰ ਆਪਣੀ ਸਲਾਹ ਦਾ ਸਮਾਂ ਬੁੱਕ ਕਰੋ

ਤਾਂ ਸਾਨੂੰ Suction Denture ਬਾਰੇ ਜਾਨਣ ਲਈ ਮਿਲੋ ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ ।



ਜੇ ਤੁਹਾਡੇ ਇੱਕ, ਇੱਕ ਤੋਂ ਵੱਧ ਦੰਦ ਨਿਕਲ ਚੁੱਕੇ ਹਨ, ਦੰਦ ਲਗਵਾਉਣੇ ਹਨ, ਦੰਦ ਪੁਰਾਣੇ ਹਨ ਜਾਂ ਹੁਣ ਨਵੇਂ ਲਗਵਾਉਣੇ ਹਨ। ਤੁਹਾਡੇ ਲਗਵਾਏ ਦੰਦ ਢਿੱਲੇ ਹਨ ਜਾਂ ਟੁੱਟ ਗਏ ਹਨ ਉਨ੍ਹਾਂ ਨੂੰ ਰੀਅਲਾਇਨ ਜਾਂ ਰਿਪੇਅਰ ਕਰਵਾਉਣ ਲਈ ਸਾਨੂੰ ਅੱਜ ਹੀ ਮਿਲੋ।

Gagan Chahal R.D.
Registered Denturist

SEMCD CERTIFIED CLINICIAN

Book Your Appointment
778-600-0811 | 778-600-0810
6834 King George Blvd Surrey BC | 2644 Cyril St Abbotsford BC

ਇੰਟਰਨੈਸ਼ਨਲ
ਪੰਜਾਬੀ ਟ੍ਰਿਬਿਊਨ

International
Punjabi Tribune

• **Rachhpal Singh Gill**
ਸੰਪਾਦਕ (ਕਾਰਜਕਾਰੀ)
604-616-2171

Funded by the Government of Canada | Financé par le gouvernement du Canada | Canada

**ADVISORY BOARD**

• **Gurvinder Singh Dhaliwal**
Vancouver,
604-825-1550

• **Gurlal Singh**
Journalist,

• **Hardam Singh Maan**
Surrey
604-308-6663

• **Virpal Singh Bhagta**
News Reporter | Punjab
+91 96532 00226

• **Ekjot Singh**
News Reporter

**Printed & Published in Canada by :**
**International Punjabi Tribune Inc.**

**604-584-5577** (Office)
**punjabitribune**
**iptribune@gmail.com**
**www.punjabitribune.ca**
**punjabitribune**

**NOTICE TO ADVERTISER**

International Punjabi Tribune does not accept any liability or damage caused by an error or inaccuracy in the printing of an advertisement beyond the amount paid for the space actually occupied by that portion of the advertisement in which error occurs. All advertising is subject to publisher's approval. International Punjabi Tribune reserves the right to turn down or edit any material forwarded to us for printing. The publisher does not guarantee the insertion of any particular advertisement on a specified date, or at all.

**Publisher is not responsible in any mishappening between the customer and Advertiser.**

**ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਵਿੱਚ ਛਪੀਆਂ ਰਚਨਾਵਾਂ ਨਾਲ਼ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲ਼ੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ ਨੂੰ ਰਚਨਾਵਾਂ ਵਿੱਚ ਲੋੜ ਅਨੁਸਾਰ ਕਾਂਟ-ਛਾਂਟ ਕਰਨ ਦਾ ਜਾਂ ਬਿਲਕੁਲ ਨਾਂ ਛਾਪਣ ਦਾ ਅਧਿਕਾਰ ਹੈ। ਅਸ਼ਲੀਲ, ਭੜਕਾਊ, ਨਸਲੀ ਵਿਤਕਰੇ ਜਾਂ ਕਿਸੇ ਵਿਅਕਤੀ 'ਤੇ ਨਿੱਜੀ ਅਧਾਰ ਵਾਲ਼ੀ ਰਚਨਾਂ ਛਾਪਣ ਤੋਂ ਅਸੀਂ ਅਸਮਰਥ ਹਾਂ। ਇਸ਼ਤਿਹਾਰਾਂ ਵਿੱਚ ਛਪੀ ਸਮੱਗਰੀ ਲਈ ਇਸ਼ਤਿਹਾਰਦਾਤਾ ਖੁਦ ਜਿੰਮੇਵਾਰ ਹੋਵੇਗਾ।**

# ਵਿਦੇਸ਼ ਜ਼ਰੂਰ ਜਾਓ, ਪਰ ਸੋਝ ਸਮਝ ਕੇ

**ਲਿਖਤ : ਪ੍ਰਿੰਸੀਪਲ ਵਿਜੈ ਕੁਮਾਰ**
**ਸੰਪਰਕ: 98726-27136**




ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਚੰਗੀ ਜ਼ਿੰਦਗੀ ਜਿਊਣ ਲਈ ਪੈਸੇ ਦੀ ਅਹਿਮੀਅਤ ਬਹੁਤ ਜ਼ਿਆਦਾ ਹੁੰਦੀ ਹੈ। ਪੈਸਾ ਕਮਾਉਣ ਦੀ ਦੌੜ ਵਿੱਚ ਅਸੀਂ ਜ਼ਿੰਦਗੀ ਜਿਊਣ ਦੇ ਅਰਥ ਹੀ ਭੁੱਲ ਜਾਈਏ, ਇਹ ਗੱਲ ਮਨੁੱਖੀ ਜ਼ਿੰਦਗੀ ਦੇ ਸਿਧਾਂਤਾਂ ਅਤੇ ਮਨੁੱਖੀ ਕਦਰਾਂ ਕੀਮਤਾਂ ਨਾਲ ਮੇਲ ਨਹੀਂ ਖਾਂਦੀ। ਜੇਕਰ ਪੈਸਾ ਕਮਾਉਣ ਦੇ ਚੱਕਰ ਵਿੱਚ ਆਪਣੇ ਸੁੱਖ ਆਰਾਮ ਹੀ ਖੋ ਬੈਠੀਏ, ਆਪਣੇ ਰਿਸ਼ਤੇ ਨਾਤਿਆਂ ਨੂੰ ਨਿਭਾਉਣ ਜੋਗੇ ਨਾ ਰਹੀਏ ਅਤੇ ਆਪਣਿਆਂ ਦੇ ਸੁੱਖ ਦੁੱਖ ਵੰਡਾਉਣ ਤੋਂ ਵੀ ਵਾਂਝੇ ਰਹਿ ਜਾਈਏ ਤਾਂ ਇਨ੍ਹਾਂ ਡਾਲਰਾਂ ਦੀ ਕਮਾਈ ਨਾਲ ਕਰੋੜਪਤੀ ਹੋਣ ਦਾ ਕੀ ਫਾਇਦਾ? ਅਮਰੀਕਾ, ਕੈਨੇਡਾ, ਨਿਊਜ਼ੀਲੈਂਡ, ਆਸਟਰੇਲੀਆ, ਨਾਰਵੇ, ਇੰਗਲੈਂਡ, ਫਰਾਂਸ ਅਤੇ ਹੋਰ ਦੇਸ਼ਾਂ ਵਿੱਚ ਵਸ ਰਹੇ ਸਾਡੇ ਦੇਸ਼ ਦੇ ਲੋਕਾਂ ਦੀ ਜ਼ਿੰਦਗੀ ਨੂੰ ਲੈ ਕੇ ਸੋਸ਼ਲ, ਪ੍ਰਿੰਟ ਅਤੇ ਬਿਜਲਈ ਮੀਡੀਆ ਵਿੱਚ ਨਸਰ ਹੋ ਰਹੀਆਂ ਖ਼ਬਰਾਂ ਨੂੰ ਪੜ੍ਹ ਕੇ ਅਤੇ ਸੁਣ ਕੇ ਹਰ ਸੰਵੇਦਨਸ਼ੀਲ ਮਨੁੱਖ ਦੀ ਰੂਹ ਕੰਬ ਉੱਠਦੀ ਹੈ। ਉਹ ਇਹ ਸੋਚਣ ਲਈ ਮਜਬੂਰ ਹੋ ਜਾਂਦਾ ਹੈ ਕਿ ਡਾਲਰਾਂ ਦੀ ਕਮਾਈ ਨਾਲ ਕਰੋੜਪਤੀ ਬਣਨ ਦੀ ਦੌੜ ਨੇ ਵਿਦੇਸ਼ਾਂ ਵਿੱਚ ਵਸਣ ਵਾਲੇ ਲੋਕਾਂ ਨੂੰ ਕਿੰਨਾ ਪੱਥਰ ਦਿਲ ਬਣਾ ਦਿੱਤਾ ਹੈ। ਇਨ੍ਹਾਂ ਵਿਦੇਸ਼ੀ ਮੁਲਕਾਂ ਦੇ ਡਾਲਰਾਂ ਦੀ ਚਮਕ ਨੇ ਉਨ੍ਹਾਂ ਨੂੰ ਆਪਣਿਆਂ ਦੀ ਮੋਹ ਮਮਤਾ, ਇੱਕ ਦੂਜੇ ਨਾਲ ਲਗਾਅ ਅਤੇ ਸੰਵੇਦਨਸ਼ੀਲਤਾ ਤੋਂ ਵਿਹੂਣੇ ਕਰ ਦਿੱਤਾ ਹੈ। ਕੋਈ ਸਮਾਂ ਸੀ ਕਿ ਸਾਡੇ ਦੇਸ਼ ਦੇ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿੱਚੋਂ ਕੋਈ ਵਿਰਲਾ ਬੰਦਾ ਹੀ ਪੜ੍ਹਾਈ, ਵਿਆਹ ਜਾਂ ਫਿਰ ਕਿਸੇ ਹੋਰ ਕਾਰਨ ਵਿਦੇਸ਼ ਜਾਂਦਾ ਸੀ। ਆਪਣਿਆਂ ਅਤੇ ਆਪਣੇ ਦੇਸ਼ ਨੂੰ ਛੱਡ ਕੇ ਵਿਦੇਸ਼ ਜਾਣ ਦਾ ਮਨ ਬਹੁਤ ਘੱਟ ਲੋਕਾਂ ਦਾ ਕਰਦਾ ਸੀ, ਪਰ ਅਜੋਕੇ ਦੌਰ ਵਿੱਚ ਹਾਲਤ ਇਹ ਹੈ ਕਿ ਨੌਜਵਾਨ ਮੁੰਡੇ-ਕੁੜੀਆਂ ਦੇ ਮਨਾਂ ਵਿੱਚ ਵਿਦੇਸ਼ ਜਾਣ ਦਾ ਐਨਾ ਜਨੂੰਨ ਹੈ ਕਿ ਉਹ ਆਪਣਿਆਂ ਨਾਲ ਅਤੇ ਆਪਣੇ ਦੇਸ਼ ਵਿੱਚ ਰਹਿਣਾ ਹੀ ਨਹੀਂ ਚਾਹੁੰਦੇ। ਆਪਣੇ ਦੇਸ਼ ਵਿੱਚ ਉਹੀ ਬੱਚੇ ਰਹਿ ਰਹੇ ਹਨ ਜਿਹੜੇ ਕਿਸੇ ਨਾ ਕਿਸੇ ਕਾਰਨ ਵਿਦੇਸ਼ ਜਾ ਨਹੀਂ ਸਕੇ।

ਉਨ੍ਹਾਂ ਦੀ ਸੋਚ ਇਹ ਬਣ ਚੁੱਕੀ ਹੈ ਕਿ ਜਿਹੜਾ ਵਿਦੇਸ਼ ਨਾ ਜਾ ਸਕਿਆ, ਉਸ ਦੀ ਜ਼ਿੰਦਗੀ ਹੀ ਬੇਕਾਰ ਹੈ। ਇੱਕ ਨੌਜਵਾਨ ਮੁੰਡੇ ਦਾ ਵਿਦੇਸ਼ ਜਾਣ ਵਿੱਚ ਸਫਲ ਨਾ ਹੋ ਸਕਣ ਕਾਰਨ ਆਤਮਹੱਤਿਆ ਕਰ ਲੈਣਾ ਨੌਜਵਾਨ ਪੀੜ੍ਹੀ ਦੇ ਵਿਦੇਸ਼ ਜਾਣ ਦੇ ਜਨੂੰਨ ਨੂੰ ਦਰਸਾਉਂਦਾ ਹੈ। ਸਾਡੇ ਦੇਸ਼ ਦੇ ਖ਼ਾਸ ਕਰਕੇ ਪੰਜਾਬ ਦੇ ਬਹੁਗਿਣਤੀ ਨੌਜਵਾਨ ਮੁੰਡੇ-ਕੁੜੀਆਂ ਦਾ ਆਪਣੇ ਬੁੱਢੇ ਮਾਪਿਆਂ ਨੂੰ ਬੇਸਹਾਰਾ ਛੱਡ ਕੇ ਵਿਦੇਸ਼ਾਂ ਲਈ ਪਰਵਾਸ ਕਰਨਾ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਦੇ ਹਰ ਦੂਜੇ ਤੀਜੇ ਪਰਿਵਾਰ ਦੀ ਦਾਸਤਾਨ ਬਣਦਾ ਜਾ ਰਿਹਾ ਹੈ।

ਪੰਜਾਬ ਦੇ ਇੱਕ ਪਿੰਡ ਦੇ ਬਜ਼ੁਰਗ ਨੇ ਆਪਣਾ ਦੁੱਖ ਰੋਂਦਿਆਂ ਹੋਇਆਂ ਦੱਸਿਆ ਕਿ ਉਸ ਦਾ ਇੱਕ ਪੁੱਤਰ ਆਸਟਰੇਲੀਆ ਅਤੇ ਦੂਜਾ ਇਟਲੀ ਚਲਾ ਗਿਆ ਹੈ। ਉਹ ਪੱਕੇ ਹੋਣ ਦੇ ਚੱਕਰ ਵਿੱਚ ਆਪਣੀ ਮਾਂ ਦੇ ਮਰਨੇ ਉੱਤੇ ਵੀ ਨਹੀਂ ਆ ਸਕੇ। ਉਹ ਆਪਣੀ ਜੱਦੀ ਪੁਸ਼ਤੀ 25 ਕਿੱਲੇ ਜ਼ਮੀਨ ਛੱਡ ਕੇ ਵਿਦੇਸ਼ ਜਾ ਵਸੇ ਹਨ। ਜ਼ਮੀਨ ਵਟਾਈ ਉੱਤੇ ਦਿੱਤੀ ਹੋਈ ਹੈ। ਰੋਟੀ ਉਸ ਨੂੰ ਖ਼ੁਦ ਪਕਾਉਣੀ ਪੈਂਦੀ ਹੈ ਤੇ ਬਿਮਾਰ ਪੈਣ 'ਤੇ ਡਾਕਟਰ ਕੋਲ ਜਾਣ ਲਈ ਲੋਕਾਂ ਦੀਆਂ ਮਿੰਨਤਾਂ ਕਰਨੀਆਂ ਪੈਂਦੀਆਂ ਹਨ। ਅਮੀਰ ਹੋਣ ਲਈ, ਗ਼ਰੀਬੀ ਦੂਰ ਕਰਨ ਲਈ ਵਿਦੇਸ਼ਾਂ ਵਿੱਚ ਜਾ ਕੇ ਡਾਲਰ ਕਮਾਉਣ ਦੀ ਗੱਲ ਕਿਸੇ ਹੱਦ ਤੱਕ ਸਮਝ ਆਉਂਦੀ ਹੈ, ਪਰ ਆਪਣੇ ਪਰਿਵਾਰ ਦੇ 60 ਕਿੱਲੇ ਜ਼ਮੀਨ ਦੂਜਿਆਂ ਦੇ ਹੱਥ ਫੜਾ ਕੇ ਅਤੇ ਆਪਣੇ ਮਾਪਿਆਂ ਨੂੰ ਬੇਸਹਾਰਾ ਛੱਡ ਕੇ ਡਾਲਰ ਕਮਾਉਣ ਲਈ ਵਿਦੇਸ਼ ਚਲੇ ਜਾਣਾ ਆਪਣੇ ਆਪ ਵਿੱਚ ਬੜੇ ਸਵਾਲ ਖੜ੍ਹੇ ਕਰਦਾ ਹੈ।

ਆਪਣੇ ਪੋਤੇ-ਪੋਤੀਆਂ ਅਤੇ ਦੋਹਤੇ-ਦੋਹਤੀਆਂ ਨੂੰ ਵਿਦੇਸ਼ਾਂ ਵਿੱਚ ਪਾਲਣ ਗਏ ਅਤੇ ਪੱਕੇ ਤੌਰ 'ਤੇ ਆਪਣੇ ਬੱਚਿਆਂ ਨਾਲ ਰਹਿ ਰਹੇ ਬਜ਼ੁਰਗਾਂ ਦਾ ਪਾਰਕਾਂ ਵਿੱਚ ਬੈਠ ਕੇ ਇੱਕ ਦੂਜੇ ਨਾਲ ਇਹ ਦੁੱਖੜੇ ਰੋਣਾ ਕਿ ਉਨ੍ਹਾਂ ਦੇ ਪਿੱਛੋਂ ਉਨ੍ਹਾਂ ਦੇ ਮਕਾਨਾਂ ਨੂੰ ਜਿੰਦਰੇ ਲੱਗੇ ਹੋਏ ਹਨ, ਲੋਕਾਂ ਨੇ ਉਨ੍ਹਾਂ ਦੀ ਜ਼ਮੀਨ ਉੱਤੇ ਕਬਜ਼ਾ ਕਰ ਲਿਆ ਹੈ। ਉਨ੍ਹਾਂ ਦੀਆਂ ਨੂੰਹਾਂ ਉਨ੍ਹਾਂ ਨਾਲ ਚੰਗਾ ਸਲੂਕ ਨਹੀਂ ਕਰਦੀਆਂ, ਉਨ੍ਹਾਂ ਦੇ ਬੱਚੇ ਉਨ੍ਹਾਂ ਕੋਲ ਬੈਠਦੇ ਨਹੀਂ, ਕਿਸ ਕੋਲ ਆਪਣੇ ਦੁੱਖ ਰੋਈਏ, ਉਹ ਤਾਂ ਆਪਣੇ ਰਿਸ਼ਤੇਦਾਰਾਂ ਨੂੰ ਵੀ ਮਿਲਣ ਤੋਂ ਜਾਂਦੇ ਰਹੇ। ਇਹ ਸਭ ਬਜ਼ੁਰਗਾਂ ਦੀ ਜ਼ਿੰਦਗੀ ਦੀ ਤ੍ਰਾਸਦੀ ਨੂੰ ਬਿਆਨ ਕਰਦਾ ਹੈ।

ਵਿਦੇਸ਼ਾਂ ਵਿੱਚ ਡਾਲਰ ਕਮਾਉਣ ਦੀ ਦੌੜ ਵਿੱਚ ਜ਼ਮੀਨਾਂ ਵੇਚ ਕੇ, ਗਹਿਣੇ ਰੱਖ ਕੇ ਅਤੇ ਬੈਂਕਾਂ ਤੋਂ ਕਰਜ਼ਾ ਚੁੱਕ ਕੇ ਵਿਦੇਸ਼ਾਂ ਵਿੱਚ ਬੇਰੁਜ਼ਗਾਰੀ ਦਾ ਸੰਤਾਪ ਭੋਗਣਾ, ਏਜੰਟਾਂ ਦੇ ਧੋਖੇ ਦਾ ਸਕਿਾਰ ਹੋਣਾ, ਚੰਗੀ ਆਰਾਮ ਦੀ ਜ਼ਿੰਦਗੀ ਛੱਡ ਕੇ ਬੇਸਮੈਂਟਾਂ ਵਿੱਚ ਰਹਿਣ ਲਈ ਮਜਬੂਰ ਹੋਣਾ, ਮਾਪਿਆਂ ਤੇ ਬੱਚਿਆਂ ਦਾ ਇੱਕ ਦੂਜੇ ਨੂੰ ਮਿਲਣ ਲਈ ਤਰਸਣਾ ਨੌਜਵਾਨ ਮੁੰਡੇ-ਕੁੜੀਆਂ ਦੀ ਬੇਸਮੀਗ ਦਾ ਪ੍ਰਮਾਣ ਹੈ। ਸਿਰਫ਼ ਡਾਲਰਾਂ ਦੀ ਕਮਾਈ ਲਈ ਡਾਕਟਰ, ਵਕੀਲ, ਬੈਂਕਰ, ਇੰਜ਼ਿਨੀਅਰ, ਪ੍ਰੋਫ਼ੈਸਰ ਅਤੇ ਹੋਰ ਅਹੁਦਿਆਂ ਨੂੰ ਛੱਡ ਕੇ ਬੱਚਿਆਂ ਦਾ ਵਿਦੇਸ਼ਾਂ ਵਿੱਚ ਜਾ ਕੇ ਡਰਾਈਵਿੰਗ, ਸਕਿਓਰਿਟੀ ਅਤੇ ਹੋਰ ਖੇਤਰਾਂ ਵਿੱਚ ਕੰਮ ਕਰਨਾ ਕੋਈ ਸਮਝਦਾਰੀ ਵਾਲੀ ਸੋਚ ਨਹੀਂ ਹੈ।

ਅਮਰੀਕਾ ਵਸਦੇ ਇੱਕ ਮੁੰਡੇ ਦੇ ਮਾਪਿਆਂ ਦਾ ਕਹਿਣਾ ਹੈ ਕਿ ਜਦੋਂ ਅਸੀਂ ਆਪਣੇ ਦੇਸ਼ ਆ ਜਾਂਦੇ ਹਾਂ ਤਾਂ ਉਨ੍ਹਾਂ ਦੇ ਮੁੰਡੇ ਦੇ ਸੱਸ-ਸਹੁਰਾ ਉਨ੍ਹਾਂ ਲਈ ਇੱਕ ਦਿਨ ਆ ਕੇ ਹਫ਼ਤੇ ਦੀਆਂ ਰੋਟੀਆਂ ਪਕਾ ਕੇ ਫਰਿੱਜ ਵਿੱਚ ਰੱਖ ਜਾਂਦੇ ਹਨ ਤੇ ਉਹ ਹਫ਼ਤਾ ਭਰ ਉਹ ਰੋਟੀਆਂ ਖਾ ਕੇ ਗੁਜ਼ਾਰਾ ਚਲਾਉਂਦੇ ਰਹਿੰਦੇ ਹਨ। ਹੁਣ ਇਹ ਦੱਸੋ ਕਿ ਡਾਲਰਾਂ ਦੀ ਕਮਾਈ ਲਈ ਸਿਹਤ ਨਾਲ ਸਮਝੌਤਾ ਕਰਨਾ ਕਿੰਨਾ ਕੁ ਠੀਕ ਹੈ। ਡਾਲਰਾਂ ਦੀ ਕਮਾਈ ਦੇ ਮੁਕਾਬਲੇ ਡਰਾਈਵਿੰਗ ਦਾ ਧੰਦਾ ਕਰਨ ਵਾਲੇ ਗੱਡੀਆਂ ਦੂਰ ਲੈ ਕੇ ਜਾਣ ਵਾਲੇ ਵਿਅਕਤੀਆਂ ਦਾ ਸੱਤ ਦਿਨਾਂ ਦੀਆਂ ਰੋਟੀਆਂ ਨਾਲ ਲੈ ਕੇ ਜਾਣਾ, ਅਨੇਕ ਸਮੱਸਿਆਵਾਂ ਵਿੱਚੋਂ ਗੁਜ਼ਰਨਾ, ਉਨ੍ਹਾਂ ਦੇ ਪਿੱਛੋਂ ਉਨ੍ਹਾਂ ਦੇ ਪਰਿਵਾਰ ਦਾ ਅਨੇਕਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਬਹੁਤ ਮਹਿੰਗਾ ਸੌਦਾ ਹੈ।

ਮੇਰੇ ਇੱਕ ਜਮਾਤੀ ਦਾ ਵਿਦੇਸ਼ ਗਿਆ ਮੁੰਡਾ ਇੱਕ ਹਸਪਤਾਲ ਵਿੱਚ ਜ਼ੇਰੇ ਇਲਾਜ ਆਪਣੇ ਮਾਂ-ਬਾਪ ਨੂੰ ਮਿਲਣ ਲਈ ਤਰਸਦਾ ਰਿਹਾ। ਜਦੋਂ ਉਸ ਦੇ ਮਾਂ-ਬਾਪ ਪਹੁੰਚੇ, ਉਦੋਂ ਉਹ ਮਰ ਚੁੱਕਾ ਸੀ। ਡਾਲਰ ਕਮਾਉਣ ਲਈ ਵਿਦੇਸ਼ ਜ਼ਰੂਰ ਜਾਓ, ਪਰ ਆਪਣੇ ਬਜ਼ੁਰਗ ਮਾਪਿਆਂ ਨੂੰ ਬੇਸਹਾਰਾ ਕਰਕੇ ਨਹੀਂ। ਜੇਕਰ ਆਪਣੇ ਦੇਸ਼ ਵਿੱਚ ਚੰਗਾ ਗੁਜ਼ਾਰਾ ਹੁੰਦਾ ਹੋਵੇ ਤਾਂ ਆਪਣੀ ਸੁੱਖਾਂ ਭਰੀ ਜ਼ਿੰਦਗੀ ਛੱਡ ਕੇ ਵਿਦੇਸ਼ ਜਾਣ ਦੀ ਗ਼ਲਤੀ ਕਦੇ ਨਾ ਕਰੋ। ਆਪਣੇ ਦੇਸ਼ ਦੀਆਂ ਚੰਗੇ ਅਹੁਦਿਆਂ ਵਾਲੀਆਂ ਨੌਕਰੀਆਂ ਛੱਡ ਕੇ ਇੱਕ ਦੂਜੇ ਨੂੰ ਵੇਖੋ ਵੇਖੀ ਡਾਲਰ ਕਮਾਉਣ ਦੀ ਦੌੜ ਵਿੱਚ ਵਿਦੇਸ਼ਾਂ ਵਿੱਚ ਜਾ ਕੇ ਛੋਟੀਆਂ ਮੋਟੀਆਂ ਨੌਕਰੀਆਂ ਕਰਨਾ ਕੋਈ ਸਿਆਣਪ ਦੀ ਗੱਲ ਨਹੀਂ ਹੈ। ਕਰਜ਼ੇ ਚੁੱਕ ਕੇ, ਜ਼ਮੀਨ ਵੇਚ ਕੇ ਅਤੇ ਗਹਿਣੇ ਰੱਖ ਕੇ ਵਿਦੇਸ਼ਾਂ ਵਿੱਚ ਰੁਜ਼ਗਾਰ ਲਈ ਭਟਕਣ ਨਾਲੋਂ ਆਪਣੇ ਦੇਸ਼ ਵਿੱਚ ਮਿਹਨਤ ਕਰਨਾ ਸੌ ਦਰਜੇ ਬਿਹਤਰ ਹੈ। ਵਿਦੇਸ਼ ਜ਼ਰੂਰ ਜਾਓ, ਪਰ ਜਾਣ ਤੋਂ ਪਹਿਲਾਂ ਜ਼ਿੰਦਗੀ ਦੇ ਹਰ ਪੱਖ ਨੂੰ ਨਿਰਖ ਪਰਖ ਕੇ ਆਪਣਾ ਨਫਾ ਨੁਕਸਾਨ ਵੇਖ ਕੇ ਜਾਓ।

# ਫਿਲਮ 'ਪੰਜਾਬ 95' ਦੀ ਰਿਲੀਜ਼ 'ਤੇ ਲੱਗੀ ਰੋਕ, ਸੈਂਸਰ ਬੋਰਡ ਨੇ ਰੱਖੀਆਂ ਸ਼ਰਤਾਂ

ਚੰਗੀਗੜ੍ਹ : ਫ਼ਿਲਮ 'ਪੰਜਾਬ '95' ਦਾ ਨਾਮ ਲਿਖ ਕੇ ਮਾਰਿਆ ਕਾਟਾ ਅਤੇ ਫਿਰ ਲਿਖਿਆ 'ਧੱਕਾ'। ਫ਼ਿਲਮ ਦੇ ਨਿਰਦੇਸ਼ਕ ਹਨੀ ਤ੍ਰੇਹਨ ਨੇ ਇੰਸਟਾਗ੍ਰਾਮ ਉੱਤੇ ਇਹ ਸਟੋਰੀ ਪਾਈ ਹੈ। ਹਾਲਾਂਕਿ ਉਨ੍ਹਾਂ ਨੇ ਫ਼ਿਲਮ ਦੀ ਰਿਲੀਜ਼ ਬਾਰੇ ਕੁਝ ਨਹੀਂ ਲਿਖਿਆ। ਪਰ ਫ਼ਿਲਮ ਸਮੀਖਿਅਕਾਂ ਮੁਤਾਬਕ ਹਨੀ ਤ੍ਰੇਹਨ ਦੀ ਇਹ ਪੋਸਟ ਸੰਕੇਤਕ ਹੈ, ਦਰਅਸਲ ਉਨ੍ਹਾਂ ਨੇ ਇਸ ਸਟੋਰੀ ਰਾਹੀਂ ਫ਼ਿਲਮ ਦੀ ਭਾਰਤ ਦੇ ਕੇਂਦਰੀ ਸੈਂਸਰ ਬੋਰਡ ਦੀ ਕਲੀਅਰੈਂਸ ਨੂੰ ਲੈ ਕੇ ਰੋਸ ਦਾ ਪ੍ਰਗਟਾਵਾ ਕੀਤਾ ਹੈ। ਪੰਜਾਬੀ ਅਦਾਕਾਰ-ਗਾਇਕ ਦਿਲਜੀਤ ਦੋਸਾਂਝ ਦੀ ਫਿਲਮ 'ਪੰਜਾਬ 95' ਹੁਣ 7 ਫਰਵਰੀ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਰਿਲੀਜ਼ ਨਹੀਂ ਹੋਵੇਗੀ। ਦਿਲਜੀਤ ਨੇ ਖ਼ੁਦ ਇਹ ਜਾਣਕਾਰੀ ਆਪਣੇ ਪ੍ਰਸ਼ੰਸਕਾਂ ਨਾਲ ਸਾਂਝੀ ਕੀਤੀ ਹੈ। ਇਹ ਫਿਲਮ ਜਸਵੰਤ ਸਿੰਘ ਖਾਲੜਾ ਦੇ ਜੀਵਨ 'ਤੇ ਆਧਾਰਿਤ ਹੈ, ਜੋ ਪੰਜਾਬ ਦੇ ਤਰਨਤਾਰਨ ਜ਼ਿਲ੍ਹੇ ਤੋਂ ਸਨ। ਇਸ ਦੀ ਰਿਲੀਜ਼ ਨੂੰ ਲੈ ਕੇ ਭਾਰਤ ਵਿੱਚ ਪਹਿਲਾਂ ਹੀ ਵਿਵਾਦ ਚੱਲ ਰਿਹਾ ਹੈ। ਦਿਲਜੀਤ ਦੋਸਾਂਝ ਨੇ ਆਪਣੀ ਇੰਸਟਾਗ੍ਰਾਮ ਸਟੋਰੀ ਵਿੱਚ ਸਾਂਝਾ ਕੀਤਾ - ਸਾਨੂੰ ਇਹ ਦੱਸਦਿਆਂ ਹੋਇਆਂ ਦੁੱਖ ਹੋ ਰਿਹਾ ਹੈ ਕਿ ਫਿਲਮ 'ਪੰਜਾਬ 95' 7 ਫਰਵਰੀ ਨੂੰ ਰਿਲੀਜ਼ ਨਹੀਂ ਹੋਵੇਗੀ, ਕੁਝ ਸਥਿਤੀਆਂ ਸਾਡੇ ਕੰਟਰੋਲ ਤੋਂ ਬਾਹਰ ਹਨ।

ਇਹ ਫਿਲਮ ਪਹਿਲਾਂ ਹੀ ਭਾਰਤ ਵਿੱਚ ਰਿਲੀਜ਼ ਨਹੀਂ ਹੋ ਰਹੀ ਸੀ। ਕਿਉਂਕਿ, ਸੈਂਟਰਲ ਬੋਰਡ ਆਫ਼ ਫਿਲਮ ਸਰਟੀਫਿਕੇਸ਼ਨ (ਛਭਢਛ) ਨੇ ਫਿਲਮ ਵਿੱਚ 120 ਕੱਟਸ ਦੀ ਮੰਗ ਕੀਤੀ ਸੀ, ਪਰ ਨਿਰਮਾਤਾ, ਨਿਰਦੇਸ਼ਕ ਅਤੇ ਖਾਲੜਾ ਪਰਿਵਾਰ ਦੇ ਮੈਂਬਰ ਇਸ ਲਈ ਸਹਿਮਤ ਨਹੀਂ ਹੋਏ ਸਨ। ਜਿਸ ਤੋਂ ਬਾਅਦ ਇਹ ਫੈਸਲਾ ਲਿਆ ਗਿਆ ਹੈ ਕਿ ਇਹ ਫਿਲਮ ਭਾਰਤੀ ਸਿਨੇਮਾਘਰਾਂ ਵਿੱਚ ਨਹੀਂ ਦਿਖਾਈ ਜਾਵੇਗੀ। ਇੰਨਾ ਹੀ ਨਹੀਂ, ਫਿਲਮ ਦਾ ਟੀਜ਼ਰ ਵੀ ਭਾਰਤ ਵਿੱਚ ਯੂਟਿਊਬ ਤੋਂ ਹਟਾ ਦਿੱਤਾ ਗਿਆ ਸੀ।

ਇਸ ਤੋਂ ਪਹਿਲਾਂ, ਦਿਲਜੀਤ ਦੋਸਾਂਝ ਨੇ ਖ਼ੁਦ ਇੰਸਟਾਗ੍ਰਾਮ 'ਤੇ ਇੱਕ ਸਟੋਰੀ ਪੋਸਟ ਕੀਤੀ ਸੀ ਅਤੇ ਦੱਸਿਆ ਸੀ ਕਿ ਇਹ ਫਿਲਮ 7 ਫਰਵਰੀ ਨੂੰ ਵਿਦੇਸ਼ਾਂ (ਆਸਟ੍ਰੇਲੀਆ, ਯੂਕੇ (ਯੂਨਾਈਟਿਡ ਕਿੰਗਡਮ), ਕੈਨੇਡਾ ਅਤੇ ਅਮਰੀਕਾ) ਵਿੱਚ ਰਿਲੀਜ਼ ਹੋ ਰਹੀ ਹੈ। ਸੋਸ਼ਲ ਮੀਡੀਆ 'ਤੇ ਇੱਕ ਪੋਸਟ ਸਾਂਝੀ ਕਰਦਿਆਂ ਹੋਇਆਂ ਦਿਲਜੀਤ ਨੇ ਖ਼ੁਦ ਫਿਲਮ ਦੀ ਰਿਲੀਜ਼ ਡੇਟ ਬਾਰੇ ਦੱਸਿਆ। ਪੋਸਟ ਵਿੱਚ ਦਿਲਜੀਤ ਨੇ ਲਿਖਿਆ - ਫੁੱਲ ਮੂਵੀ, ਨੋ ਕਟਸ। ਦਿਲਜੀਤ ਦੀ ਪੋਸਟ ਤੋਂ ਸਾਫ ਹੋ ਗਿਆ ਹੈ ਕਿ ਫਿਲਮ ਬਿਨਾਂ ਕਟਸ ਤੋਂ ਰਿਲੀਜ਼ ਹੋਣ ਜਾ ਰਹੀ ਹੈ।

ਇਸ ਤੋਂ ਪਹਿਲਾਂ, ਦਿਲਜੀਤ ਦੋਸਾਂਝ ਨੇ ਖ਼ੁਦ ਇੰਸਟਾਗ੍ਰਾਮ 'ਤੇ ਇੱਕ ਸਟੋਰੀ ਪੋਸਟ ਕੀਤੀ ਸੀ ਅਤੇ ਦੱਸਿਆ ਸੀ ਕਿ ਇਹ ਫਿਲਮ 7 ਫਰਵਰੀ ਨੂੰ ਵਿਦੇਸ਼ਾਂ (ਆਸਟ੍ਰੇਲੀਆ, ਯੂਕੇ (ਯੂਨਾਈਟਿਡ ਕਿੰਗਡਮ), ਕੈਨੇਡਾ ਅਤੇ ਅਮਰੀਕਾ) ਵਿੱਚ ਰਿਲੀਜ਼ ਹੋ ਰਹੀ ਹੈ। ਸੋਸ਼ਲ ਮੀਡੀਆ 'ਤੇ ਇੱਕ ਪੋਸਟ ਸਾਂਝੀ ਕਰਦਿਆਂ ਹੋਇਆਂ ਦਿਲਜੀਤ ਨੇ ਖ਼ੁਦ ਫਿਲਮ ਦੀ ਰਿਲੀਜ਼ ਡੇਟ ਬਾਰੇ ਦੱਸਿਆ। ਪੋਸਟ ਵਿੱਚ ਦਿਲਜੀਤ ਨੇ ਲਿਖਿਆ - ਫੁੱਲ ਮੂਵੀ, ਨੋ ਕਟਸ। ਦਿਲਜੀਤ ਦੀ ਪੋਸਟ ਤੋਂ ਸਾਫ ਹੋ ਗਿਆ ਹੈ ਕਿ ਫਿਲਮ ਬਿਨਾਂ ਕਟਸ ਤੋਂ ਰਿਲੀਜ਼ ਹੋਣ ਜਾ ਰਹੀ ਹੈ।

# ਭ੍ਰਿਸ਼ਟਾਚਾਰੀ ਨਿਜ਼ਾਮ ਵਿਚ ਪੱਤਰਕਾਰਾਂ ਦੀ ਸੁਰੱਖਿਆ ਦਾ ਸਵਾਲ

**ਲਿਖਤ : ਬੂਟਾ ਸਿੰਘ ਮਹਿਮੂਦਪੁਰ**

ਪਿਛਲੇ ਦਿਨੀਂ ਛੱਤੀਸਗੜ੍ਹ ਦੇ ਬਸਤਰ ਖੇਤਰ ਵਿਚ ਪੱਤਰਕਾਰ ਮੁਕੇਸ਼ ਚੰਦਰਾਕਰ ਦੇ ਵਹਿਸ਼ੀਆਨਾ ਕਤਲ ਨੇ ਪੱਤਰਕਾਰ ਭਾਈਚਾਰੇ ਸਮੇਤ ਮੀਡੀਆ ਦੀ ਆਜ਼ਾਦੀ ਦੇ ਹਮਾਇਤੀ ਹਰ ਇਨਸਾਫ਼ਪਸੰਦ ਨੂੰ ਝੰਜੋੜਿਆ ਹੈ। ਕਾਤਲਾਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਜ਼ੋਰਦਾਰ ਮੰਗ ਉੱਠਣਾ ਸੁਭਾਵਿਕ ਹੈ ਪਰ ਅਜਿਹੇ ਘਿਣਾਉਣੇ ਕਾਰਿਆਂ ਨੂੰ ਅੰਜਾਮ ਦੇਣ ਵਾਲੇ ਸਮਾਜ ਵਿਰੋਧੀ ਅਨਸਰਾਂ ਦੀ ਪੁਸ਼ਤਪਨਾਹੀ ਕਰਨ ਵਾਲੀਆਂ ਤਾਕਤਾਂ ਦੀ ਨਿਸ਼ਾਨਦੇਹੀ ਕੀਤੇ ਬਗੈਰ ਨਿਆਂ ਦੀ ਮੰਗ ਮਾਇਨੇ ਨਹੀਂ ਰੱਖਦੀ। ਇਸ ਕਤਲ ਦੀ ਨਿਖੇਧੀ ਕਰਨ ਵਾਲਿਆਂ ’ਚ ਹੁਕਮਰਾਨ ਭਾਜਪਾ ਦਾ ਮੌਜੂਦਾ ਮੁੱਖ ਮੰਤਰੀ ਤੇ ਹੋਰ ਆਗੂ ਵੀ ਸ਼ਾਮਲ ਹਨ ਜਿਨ੍ਹਾਂ ਦੇ ਮੀਡੀਆ ਅਤੇ ਵਿਚਾਰਾਂ ਦੀ ਆਜ਼ਾਦੀ ਪ੍ਰਤੀ ਫਾਸ਼ੀਵਾਦੀ ਰਵੱਈਏ ਤੋਂ ਕੁਲ ਦੁਨੀਆ ਬਖ਼ੂਬੀ ਵਾਕਫ਼ ਹੈ। ਇਸ ਕਤਲ ਉੱਪਰ ਮਗਰਮੱਛ ਵਾਲੇ ਹੰਝੂ ਵਹਾਉਣ ਵਾਲੇ ਪਾਖੰਡੀਆਂ ਵਿਚ ‘ਮੁੱਖਧਾਰਾ’ ਮੀਡੀਆ ਸਭ ਤੋਂ ਅੱਗੇ ਹੈ, ਜੋ ਬਸਤਰ ਵਿਚ ਭਾਰਤੀ ਰਾਜ ਵੱਲੋਂ ਆਦਿਵਾਸੀਆਂ ਦੀ ਨਸਲਕੁਸ਼ੀ ਅਤੇ ਇਨਕਲਾਬਪਸੰਦਾਂ ਦੇ ਕਰੂਰ ਕਤਲੇਆਮ ਵਿਚ ਭਾਈਵਾਲ ਹੈ ਅਤੇ ਜੋ ਭਾਜਪਾ ਸਰਕਾਰ ਦੀ ਨਕਸਲਵਾਦ ਦਾ ਸਫ਼ਾਇਆ ਕਰਨ ਦੀ ‘ਇਤਿਹਾਸਕ ਪ੍ਰਾਪਤੀ’ ਦਾ ਡੰਕਾ ਵਜਾ ਰਿਹਾ ਹੈ। ਪੱਤਰਕਾਰ ਦੇ ਕਤਲ ਦੇ ਸਨਸਨੀਖ਼ੇਜ਼ ਖ਼ੁਲਾਸੇ ਇਨ੍ਹਾਂ ਧੰਦੇਬਾਜ਼ ਗਿਰਝਾਂ ਲਈ ਮੁਨਾਫ਼ੇ ਬਟੋਰਨ ਦਾ ਜ਼ਰੀਆ ਹਨ। ਪਰ ਇਸ ਪੱਖ ਬਾਰੇ ਉਹ ਚੁੱਪ ਹਨ ਕਿ ਜ਼ਮੀਨੀ ਰਿਪੋਰਟਿੰਗ ਕਰਨ ਵਾਲੇ ਇਕ ਹੋਣਹਾਰ ਪੱਤਰਕਾਰ ਨੇ ਆਖ਼ਿਲਰਕਾਰ ‘ਮੁੱਖਧਾਰਾ’ ਮੀਡੀਆ ਦੀ ਵੰਗਾਰ ਕਰਨੀ ਛੱਡ ਕੇ ਯੂਟਿਊਬ ਪੱਤਰਕਾਰੀ ਕਰਨ ਦਾ ਰਾਹ ਕਿਉਂ ਚੁਣਿਆ। ਬਸਤਰ ਦੇ (ਬੀਜਾਪੁਰ ਜ਼ਿਲ੍ਹੇ) ਦੇ ਬਾਸਾਗੁੜਾ ਦਾ ਜੰਮਪਲ ਮੁਕੇਸ਼ ਚੰਦਰਾਕਰ ਹਾਸ਼ੀਏ ’ਤੇ ਧੱਕੇ ਭਾਈਚਾਰੇ ਵਿਚ ਜੰਮਿਆ-ਪਲਿਆ ਸੀ ਜਿਨ੍ਹਾਂ ਦੇ ਜੀਵਨ-ਗੁਜ਼ਾਰੇ ਦਾ ਇੱਕੋਇਕ ਵਸੀਲਾ ਜੰਗਲ ਦੀ ਜ਼ਮੀਨ ਵੀ ਭਾਰਤੀ ਹੁਕਮਰਾਨ ਕਾਰਪੋਰੇਟ ਸਰਮਾਏਦਾਰੀ ਦੇ ਖਣਨ ਪ੍ਰੋਜੈਕਟਾਂ ਲਈ ਖੋਹ ਰਹੇ ਹਨ। 2005 ’ਚ ਕੇਂਦਰ ਦੀ ਕਾਂਗਰਸ ਸਰਕਾਰ ਅਤੇ ਛੱਤੀਸਗੜ੍ਹ ਦੀ ਭਾਜਪਾ ਸਰਕਾਰ ਵੱਲੋਂ ਮਿਲ ਕੇ ਬਣਾਏ ਕਾਤਲ ਗਰੋਹ ‘ਸਲਵਾ ਜੁਡਮ’ ਵੱਲੋਂ ਬਸਤਰ ਵਿਚ ਜੋ ਸਾੜਸਤੀ ਅਤੇ ਕਤਲੇਆਮ ਕੀਤਾ ਗਿਆ ਉਸ ਕਾਰਨ ਮੁਕੇਸ਼ ਦੇ ਪਰਿਵਾਰ ਨੂੰ ਉਜਾੜੇ ਦਾ ਸੰਤਾਪ ਝੱਲਣਾ ਪਿਆ ਅਤੇ ਉਸਦੀ ਵਿਧਵਾ ਮਾਂ ਆਪਣੇ ਦੋ ਬੱਚਿਆਂ ਸਮੇਤ ਸਰਕਾਰ ਵੱਲੋਂ ਬਣਾਏ ਕਥਿਤ ਸ਼ਰਣਾਰਥੀ ਕੈਂਪਾਂ ਵਿਚ ਰਹਿਣ ਲਈ ਮਜਬੂਰ ਹੋ ਗਈ। ਬੇਹੱਦ ਔਖੇ ਹਾਲਾਤ ਵਿਚ ਪੜ੍ਹ-ਲਿਖ ਕੇ ਮੁਕੇਸ਼ ਨੇ ਬਸਤਰ ਦੇ ਲੋਕਾਂ ਦੇ ਦੁੱਖ-ਤਕਲੀਫ਼ਾਂ ਨੂੰ ਬਾਹਰਲੀ ਦੁਨੀਆ ਤੱਕ ਪਹੁੰਚਾਉਣ ਲਈ ਪੱਤਰਕਾਰੀ ਕਰਨੀ ਸ਼ੁਰੂ ਕੀਤੀ। ਛੱਤੀਸਗੜ੍ਹ ਦੀ ਰਾਜਧਾਨੀ ਰਾਇਪੁਰ ਅਤੇ ਦਿੱਲੀ ਵਿਚ ਬੈਠੇ ਵੱਡੇ ਮੀਡੀਆ ਸਮੂਹ ਉਸਦਾ ਰੱਜ ਕੇ ਸ਼ੋਸ਼ਣ ਕਰਦੇ ਸਨ। ਆਲੀਸ਼ਾਨ ਸਟੂਡੀ“ ਵਿਚ ਬੈਠੇ ਅੱਯਾਸ਼ ਪੱਤਰਕਾਰੀ ਕਰਨ ਵਾਲੇ ਐਂਕਰ ਉਸ ਦੀਆਂ ਬੇਹੱਦ ਸਖ਼ਤ ਮਿਹਨਤ ਅਤੇ ਖ਼ਤਰੇ ਮੁੱਲ ਲੈ ਕੇ ਤਿਆਰ ਕੀਤੀਆਂ ਜ਼ਮੀਨੀ ਰਿਪੋਰਟਾਂ ਨੂੰ ਪ੍ਰਤੀ ਰਿਪੋਰਟ 150 ਤੋਂ ਲੈ ਕੇ 300 ਰੁਪਏ ਦੀ ਨਿਗੂਣੀ ਅਦਾਇਗੀ ਬਦਲੇ ਆਪਣਾ ਨਾਮ ਚਮਕਾਉਣ ਲਈ ਵਰਤਦੇ ਰਹੇ ਅਤੇ ਉਸਦੇ ਨਾਂ ਦੀ ਬਾਈਲਾਈਨ ਹਟਾ ਕੇ ਰਿਪੋਰਟਾਂ ਆਪਣੇ ਖ਼ਾਤੇ ਪਾ ਲੈਂਦੇ ਸਨ। ਦਸ ਸਾਲ ਲੰਮੇ ਇਸ ਕੌੜੇ ਤਜਰਬੇ ’ਚੋਂ ਗੁਜ਼ਰ ਕੇ ਉਸਨੇ ਨਿਗੂਣੇ ਵਸੀਲਿਆਂ ਨਾਲ ਆਪਣਾ ਯੂਟਿਊਬ ਚੈਨਲ ‘ਬਸਤਰ ਜੰਕਸ਼ਨ’ ਸ਼ੁਰੂ ਕੀਤਾ ਅਤੇ ਸਖ਼ਤ ਮਿਹਨਤ ਦੀ ਬਦੌਲਤ ਇਕ ਲੱਖ ਪੈਂਹਠ ਹਜ਼ਾਰ ਸਬਸਕ੍ਰਾਈਬਰ ਬਣਾ ਲਏ। ਉਸਨੇ ਆਦਿਵਾਸੀ ਇਲਾਕਿਆਂ ਵਿਚ ਹਕੂਮਤੀ ਜਬਰ, ਮੁਕਾਬਲਿਆਂ ਦੇ ਨਾਂ ਹੇਠ ਕਤਲਾਂ, ਸਰਕਾਰ ਵੱਲੋਂ ਆਦਿਵਾਸੀਆਂ ਦੀਆਂ ਜ਼ਮੀਨਾਂ ਗ਼ੈਰਕਾਨੂੰਨੀ ਤਰੀਕੇ ਨਾਲ ਹਥਿਆਉਣ, ਇਸ ਉਜਾੜੇ ਵਿਰੁੱਧ ਜੰਗਲ ਦੇ ਮੂਲਵਾਸੀਆਂ ਦੇ ਜਾਨਹੂਲਵੇਂ ਸੰਘਰਸ਼ਾਂ, ਕਥਿਤ ਵਿਕਾਸ ਦੇ ਨਾਂ ਹੇਠ ਭ੍ਰਿਸ਼ਟ ਸਰਕਾਰੀ ਤੰਤਰ ਅਤੇ ਠੇਕੇਦਾਰਾਂ ਵੱਲੋਂ ਮਿਲ ਕੇ ਕੀਤੇ ਜਾ ਰਹੇ ਮਹਾਂ-ਘੁਟਾਲਿਆਂ, ਬਸਤਰ ਵਿਚ ਮੁੱਢਲੀ ਸਿੱਖਿਆ ਅਤੇ ਸਿਹਤ ਦੀ ਸਥਿਤੀ, ਮਾਓਵਾਦੀ ਲਹਿਰ ਦੇ ਵੱਖ-ਵੱਖ ਪੱਖਾਂ ਉੱਪਰ ਜੋ ਰਿਪੋਰਟਾਂ ਕੀਤੀਆਂ, ਉਸ ਨਾਲ ਉਸਨੇ ਆਪਣੀ ਵਿਸ਼ੇਸ਼ ਪਛਾਣ ਬਣਾ ਲਈ। ਉਸਦਾ ਜੰਗਲ ਨਾਲ ਡੂੰਘਾ ਰਿਸ਼ਤਾ ਸੀ, ਅਜਿਹਾ ਪੱਤਰਕਾਰ ਹੀ ਜੰਗਲ ਦੇ ਬਾਸ਼ਿੰਦਿਆਂ ਦੇ ਮਸਲਿਆਂ ਨੂੰ ਸਹੀ ਰੂਪ ’ਚ ਜ਼ੁਬਾਨ ਦੇ ਸਕਦਾ ਹੈ। ਮੁਕੇਸ਼ ਉਨ੍ਹਾਂ ਸੱਤ ਪੱਤਰਕਾਰਾਂ ਵਿਚ ਸ਼ੁਮਾਰ ਸੀ, ਜਿਨ੍ਹਾਂ ਅਪ੍ਰੈਲ 2021 ’ਚ ਮਾਓਵਾਦੀ ਛਾਪਾਮਾਰਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਵੱਲੋਂ ਅਗਵਾ ਕੀਤੇ ‘ਕੋਬਰਾ ਕਮਾਂਡੋ’ ਨੂੰ ਰਿਹਾ ਕਰਵਾਇਆ ਸੀ, ਜਦੋਂ ਮਾਓਵਾਦੀਆਂ ਨੂੰ ਮਾਰ ਮੁਕਾਉਣ ਦੇ ਦਮਗੱਜੇ ਮਾਰਨ ਵਾਲੇ ਪੁਲਿਸ ਅਧਿਕਾਰੀ ਵੀ ਆਪਣੇ ਮੁਲਾਜ਼ਮ ਦੀ ਬੰਦਖ਼ਲਾਸੀ ਕਰਾਉਣ ਲਈ ਬੇਵੱਸ ਮਹਿਸੂਸ ਕਰ ਰਹੇ ਸਨ। ਜ਼ਮੀਨੀ ਹਕੀਕਤ ਦੀ ਸੱਚੀ ਰਿਪੋਰਟਿੰਗ ਕਰਨ ਵਾਲੇ ਪੱਤਰਕਾਰ ਹਾਕਮ ਜਮਾਤੀ ਸਿਆਸਤਦਾਨਾਂ, ਰਾਜ-ਪ੍ਰਸ਼ਾਸਨ ਅਤੇ ਕਾਲੇ ਕਾਰੋਬਾਰੀਆਂ ਦੇ ਨਾਪਾਕ ਗੱਠਜੋੜ ਨੂੰ ਬਹੁਤ ਚੁਭਦੇ ਹਨ ਅਤੇ ਉਹ ਪੱਤਰਕਾਰਾਂ ਦੀ ਜ਼ੁਬਾਨਬੰਦੀ ਕਰਨ ਲਈ ਸੱਤਾ ਅਤੇ ਪੈਸੇ ਸਮੇਤ ਹਰ ਹਰਬਾ ਵਰਤਦੇ ਹਨ। ਮੁਕੇਸ਼ ਲਗਾਤਾਰ ਖ਼ਤਰੇ ਮੁੱਲ ਲੈ ਕੇ ਰਿਪੋਰਟਿੰਗ ਕਰ ਰਿਹਾ ਸੀ ਅਤੇ ਉਸ ਨੂੰ ਵੀ ਅਕਸਰ ਧਮਕੀਆਂ ਮਿਲਦੀਆਂ ਰਹਿੰਦੀਆਂ ਸਨ। ਸਿਲਗੇਰ ਵਿਚ ਚੱਲ ਰਹੇ ਪੱਕੇ ਆਦਿਵਾਸੀ ਮੋਰਚੇ ਦੀ ਰਿਪੋਰਟਿੰਗ ਕਰਨ ਤੋਂ ਰੋਕਣ ਲਈ ਉਸ ਨੂੰ ਪੁਲਿਸ ਅਧਿਕਾਰੀਆਂ ਵੱਲੋਂ 30 ਵਾਰ ਸਿਲਗੇਰ ਜਾਣ ਤੋਂ ਰੋਕਿਆ ਗਿਆ ਜਿੱਥੇ ਧੱਕੇ ਨਾਲ ਸੁਰੱਖਿਆ ਬਲਾਂ ਦਾ ਕੈਂਪ ਸਥਾਪਤ ਕੀਤੇ ਜਾਣ ਦਾ ਵਿਰੋਧ ਕਰ ਰਹੇ ਆਦਿਵਾਸੀਆਂ ਉੱਪਰ ਅੰਨ੍ਹੇਵਾਹ ਗੋਲੀਆਂ ਚਲਾ ਕੇ ਸੁਰੱਖਿਆ ਬਲਾਂ ਵੱਲੋਂ ਤਿੰਨ ਆਦਿਵਾਸੀਆਂ ਨੂੰ ਕਤਲ ਕਰ ਦਿੱਤਾ ਗਿਆ ਸੀ। ਅਜੇ ਕੁਝ ਸਮਾਂ ਪਹਿਲਾਂ ਹੀ ਬਸਤਰ ਦੇ ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਉਸ ਨੂੰ ਧਮਕੀ ਦਿੱਤੀ ਸੀ ਕਿ ਉਸਨੇ ਕਥਿਤ ਮੁਕਾਬਲੇ ਦੇ ਸਰਕਾਰੀ ਬਿਰਤਾਂਤ ਵਿਰੁੱਧ ਸਥਾਨਕ ਆਦਿਵਾਸੀਆਂ ਦੇ ਪੱਖ ਨੂੰ ਉਜਾਗਰ ਕਿਉਂ ਕੀਤਾ ਸੀ। ਹੁਣ ‘ਮੁੱਖਧਾਰਾ’ ਮੀਡੀਆ ਵੱਲੋਂ ਉਸ ਠੇਕੇਦਾਰ ਵੱਲੋਂ ਕੀਤੇ 120 ਕਰੋੜ ਰੁਪਏ ਦੇ ਸੜਕ ਘੁਟਾਲੇ ਬਾਰੇ ਇਕ ਤੋਂ ਬਾਅਦ ਇਕ ਸਨਸਨੀਖ਼ੇਜ਼ ਰਿਪੋਰਟਾਂ ਪੇਸ਼ ਕੀਤੀਆਂ ਜਾ ਰਹੀਆਂ ਹਨ ਜਿਸਦੇ ਗੈਂਗ ਨੇ ਮੁਕੇਸ਼ ਨੂੰ ਬੁਲਾ ਕੇ ਅਤੇ ਬਹੁਤ ਹੀ ਕਰੂਰਤਾ ਨਾਲ ਉਸਦਾ ਕਤਲ ਕਰਕੇ ਲਾਸ਼ ਆਪਣੇ ਕਾਰੋਬਾਰੀ ਕੰਪਲੈਕਸ ਦੇ ਅੰਦਰ ਸੈਪਟਿਕ ਟੈਂਕ ਵਿਚ ਦਬਾ ਦਿੱਤੀ ਸੀ। ਇਹ ਰਿਪੋਰਟਾਂ ਉਨ੍ਹਾਂ ਹੁਕਮਰਾਨ ਤਾਕਤਾਂ ਬਾਰੇ ਚੁੱਪ ਹਨ ਜਿਨ੍ਹਾਂ ਨਾਲ ਮਿਲ ਕੇ ਅਤੇ ਜਿਨ੍ਹਾਂ ਦੀ ਰਾਜਕੀ ਪੁਸ਼ਤਪਨਾਹੀ ਨਾਲ ਅਜਿਹੇ ਠੇਕੇਦਾਰ ਪੂਰੀ ਤਰ੍ਹਾਂ ਬੇਖ਼ੌਫ਼ ਹੋ ਕੇ ਘੁਟਾਲੇ-ਦਰ-ਘੁਟਾਲੇ ਕਰਦੇ ਹਨ। ਭਾਰਤ ਵਿਚ ਆਮ ਕਰਕੇ ਅਤੇ ਬਸਤਰ ਵਿਚ ਖ਼ਾਸ ਕਰਕੇ ‘ਵਿਕਾਸ’ ਆਪਣੇ ਆਪ ਵਿਚ ਹੀ ਅਜਿਹਾ ਮਹਾਂ ਘੁਟਾਲਾ ਹੈ ਜਿਸ ਦੀ ਵਿਆਪਕਤਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਆਦਿਵਾਸੀਆਂ ਦੀ ਜ਼ਿੰਦਗੀ ਅਤੇ ਮੁਲਕ ਦੇ ਹਿਤਾਂ ਦੀ ਕੀਮਤ ’ਤੇ ਜੰਗਲੀ-ਪਹਾੜੀ ਖੇਤਰਾਂ ਉੱਪਰ ਥੋਪਿਆ ਕਥਿਤ ਵਿਕਾਸ ਮਾਡਲ ਭਿਆਨਕ ਤਬਾਹੀ ਮਚਾ ਰਿਹਾ ਹੈ। ਵਡਮੁੱਲੇ ਕੁਦਰਤੀ ਵਸੀਲੇ ਕੌਡੀਆਂ ਦੇ ਭਾਅ ਕਾਰਪੋਰੇਟਾਂ ਨੂੰ ਸੌਂਪੇ ਜਾ ਰਹੇ ਹਨ। ਆਦਿਵਾਸੀਆਂ ਦੀ ਆਵਾਜ਼ ਨੂੰ ਹਕੂਮਤੀ ਦਹਿਸ਼ਤਵਾਦ ਦੇ ਜ਼ੋਰ ਕੁਚਲਿਆ ਜਾ ਰਿਹਾ ਹੈ। ਸੜਕਾਂ ਅਤੇ ਹੋਰ ਕਥਿਤ ਵਿਕਾਸ ਪ੍ਰੋਜੈਕਟਾਂ ਦੇ ਨਾਂ ਹੇਠ ਹਾਕਮ ਜਮਾਤੀ ਸਿਆਸਤਦਾਨ, ਸਰਕਾਰੀ ਅਧਿਕਾਰੀ ਅਤੇ ਠੇਕੇਦਾਰ ਮਿਲ ਕੇ ਸਰਕਾਰੀ ਖ਼ਜ਼ਾਨੇ ਨੂੰ ਗਿਰਝਾਂ ਵਾਂਗ ਨੋਚ ਰਹੇ ਹਨ। ਹੁਣ ਪੁਲਿਸ ਦੀ ਜਾਂਚ ਅਤੇ ਮੀਡੀਆ ਰਿਪੋਰਟਾਂ ਮੁਕੇਸ਼ ਨੂੰ ਕਤਲ ਕਰਾਉਣ ਵਾਲੇ ਠੇਕੇਦਾਰ ਵੱਲੋਂ 52 ਕਿਲੋਮੀਟਰ ਲੰਮੀ ਸੜਕ ਨੂੰ ਬਣਾਉਣ ਵਿਚ ਕੀਤੇ ਘੁਟਾਲੇ ਦੀ ਤਾਂ ਬਥੇਰੀ ਚਰਚਾ ਕਰ ਰਹੀਆਂ ਹਨ ਪਰ ਇਸ ਬਾਰੇ ਚੁੱਪ ਹਨ ਕਿ ਇਹ ਸੜਕ ਸਰਕਾਰ ਤੇ ਪੁਲਿਸਪ੍ਰਸ਼ਾਸਨ ਦੀ ਨਿਗਰਾਨੀ ਹੇਠ ਬਣੀ ਸੀ ਅਤੇ ਪਾਸ ਵੀ ਉਨ੍ਹਾਂ ਨੇ ਕੀਤੀ ਸੀ। ਘੁਟਾਲੇ ਦੀ ਮੂੰਹ ਬੋਲਦੀ ਤਸਵੀਰ ਉਸੇ ਸੜਕ ਉੱਪਰੋਂ ਜ਼ਿਲ੍ਹਾ ਪ੍ਰਸ਼ਾਸਨਪੁਲਿਸ ਅਤੇ ਸਪੈਸ਼ਲ ਫੋਰਸਾਂ ਦੇ ਅਧਿਕਾਰੀਆਂ ਦੇ ਲਾਮ-ਲਸ਼ਕਰ ਅਕਸਰ ਹੀ ਲੰਘਦੇ ਸਨ ਪਰ ਮੁਕੇਸ਼ ਵੱਲੋਂ ਘੁਟਾਲਾ ਬੇਪਰਦ ਕੀਤੇ ਜਾਣ ’ਤੇ ਸਰਕਾਰ ਨੂੰ ਇਸ ਦੀ ਜਾਂਚ ਕਰਾਉਣੀ ਪਈ ਸੀ। ਜੇ ਮੁਕੇਸ਼ ਇਸ ਸੜਕ ਬਾਰੇ ਰਿਪੋਰਟਿੰਗ ਨਾ ਕਰਦਾ, ਕੀ ਸਰਕਾਰ ਜਾਂ ਪ੍ਰਸ਼ਾਸਨ ਇਸਦੀ ਜਾਂਚ ਕਰਦੇ? ਹਰਗਿਜ਼ ਨਹੀਂ। ਅਜਿਹੀਆਂ ਹੋਰ ਅਣਗਿਣਤ ਸੜਕਾਂ ਦੀ ਕਿੰਨੀ ਕੁ ਜਾਂਚ ਕਰਾਈ ਜਾ ਰਹੀ ਹੈ! ਭਾਜਪਾ ਸ਼ਾਸਤ ਰਾਜਾਂ ਵਿਚ ਹਾਈਵੇਅ ਅਤੇ ਫਲਾਈਓਵਰਾਂ ਦੇ ਟੁੱਟਣ ਦੇ ਕਿੱਸੇ ਆਏ ਦਿਨ ਸਾਹਮਣੇ ਆਉਂਦੇ ਰਹਿੰਦੇ ਹਨ, ਉਨ੍ਹਾਂ ਬਾਬਤ ਕਿਸੇ ਵੀ ਘੁਟਾਲੇਬਾਜ਼ ਵਿਰੁੱਧ ਅੱਜ ਤੱਕ ਕੋਈ ਕਾਰਵਾਈ ਨਹੀਂ ਹੋਈ। ਹੁਣ ਭਾਜਪਾ ਦੇ ਆਗੂ ਉਪਰੋਕਤ ਠੇਕੇਦਾਰ ਦੇ ਕਾਂਗਰਸ ਨਾਲ ਸੰਬੰਧ ਨੂੰ ਉਛਾਲ ਕੇ ਜਵਾਬਦੇਹੀ ਤੋਂ ਬਚਣਾ ਚਾਹੁੰਦੇ ਹਨ, ਪਰ ਸਭ ਨੂੰ ਪਤਾ ਹੈ ਕਿ ਚਾਹੇ ਭਾਜਪਾ ਦੀ ਰਮਨ ਸਿੰਘ ਸਰਕਾਰ ਸੀ ਜਾਂ ਕਾਂਗਰਸ ਦੀ ਭੂਪੇਸ਼ ਬਘੇਲ ਸਰਕਾਰ, ਕਾਤਲ ਠੇਕੇਦਾਰ ਸੱਤਾਧਾਰੀਆਂ ਅਤੇ ਪੁਲਿਸ-ਪ੍ਰਸ਼ਾਸਨਿਕ ਅਧਿਕਾਰੀਆਂ ਸਾਰਿਆਂ ਦਾ ਚਹੇਤਾ ਸੀ ਅਤੇ ਤਤਕਾਲੀ ਸਰਕਾਰਾਂ ਦੀ ਰਾਜਸੀ ਛਤਰਛਾਇਆ ਹੇਠ ਹੀ ਮਾਮੂਲੀ ਰਸੋਈਏ ਤੋਂ ਵੱਡਾ ਕਾਰੋਬਾਰੀ ਬਣਿਆ ਸੀ। ਇਸ ਨਾਪਾਕ ਗੱਠਜੋੜ ਤੋਂ ਧਿਆਨ ਹਟਾਉਣ ਲਈ ਠੇਕੇਦਾਰ ਨਾਲ ਮੁਕੇਸ਼ ਦੇ ਲੈਣ-ਦੇਣ ਦੀ ਘੁਸਰ-ਮੁਸਰ ਸ਼ੁਰੂ ਕਰਵਾ ਦਿੱਤੀ ਗਈ ਹੈ। ਜੇ ਇਹ ਸੱਚ ਵੀ ਹੋਵੇ ਤਾਂ ਵੀ ਹਾਕਮ ਜਮਾਤੀ ਸਿਆਸਤਦਾਨਾਂ ਅਤੇ ਕਾਰੋਬਾਰੀ ਮਾਫ਼ੀਆ ਦਾ ਗੱਠਜੋੜ ਆਪਣੀ ਮੁਜਰਮਾਨਾ ਭੂਮਿਕਾ ਤੋਂ ਬਰੀ ਨਹੀਂ ਹੋ ਜਾਂਦਾ। ਇਸ ਹੌਲਨਾਕ ਕਤਲ ਕਾਂਡ ਦੇ ਹਵਾਲੇ ਨਾਲ ਇਕ ਵਾਰ ਫਿਰ ਪੱਤਰਕਾਰਾਂ ਦੀ ਸੁਰੱਖਿਆ ਨੂੰ ਲੈ ਕੇ ਕਾਫ਼ੀ ਚਰਚਾ ਹੋ ਰਹੀ ਹੈ, ਜਿਨ੍ਹਾਂ ਨੂੰ ਰਾਜਨੀਤਕ ਮਾਫ਼ੀਆ/ਸਰਕਾਰਾਂ ਅਤੇ ਕਾਰੋਬਾਰੀ ਮਾਫ਼ੀਆ ਤੇ ਇਨ੍ਹਾਂ ਨਾਲ ਮਿਲੇ ਅਧਿਕਾਰੀਆਂ ਦੇ ਦਬਾਅ ਅਤੇ ਧਮਕੀਆਂ ਕਾਰਨ ਬਹੁਤ ਹੀ ਅਸੁਰੱਖਿਅਤ ਹਾਲਾਤ ਵਿਚ ਕੰਮ ਕਰਨਾ ਪੈਂਦਾ ਹੈ। ਇਹ ਮੁੱਦਾ ਪਹਿਲੀ ਵਾਰ ਨਹੀਂ ਉੱਠਿਆ ਹੈ। ਇਹ ਜੱਗ ਜ਼ਾਹਰ ਹਕੀਕਤ ਹੈ ਕਿ ਜ਼ਮੀਨੀਂ ਪੱਧਰ ’ਤੇ ਕੰਮ ਕਰਦੇ ਪੱਤਰਕਾਰਾਂ ਦੇ ਕੰਮ ਕਰਨ ਦੇ ਹਾਲਾਤ ਬਹੁਤ ਖ਼ਤਰਨਾਕ ਹਨ। ਵੱਡੇ ਮੀਡੀਆ ਸਮੂਹਾਂ ਅੰਦਰ ਮੋਟੀਆਂ ਤਨਖ਼ਾਹਾਂ ’ਤੇ ਕੰਮ ਕਰਨ ਵਾਲੇ ਪੱਤਰਕਾਰਾਂ ਅਤੇ ਉਪਰੋਕਤ ਪੱਤਰਕਾਰਾਂ ਦੇ ਹਾਲਾਤ ਪੂਰੀ ਤਰ੍ਹਾਂ ਵੱਖੋ-ਵੱਖਰੇ ਹਨ। ਖੁੱਲ੍ਹੀ ਮੰਡੀ ਦੇ ਆਰਥਕ ਮਾਡਲ ਨੇ ਮੀਡੀਆ ਦੇ ਵੱਡੇ ਹਿੱਸੇ ਨੂੰ ਪੂਰੀ ਤਰ੍ਹਾਂ ਕੰਟਰੋਲ ਕਰ ਲਿਆ ਹੈ ਅਤੇ ਇਸਦੇ ਤਹਿਤ ਪੱਤਰਕਾਰਾਂ ਦੀ ਬਿਲਕੁਲ ਹੀ ਵੱਖਰੀ ਕਿਸਮ ਹੋਂਦ ਵਿਚ ਆ ਗਈ ਹੈ, ਜਿਨ੍ਹਾਂ ਲਈ ਪੱਤਰਕਾਰੀ ਸਿਰਫ਼ ਤੇ ਸਿਰਫ਼ ਪੈਸਾ ਬਣਾਉਣ ਦੀ ਮਸ਼ੀਨ ਹੈ, ਜੋ ਕਾਰਪੋਰੇਟ ਮੀਡੀਆ ਸਮੂਹਾਂ ਦੀਆਂ ਮੋਟੀਆਂ ਤਨਖ਼ਾਹਾਂ ਉੱਪਰ ਪਲਦੀ ਹੈ ਅਤੇ ਕਾਰਪੋਰੇਟ ਪੱਖੀ ਤੇ ਹਕੂਮਤੀ ਬਿਰਤਾਂਤ ਨੂੰ ਮੀਡੀਆ ਰਿਪੋਰਟਾਂ ਬਣਾ ਕੇ ਪਰੋਸਦੀ ਹੈ। ਇਸ ਹਿੱਸੇ ਦਾ ਉਨ੍ਹਾਂ ਮੁੱਲਾਂ ਨਾਲ ਕੋਈ ਲੈਣਾਦੇਣਾ ਨਹੀਂ ਹੈ, ਜਿਨ੍ਹਾਂ ਨੂੰ ਪੱਤਰਕਾਰੀ ਕਿਹਾ ਜਾਂਦਾ ਹੈ। ਇਨ੍ਹਾਂ ਦੇ ਹਿਤ ਸੱਤਾ, ਕਾਰਪੋਰੇਟ ਕਾਰੋਬਾਰਾਂ ਅਤੇ ਹੋਰ ਪਿਛਾਖੜੀ ਤਾਕਤਾਂ ਨਾਲ ਟਕਰਾਉਣ ਦੀ ਬਜਾਏ ਉਨ੍ਹਾਂ ਨਾਲ ਸਾਂਝੇ ਹਨ ਅਤੇ ਹਕੂਮਤ ਤਾਂ ਸਗੋਂ ਇਨ੍ਹਾਂ ਦੀ ਸੁਰੱਖਿਆ ਲਈ ਵਿਸ਼ੇਸ਼ ਤੌਰ ’ਤੇ ਮਿਹਰਬਾਨ ਹੁੰਦੀ ਹੈ। ਇਹ ਤਾਂ ਮੁਕੇਸ਼ ਵਰਗਿਆਂ ਨੂੰ ਪੱਤਰਕਾਰ ਵੀ ਨਹੀਂ ਮੰਨਦੇ। ਬਸਤਰ, ਕਸ਼ਮੀਰ ਜਾਂ ਕਿਸੇ ਵੀ ਪਿਛੜੇ ਹੋਏ ਪੇਂਡੂ ਇਲਾਕੇ ਦੇ ਪੱਤਰਕਾਰਾਂ ਦੀ ਸੁਰੱਖਿਆ ਦਾ ਸਵਾਲ ਵੱਡੇ ਸ਼ਹਿਰਾਂ ਜਾਂ ਨਾਮਵਰ ਮੀਡੀਆ ਸਮੂਹਾਂ ਲਈ ਕੰਮ ਕਰਦੇ ਸਮਰਪਿਤ ਸੰਜੀਦਾ ਪੱਤਰਕਾਰਾਂ ਤੋਂ ਵੀ ਵੱਖਰਾ ਹੈ। ਜੇ ਪੱਤਰਕਾਰ ਆਦਿਵਾਸੀ, ਦਲਿਤ, ਮੁਸਲਮਾਨ, ਕਸ਼ਮੀਰੀ ਜਾਂ ਕਿਸੇ ਹੋਰ ਹਾਸ਼ੀਏ ਵਾਲੇ ਸਮਾਜੀ ਸਮੂਹ ’ਚੋਂ ਹੈ (ਜਿਵੇਂ ਕਿ ਔਰਤਾਂ) ਤਾਂ ਉਸਦੀ ਸਥਿਤੀ ਹੋਰ ਵੀ ਨਿਤਾਣੀ ਹੋ ਜਾਂਦੀ ਹੈ। ਉਨ੍ਹਾਂ ਦੀ ਆਵਾਜ਼ ਨੂੰ ਸੁਣਨ ਵਾਲਾ ਕੋਈ ਨਹੀਂ ਹੁੰਦਾ। ਨਿਧੜਕ ਪੱਤਰਕਾਰ ਗੌਰੀ ਲੰਕੇਸ਼ ਨੂੰ ਹਿੰਦੂਤਵੀ ਦਹਿਸ਼ਤੀ ਗਰੋਹ ਵੱਲੋਂ ਸਰੇਆਮ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਜੂਨ 2015 ’ਚ ਉੱਤਰ ਪ੍ਰਦੇਸ਼ ਵਿਚ ਖਣਨ ਮਾਫ਼ੀਆ ਨੇ ਪੱਤਰਕਾਰ ਜੋਗਿੰਦਰ ਸਿੰਘ ਨੂੰ ਉਸਦੇ ਘਰ ਵਿਚ ਹੀ ਤੇਲ ਪਾ ਕੇ ਜਿਉਂਦਾ ਸਾੜ ਦਿੱਤਾ ਸੀ। ਪੰਜਾਬ ਵਿਚ ਬਾਦਲਾਂ ਦੇ ਰਾਜ ਵਿਚ ਖਣਨ ਮਾਫ਼ੀਆ ਵਿਰੁੱਧ ਰਿਪੋਰਟਿੰਗ ਕਰਨ ਵਾਲਾ ‘ਹਿੰਦੁਸਤਾਨ ਟਾਈਮਜ਼’ ਦਾ ਪੱਤਰਕਾਰ ਜਸਦੀਪ ਸਿੰਘ ਮਲਹੋਤਰਾ ਵੀ ਸਤੰਬਰ 2013 ’ਚ ਸ਼ੱਕੀ ਸੜਕ ਹਾਦਸੇ ’ਚ ਮਾਰਿਆ ਗਿਆ ਸੀ। ਗੁਜਰਾਤ ਕਤਲੇਆਮ ਦਾ ਪਰਦਾਫਾਸ਼ ਕਰਨ ਵਾਲੀ ਉੱਘੀ ਪੱਤਰਕਾਰ ਰਾਣਾ ਅਯੂਬ ਨੂੰ ਕਤਲ ਦੀਆਂ ਧਮਕੀਆਂ ਅਤੇ ਕਿਰਦਾਰਕੁਸ਼ੀ ਦੇ ਸਾਏ ਹੇਠ ਕੰਮ ਕਰਨਾ ਪੈ ਰਿਹਾ ਹੈ। ਸਿਦੀਕ ਕੱਪਨ ਨੂੰ ਉੱਤਰ ਪ੍ਰਦੇਸ਼ ਵਿਚ ਹੋਏ ਬਲਾਤਕਾਰ ਕਾਂਡ ਦੀ ਰਿਪੋਰਟਿੰਗ ਕਰਨ ਜਾਂਦੇ ਸਮੇਂ ਗ੍ਰਿਫ਼ਤਾਰ ਕਰਕੇ ਮਹੰਤ ਅਦਿੱਤਿਆਨਾਥ ਦੀ ਸਰਕਾਰ ਦੇ ਇਸ਼ਾਰੇ ’ਤੇ ਚਾਰ ਸਾਲ ਬਿਨਾਂ ਜ਼ਮਾਨਤ ਯੂਏਪੀਏ ਤਹਿਤ ਜੇਲ੍ਹ ਵਿਚ ਬੰਦ ਰੱਖਿਆ ਗਿਆ। ਝਾਰਖੰਡ ਵਿਚ ਕਥਿਤ ਵਿਕਾਸ ਪ੍ਰੋਜੈਕਟਾਂ ਅਤੇ ਹਕੂਮਤੀ ਜਬਰ ਵਿਰੁੱਧ ਕਲਮ ਚਲਾਉਣ ਵਾਲਾ ਪੱਤਰਕਾਰ ਰੂਪੇਸ਼ ਕੁਮਾਰ ਸਿੰਘ ਪਾਬੰਦੀਸ਼ੁਦਾ ਜਥੇਬੰਦੀਆਂ ਨਾਲ ਸੰਬੰਧਾਂ ਦੇ ਝੂਠੇ ਦੋਸ਼ ਤਹਿਤ ਜੇਲ੍ਹ ਵਿਚ ਬੰਦ ਹੈ। ਕਸ਼ਮੀਰ ਦੇ ਕਈ ਜ਼ਹੀਨ ਪੱਤਰਕਾਰ ਕਈ ਕਈ ਸਾਲ ਤੋਂ ਜੇਲ੍ਹਾਂ ਵਿਚ ਸੜ ਰਹੇ ਹਨ ਅਤੇ ਬਾਕੀ ਹਕੂਮਤੀ ਦਹਿਸ਼ਤ ਦੇ ਆਲਮ ’ਚ ਸਵੈ-ਸੈਂਸਰਸ਼ਿਪ ਤਹਿਤ ਕੰਮ ਕਰ ਰਹੇ ਹਨ। ਸੱਤਾ ਅਤੇ ਹੋਰ ਜਰਵਾਣਿਆਂ ਵੱਲੋਂ ਪੱਤਰਕਾਰਾਂ ਦੀ ਜ਼ੁਬਾਨਬੰਦੀ ਦੀਆਂ ਬੇਸ਼ੁਮਾਰ ਕਹਾਣੀਆਂ ਹਨ। ਅਸਲ ਸਵਾਲ ਮੀਡੀਆ ਦੀ ਆਜ਼ਾਦੀ ਦਾ ਹੈ। ਇਸ ਪ੍ਰਤੀ ਸਮਾਜ ਦੀ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਹੀ ਪੱਤਰਕਾਰੀ ਦੀ ਸੁਰੱਖਿਆ ਦੀ ਜ਼ਾਮਨੀਂ ਬਣ ਸਕਦੀ ਹੈ।


**ਪਰੈਸ਼ਰਵਾਸ਼ ਅਤੇ ਰੂਫ ਰਿਪੇਅਰ**

ਵੱਡੇ ਪਰੈਸ਼ਰਵਾਸ਼ ਨਾਲ ਘਰ ਧਵਾਉ।
ਅਸੀਂ ਛੱਤਾਂ, ਗਟਰ ਕਲੀਨ, ਡਰਾਈਵੇਅ
ਤੇ ਵਿੰਡੋਵਾਸ਼ ਕਰਦੇ ਹਾਂ।
ਪੁਰਾਣੀਆਂ ਛੱਤਾਂ ਬਦਲਕੇ ਅਤੇ
ਛੱਤਾਂ ਦੀ ਮੁਰੰਮਤ ਵੀ ਕਰਦੇ ਹਾਂ।


ਦਲਜੀਤ ਸਿੰਘ ਰਾਏ

ਹੋਰ ਜਾਣਕਾਰੀ ਲਈ ਫੂਨ ਕਰੋ:
**ਦਲਜੀਤ ਸਿੰਘ ਰਾਏ**
**604-807-1012**



**ਲੇਡੀਜ਼ ਸੰਗੀਤ, ਜਾਗੋ, ਮਾਈਆਂ, ਵਿਆਹ, ਜਨਮਦਿਨ ਜਾਂ ਹੋਰ ਕਿਸੇ ਵੀ ਖੁਸ਼ੀ ਮੌਕੇ ‘ਤੇ ਪਰਿਵਾਰਕ ਸੱਭਿਆਚਾਰਕ ਪ੍ਰੋਗਰਾਮਾਂ ਲਈ ਸੰਪਰਕ ਕਰੋ**



**ਚਰਨਜੀਤ ਕੌਰ** (ਪੰਜਾਬੀ ਫੋਕ ਸਿੰਗਰ)
**306-861-5876**
**306-891-5441**
Email : devicharno35@gmail.com
Follow charanjeet_861

# ਗੁਰਬਾਣੀ ਅਤੇ ਕੁਰਬਾਨੀ ਦੇ ਪ੍ਰਤੀਕ: ਬਾਬਾ ਦੀਪ ਸਿੰਘ ਜੀ

**ਲਿਖਤ : ਡਾਕਟਰ ਸੁਸ਼ੀਲ ਕੌਰ ਲੁਧਿਆਣਾ**

ਸ਼ਹੀਦ ਮਿਸਲ ਦੇ ਬਾਬਾ ਦੀਪ ਸਿੰਘ ਜੀ ਗੁਰੂ ਘਰ ਦੀ ਅਜਿਹੀ ਵਰੋਸਾਹੀ ਸ਼ਖਸ਼ੀਅਤ ਹਨ ਜਿਨਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਅਜਿਹੀ ਸਰਪ੍ਰਸਤੀ ਹੇਠ ਅਨੰਦਪੁਰ ਸਾਹਿਬ ਵਿਖੇ ਗੁਰਬਾਣੀ ਦੇ ਅਰਥ ਬੋਧ ਅਤੇ ਸ਼ਸਤਰਾਂ ਅਸਤਰਾਂ ਨਾਲ ਸਮੁੱਚੀ ਸ਼ਖਸ਼ੀਅਤ ਨੂੰ ਸਵਾਰ ਸ਼ਿੰਗਾਰ ਕੇ ਸਿੱਖ ਇਤਿਹਾਸ ਦੇ ਇੱਕ ਮਹਾਬਲੀ ਯੋਧੇ ਅਤੇ ਵਿਦਵਾਨ ਦੇ ਰੂਪ ਵਿੱਚ ਹੋ ਵਿੱਚਰੇ।

ਬਾਬਾ ਦੀਪ ਸਿੰਘ ਜੀ ਦਾ ਜਨਮ ਅੰਮ੍ਰਿਤਸਰ ਜ਼ਿਲ੍ਹੇ (ਪੁਰਾਤਨ ਲਾਹੌਰ ਜਿਲੇ) ਦੇ ਪਿੰਡ ਪਹੂਵਿੰਡ ਵਿਖੇ 26 ਜਨਵਰੀ 1682 ਈਸਵੀ ਵਿੱਚ ਪਿਤਾ ਭਗਤ ਜੀ ਅਤੇ ਮਾਤਾ ਜੀਵਨੀ ਦੇ ਗ੍ਰਹਿ ਵਿੱਚ ਹੋਇਆ ਅਤੇ ਇੱਥੇ ਆਪ ਜੀ ਦਾ ਬਚਪਨ ਗੁਜਰਿਆ ਆਪ ਜੀ ਨਰੋਏ ਅਤੇ ਸੁਡੋਲ ਸਰੀਰ ਦੇ ਮਾਲਕ ਸਨ। ਪਿਤਾ ਭਾਈ ਭਗਤਾ ਜੀ ਨੇ ਆਪਣੀ ਜਵਾਨੀ ਤੋਂ ਹੀ ਤਨ ਮਨ ਤੇ ਧਨ ਗੁਰੂ ਦੇ ਅਰਪਤ ਕਰ ਗੁਰੂ ਦਰਬਾਰ ਦੇ ਅਨਿੰਨ ਸੇਵਕ ਰਹੇ।

ਬਾਬਾ ਦੀਪ ਸਿੰਘ ਜੀ ਭਰ ਜਵਾਨੀ ਸਮੇਂ ਆਪਣੇ ਮਾਤਾ ਪਿਤਾ ਨਾਲ ਅਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੀ ਸਵੱਲੀ ਨਦਰਿ ਪ੍ਰਾਪਤ ਕਰਨ ਆਏ ਤਾਂ ਗੁਰੂ ਸਾਹਿਬ ਜੀ ਨੇ ਉਹਨਾਂ ਨੂੰ ਆਪਣੇ ਕੋਲ ਹੀ ਰੱਖ ਲਿਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਵਿੱਤਰ ਹੱਥਾਂ ਤੋਂ ਹੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਸ਼ਾਸਤਰ ਅਤੇ ਸ਼ਸਤਰ ਵਿੱਦਿਆ ਵੀ ਗੁਰੂ ਸਾਹਿਬ ਦੀ ਨਿਗਰਾਨੀ ਹੇਠ ਪ੍ਰਾਪਤ ਕੀਤੀ। ਭਾਈ ਮਨੀ ਸਿੰਘ ਜੀ ਦੀ ਦੇਖ ਰੇਖ ਵਿੱਚ ਪਵਿੱਤਰ ਧਾਰਮਿਕ ਗ੍ਰੰਥਾਂ ਅਤੇ ਗੁਰਬਾਣੀ ਦਾ ਡੂੰਘਾ ਅਧਿਐਨ ਕੀਤਾ ਅਤੇ ਨੇਜਾ ਬਾਜੀ ਤੀਰ ਅੰਦਾਜੀ ਅਤੇ ਘੋੜ ਸਵਾਰੀ ਵਿੱਚ ਵੀ ਨਿਪੁੰਨਤਾ ਹਾਸਲ ਕੀਤੀ।

ਅਨੰਦਪੁਰ ਸਾਹਿਬ ਛੱਡਣ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਮਹਿਲਾਂ ਦੀ ਸੇਵਾ ਤੇ ਸੁਰੱਖਿਆ ਦੇ ਕਾਰਜ ਲਈ ਭਾਈ ਮਨੀ ਸਿੰਘ ਤੇ ਬਾਬਾ ਦੀਪ ਸਿੰਘ ਜੀ ਦੀ ਸੇਵਾ ਲਾਈ। ਗੁਰੂ ਮਹਿਲਾਂ ਨੂੰ ਦਿੱਲੀ ਛੱਡਣ ਉਪਰੰਤ ਉਹ ਤਲਵੰਡੀ ਸਾਬੋ ਪਹੁੰਚ ਗਏ ਜਿੱਥੇ ਮੁਕਤਸਰ ਦੇ ਯੁੱਧ ਜਿੱਤਣ ਤੋਂ ਬਾਅਦ ਗੁਰੂ ਸਾਹਿਬ ਠਹਿਰੇ ਹੋਏ ਸਨ ਇਸ ਅਸਥਾਨ ਤੇ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਮਨੀ ਸਿੰਘ ਤੇ ਬਾਬਾ ਦੀਪ ਸਿੰਘ ਜੀ ਨੂੰ ਹੱਥ ਲਿਖਤ ਬੀੜ ਸਾਹਿਬ ਤਿਆਰ ਕਰਨ ਦੇ ਆਦੇਸ਼ ਦਿੱਤੇ ਸੁੰਦਰ ਲਿਖਾਈ ਅਤੇ ਵਿਦਵਤਾ ਕਰਕੇ ਆਪ ਜੀ ਨੇ ਇਹ ਸੇਵਾ ਬੜੀ ਤਨਦੇਹੀ ਅਤੇ ਨਿਸ਼ਕਾਮ ਭਾਵ ਨਾਲ 1715 ਈਸਵੀ ਵਿੱਚ ਆਰੰਭੀ ਅਤੇ 1726 ਈਸਵੀ ਵਿੱਚ ਦਮਦਮੀ ਬੀੜ ਸਾਹਿਬ (ਗੁਰੂ ਗੋਬਿੰਦ ਸਿੰਘ ਜੀ ਦੀ ਨਿਗਰਾਨੀ ਹੇਠ ਭਾਈ ਮਨੀ ਸਿੰਘ ਦੁਆਰਾ ਤਿਆਰ ਕੀਤੀ ਬੀੜ ਸਾਹਿਬ) ਦੇ ਚਾਰ ਹੱਥ ਲਿਖਤ ਸਰੂਪ ਤਿਆਰ ਕੀਤੇ। ਜਿੰਨਾ ਦਾ ਪ੍ਰਕਾਸ਼ ਉਸ ਸਮੇਂ ਚਾਰ ਤਖਤ ਸਾਹਿਬ ਤੇ ਕੀਤਾ ਗਿਆ।



1708 ਈਸਵੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾ ਜਾਣ ਉਪਰੰਤ ਪੰਜਾਬ ਵਿੱਚ ਜ਼ੁਲਮ ਤੇ ਠਲ ਪਾਉਣ ਲਈ ਬੰਦਾ ਸਿੰਘ ਬਹਾਦਰ ਨਾਲ ਬਾਬਾ ਦੀਪ ਸਿੰਘ ਜੀ ਨੇ ਵੀ ਆਪਣੀ ਬਹਾਦਰੀ ਦੇ ਜੋਹਰ ਦਿਖਾ ਸਮਾਣਾ ਸਰਹੰਦ ਆਦਿ ਥਾਵਾਂ ਤੇ ਖਾਲਸਾਈ ਝੰਡਾ ਝੁਲਾਇਆ। ਉਪਰੰਤ ਬਾਬਾ ਦੀਪ ਸਿੰਘ ਜੀ ਆਪਣੇ ਬਹਾਦਰ ਸਾਥੀਆਂ ਦਮਦਮਾ ਸਾਹਿਬ ਆ ਗਏ ਗੁਰੂ ਆਸ਼ੇ ਅਨੁਸਾਰ ਉਹ ਬਾਣੀ ਦਾ ਬੋਧ ਕਰਵਾ ਕੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਸਿੱਖਾਂ ਵਿੱਚ ਨਵੀਂ ਰੂਹ ਅਤੇ ਧਾਰਮਿਕ ਜੋਸ਼ ਭਰਦੇ 1760 ਈਸਵੀ ਤੱਕ ਬਾਬਾ ਦੀਪ ਸਿੰਘ ਜੀ ਇਸੇ ਥਾਂ ਰਹੇ ਤੇ ਸਿੱਖੀ ਦਾ ਪ੍ਰਚਾਰ ਗੁਰਮਤਿ ਦੀ ਵਿਆਖਿਆ ਕਰਕੇ ਇਸ ਸਿੱਖੀ ਦੇ ਕੇਂਦਰ ਦਮਦਮਾ ਸਾਹਿਬ ਨੂੰ ਚਲਾਉਂਦੇ ਰਹੇ। 1748 ਈਸਵੀ ਵਿੱਚ ਸਿੱਖਾਂ ਦੇ 65 ਜੱਥੇ ਤੋੜ ਕੇ 12 ਭਾਗਾਂ ਵਿੱਚ ਵੰਡਿਆ ਗਿਆ ਅਤੇ ਮਿਸਲਾਂ ਦਾ ਨਾਮ ਪ੍ਰਦਾਨ ਕੀਤਾ ਤਾਂ ਬਾਬਾ ਦੀਪ ਸਿੰਘ ਜੀ ਮਰਜੀਵੜਿਆਂ ਦੀ ਮਿਸਲ ਦੇ ਆਗੂ ਬਣੇ ਜਿਸ ਨੂੰ ਇਤਿਹਾਸ ਵਿੱਚ ਸ਼ਹੀਦ ਮਿਸਲ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਮਿਸਲ ਦਾ ਮੁੱਖ ਅਸਥਾਨ ਦਮਦਮਾ ਸਾਹਿਬ ਹੀ ਰਿਹਾ ਜਿਸ ਬੁਰਜ ਵਿੱਚ ਬਾਬਾ ਜੀ ਨਿਵਾਸ ਕਰਦੇ ਸਨ ਉਹ ਬੁਰਜ ਬਾਬਾ ਦੀਪ ਸਿੰਘ ਜੀ ਕਰਕੇ ਪ੍ਰਸਿੱਧ ਹੈ।

ਗੁਰਦੁਆਰਿਆਂ ਦੀ ਆਜ਼ਾਦੀ ਅਤੇ ਪਵਿੱਤਰਤਾ ਲਈ ਅਨੇਕਾਂ ਸਿੰਘਾਂ ਨੇ ਸਮੇਂ ਸਮੇਂ ਆਪਣੇ ਜੀਵਨ ਦਾ ਬਲਿਦਾਨ ਦਿੱਤਾ ਅਤੇ ਅਮਰ ਪਦਵੀ ਪ੍ਰਾਪਤ ਕੀਤੀ ਇਨਾਂ ਸ਼ਹੀਦਾਂ ਵਿੱਚ ਸਿਰਮੌਰ ਸ਼ਹੀਦ ਬਾਬਾ ਦੀਪ ਸਿੰਘ ਜੀ ਨੇ 80 ਸਾਲ ਦੀ ਬਿਰਧ ਅਵਸਥਾ ਵਿੱਚ ਅਜਿਹੀ ਤੇਗ ਚਲਾਈ ਕੀ ਦਰਬਾਰ ਸਾਹਿਬ ਪਹੁੰਚਣ ਦੇ ਪ੍ਰਣ ਨੂੰ ਅਨੋਖੇ ਢੰਗ ਨਾਲ ਪੂਰਾ ਕਰਕੇ ਦੁਨੀਆ ਦੇ ਇਤਿਹਾਸ ਵਿੱਚ ਅਦਭੁਤ ਮਿਸਾਲ ਕਾਇਮ ਕੀਤੀ। ਬਾਬਾ ਦੀਪ ਸਿੰਘ ਜੀ ਨੂੰ ਜਦੋਂ ਸ੍ਰੀ ਦਰਬਾਰ ਸਾਹਿਬ ਵਿਖੇ ਹੋਈ ਬੇਅਦਬੀ ਦੀ ਖਬਰ ਪੁੱਜੀ ਤਾਂ ਉਨਾਂ ਦਾ ਦਿਲ ਟੁੰਬਿਆ ਗਿਆ ਤੇ ਪਵਿੱਤਰਤਾ ਭੰਗ ਕਰਨ ਵਾਲੇ ਦੋਸ਼ੀਆਂ ਨੂੰ ਭਾਜ ਦੇਣ ਦਾ ਫੈਸਲਾ ਕੀਤਾ ਜਦੋਂ ਇਸ ਫੈਸਲੇ ਦੀ ਖਬਰ ਸਿੱਖ ਟਿਕਾਣਿਆਂ ਤੇ ਪੁੱਜੀ ਤਾਂ ਝੱਟ ਪੱਟ ਹੀ ਮਾਲਵੇ ਵਿੱਚ ਕੂਚ ਕਰਦਿਆਂ ਕਰਦਿਆਂ 5000 ਤੋਂ ਵੱਧ ਸਿੱਖ ਆਪ ਜੀ ਦੇ ਅਗਵਾਈ ਹੇਠ ਇਕੱਤਰ ਹੋ ਗਏ ਅਤੇ ਮਾਝੇ ਵੱਲ ਕੂਚ ਕਰ ਦਿੱਤਾ। ਸ੍ਰੀ ਤਰਨ ਤਾਰਨ ਸਾਹਿਬ ਗੁਰਦੁਆਰੇ ਵਿੱਚ ਅਰਦਾਸਾਂ ਸੋਧਿਆ ਅਤੇ ਬਾਬਾ ਦੀਪ ਸਿੰਘ ਜੀ ਦੁਆਰਾ ਖਿੱਚੀ ਲਕੀਰ ਪਾਰ ਕਰ ਸ਼ਹੀਦੀ ਗਾਨੇ ਬਣ ਕੇ ਅੰਮ੍ਰਿਤਸਰ ਵੱਲ ਵਧੇ। ਉਧਰੋਂ ਅੰਮ੍ਰਿਤਸਰ ਤੋਂ ਪੰਜ ਮੀਲ ਦੂਰ ਗੋਹਲਵੜ ਦੇ ਸਥਾਨ ਤੇ ਜਹਾਨ ਖਾਨ 20 ਫੌਜ ਲੈ ਕੇ ਆ ਮਿਲਿਆ। ਬਾਬਾ ਦੀਪ ਸਿੰਘ ਜੀ ਦੇ ਸਹਾਇਕ ਸਰਦਾਰ ਦਿਆਲ ਸਿੰਘ ਜੀ ਨੇ ਇਸ ਸਮੇਂ ਕਮਾਲ ਦੀ ਵੀਰਤਾ ਦੇ ਜ਼ੋਰ ਦਿਖਾਏ ਅਤੇ ਜਹਾਨ ਖਾਂ ਦਾ ਸਿਰ ਵੱਡ ਦਿੱਤਾ। ਸ਼ਹਿਰ ਦੇ ਨੇੜੇ ਰਾਮਸਰ ਕੋਲ ਘਮਸਾਨ ਯੁੱਧ ਹੋਇਆ ਜਿੱਥੇ ਜਮਾਲ ਸ਼ਾਹ ਨੌਜਵਾਨ ਦੀ ਵਿਰੁੱਧ ਬਾਬਾ ਦੀਪ ਸਿੰਘ ਜੀ ਨੇ 80 ਸਾਲ ਦੀ ਬਿਰਧ ਅਵਸਥਾ ਵਿੱਚ ਜ਼ੁਲਮ ਕਰਨ ਵਾਲੀਆਂ ਫੌਜਾ ਨੂੰ ਮਾਤ ਦਿੱਤੀ। ਬਾਬਾ ਦੀਪ ਸਿੰਘ ਜੀ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਪਹੁੰਚ ਕੇ ਸੂਰਮਗਤੀ ਪ੍ਰਾਪਤ ਕਰ ਅਨੋਖੇ ਸ਼ਹੀਦੀ ਪ੍ਰਾਪਤ ਕੀਤੀ। ਸਿੰਘਾਂ ਨੇ ਮੁਗਲ ਫੌਜ ਦਾ ਪਿੱਛਾ ਅਟਾਰੀ ਤੱਕ ਕੀਤਾ ਅਤੇ ਉਹਨਾਂ ਨੂੰ ਕਰਾਰੀ ਭਾਜ ਦਿੱਤੀ ਬਾਬਾ ਦੀਪ ਸਿੰਘ ਜੀ ਦੀ ਯਾਦ ਵਿੱਚ ਸ਼ਹੀਦੀ ਸਥਾਨ ਸ਼ਹੀਦ ਗੰਜ ਬਾਬਾ ਦੀਪ ਸਿੰਘ ਗੁਰਦੁਆਰਾ ਸਾਹਿਬ ਅੰਮ੍ਰਿਤਸਰ ਚਾਟੀ ਵਿੱਚ ਦਰਵਾਜੇ ਦੇ ਕੋਲ ਸਥਿਤ ਹੈ। ਬਾਬਾ ਦੀਪ ਸਿੰਘ ਦੀ ਅਦੁਤੀ ਸ਼ਹੀਦੀ ਨੂੰ ਕਵੀ ਨੇ ਇਸ ਤਰ੍ਹਾਂ ਕਮਲ ਬੰਦ ਕੀਤਾ ਹੈ।

ਸੁਣ ਲੈ ਸਭ ਦੁਨੀਆ, ਆਖਾਂ ਖੰਡਾ ਲਿਸ਼ਕਾ ਕੇ।
ਧਰਨਾ ਮੈਂ ਸੀਸ ਚੜਾਵਾਂ, ਅੰਮ੍ਰਿਤਸਰ ਜਾਇ ਕੇ।
ਸ਼ੀਤਲ ਇਹ ਵਾਰ ਧਰਮ ਦੀ, ਸਾਰਾ ਜੱਗ ਗਾਵੇਗਾ।
ਸਿੰਘ ਦਾ ਅਰਦਾਸਾ ਕੀਤਾ, ਤੋੜ ਨਿਭ ਜਾਵੇਗਾ।
ਉਹ ਕੀਤੇ ਪ੍ਰਣ ਤੋੜ ਨਿਭਾਵਾਂਗੇ।

ਨਿਰਸੰਦੇਹ ਇਸ ਮਹਾਨ ਨਾਇਕ ਨੇ ਸੀਸ ਤਲੀ 'ਤੇ ਰੱਖ ਕੇ ਦਰਬਾਰ ਸਾਹਿਬ ਅੰਮ੍ਰਿਤਸਰ ਜਾ ਕੇ ਸੁਆਸ ਤਿਆਗੇ ਅਤੇ ਕੀਤੇ ਪ੍ਰਣ ਨੂੰ ਪੂਰਾ ਕਰ ਅਨੋਖੇ ਸ਼ਹੀਦ ਦੀ ਪਦਵੀ ਹਾਸਲ ਕੀਤੀ।

**ਲੇਖਕ ਸਾਬਕਾ ਖਾਲਸਾ ਸਕੂਲ ਦੀ ਅਧਿਆਪਕਾ ਹੈ।**

---

# ਸ਼ਹੀਦ ਬਾਬਾ ਦੀਪ ਸਿੰਘ ਜੀ

**ਲਿਖਤ : ਰਮੇਸ਼ ਬੱਗਾ ਚੋਹਲਾ**

ਸ਼ਹੀਦ ਉਸ ਕੌਮ ਦਾ ਸਰਮਾਇਆ ਅਤੇ ਉਸ ਮਿੱਟੀ ਦਾ ਮਾਣ ਹੁੰਦੇ ਹਨ, ਜਿਸ ਵਿੱਚ ਉਨ੍ਹਾਂ ਦਾ ਜਨਮ ਹੁੰਦਾ ਹੈ। ਉਹ ਕੌਮਾਂ ਵੀ ਧੰਨਤਾ ਦੇ ਯੋਗ ਹੁੰਦੀਆਂ ਹਨ, ਜਿਹੜੀਆਂ ਆਪਣੇ ਪੁਰਖਿਆਂ ਦੀਆ ਘਾਲਣਾਵਾਂ ਨੂੰ ਅਕਸਰ ਚਿੱਤਵਦੀਆਂ ਰਹਿੰਦੀਆਂ ਹਨ।ਕਿਸੇ ਸ਼ਾਇਰ ਦਾ ਕਥਨ ਹੈ:-

ਉਸ ਕੌਮ ਨੂੰ ਸਮਾਂ ਨਹੀਂ ਮੁਆਫ ਕਰਦਾ, ਜਿਹੜੀ ਮੁੱਲ ਨਾ ਤਾਰੇ ਕੁਰਬਾਨੀਆਂ ਦਾ। ਸ਼ਹੀਦ ਅਤੇ ਸ਼ਹਾਦਤ ਅਰਬੀ ਜ਼ਬਾਨ ਦੇ ਸ਼ਬਦ ਹਨ। ਸ਼ਹਾਦਤ ਦਾ ਸ਼ਬਦੀ ਅਰਥ ਗਵਾਹੀ ਦੇਣੀ ਜਾਂ ਸਾਖੀ ਭਰਨੀ ਹੁੰਦਾ ਹੈ। ਇਸ ਤਰ੍ਹਾਂ ਸ਼ਹੀਦ ਕਿਸੇ ਕੌਮ ਵੱਲੋਂ ਦਿੱਤੀਆਂ ਗਈਆਂ ਕੁਰਬਾਨੀਆਂ ਦੇ ਸਦੀਵੀ ਅਤੇ ਸੱਚੇ ਗਵਾਹ ਹੁੰਦੇ ਹਨ।

ਦੀਨ ਦੁਖੀਆਂ ਦੀ ਰਖਵਾਲੀ, ਸਤਿ ਧਰਮ ਤੇ ਮਨੁੱਖਤਾ ਦੀ ਖਾਤਰ ਸਮੇਂ-ਸਮੇਂ ਦੇਸ਼ ਕੌਮ ਅਤੇ ਸਮਾਜ ਉਪਰ ਆਏ ਸੰਕਟਾਂ ਦਾ ਖਿੜੇ ਮੱਥੇ ਸਵਾਗਤ ਕਰਨਾ,ਇਨ੍ਹਾਂ ਸੰਕਟਾਂ ਦਾ ਡੱਟ ਕੇ ਮੁਕਾਬਲਾ ਕਰਨਾ,ਇਸ ਮੁਕਾਬਲੇ ਨੂੰ ਕਿਸੇ ਨਿਰਣਾਇਕ ਮੌੜ ਤੇ ਲੈ ਜਾਣ ਤੱਕ ਆਪਣੇ ਕਦਮ ਪਿਛਾਂਹ ਨਾ ਪੁੱਟਣੇ ਅਤੇ ਆਪਣੇ ਮਨੋਰਥ ਦੀ ਸਿੱਧੀ ਲਈ ਆਪਾ ਤੱਕ ਵਾਰ ਦੇਣਾ ਹੀ ਸ਼ਹੀਦਾਂ ਦੀ ਪਹਿਚਾਣ ਹੁੰਦੀ ਹੈ ।ਇਹ ਪਹਿਚਾਣ ਮੌਤ ਦੀਆ ਵਾਦੀਆਂ ਵਿੱਚੋ ਲੰਘ ਕੇ ਹੀ ਕਰਵਾਈ ਜਾ ਸਕਦੀ ਹੈ। ਕਿਉਂਕਿ :-

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤ ॥

ਇਸ ਤਰ੍ਹਾਂ ਸ਼ਹੀਦ ਦੀ ਆਤਮਾ ਨਿਰਮਲ ਅਤੇ ਉਦੇਸ਼ ਸ਼ਪਸ਼ਟ ਹੁੰਦਾ ਹੈ, ਜਿਸ ਨੂੰ ਭਾਈ ਗੁਰਦਾਸ ਜੀ ਇਸ ਤਰ੍ਹਾਂ ਤਸਦੀਕ ਕਰਦੇ ਹਨ:-

ਸਬਰ ਸਿਦਕ ਸ਼ਹੀਦ ਭਰਮ ਭਉ ਖੋਵਣਾ।।

ਸ਼ਹੀਦ ਫੌਲਾਦੀ ਇਰਾਦੇ ਦਾ ਮਾਲਕ ਹੁੰਦਾ ਹੈ,ਜਿਸ ਦੇ ਵਿਚਾਰਾਂ ਨੂੰ ਬਦਲਿਆ ਨਹੀਂ ਜਾ ਸਕਦਾ। ਇਸ ਤਰ੍ਹਾਂ ਦੇ ਇਰਾਦੇ ਅਤੇ ਵਿਚਾਰਾਂ ਦੀ ਮਲਕੀਅਤ ਰੱਖਣ ਵਾਲੇ ਸਨ ਬਾਬਾ ਦੀਪ ਸਿੰਘ ਜੀ ਸ਼ਹੀਦ ।

ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਜਨਮ 26 ਜਨਵਰੀ 1682 ਈ. ਨੂੰ ਅੰਮ੍ਰਿਤਸਰ ਜ਼ਿਲ੍ਹੇ (ਹੁਣ ਤਰਨ ਤਾਰਨ) ਦੀ ਤਹਿਸੀਲ ਪੱਟੀ ਦੇ ਪਿੰਡ ਪਹੂਵਿੰਡ ਵਿਖੇ ਰਹਿਣ ਵਾਲੇ ਇਕ ਸਧਾਰਨ ਪਰਿਵਾਰ ਭਾਈ ਭਗਤੂ ਅਤੇ ਮਾਤਾ ਜਿਊਣੀ ਦੇ ਘਰ ਹੋਇਆ।ਆਮ ਬਾਲਕਾਂ ਵਾਂਗ ਬਾਬਾ ਜੀ ਦੇ ਬਚਪਨ ਦਾ ਨਾਮ ਵੀ ਦੀਪਾ ਰੱਖਿਆ ਗਿਆ।ਜਦੋਂ ਦੀਪੇ ਦੀ ਉਮਰ 18 ਸਾਲ ਦੀ ਹੋਈ ਤਾਂ ਉਹ ਆਪਣੇ ਮਾਤਾ-ਪਿਤਾ ਨਾਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਲਈ ਗਿਆ। ਕੁੱਝ ਦਿਨ ਰਹਿ ਕੇ ਦੀਪੇ ਦੇ ਮਾਤਾ-ਪਿਤਾ ਤਾਂ ਵਾਪਸ ਪਿੰਡ ਪਹੂਵਿੰਡ ਆ ਗਏ ਪਰ ਦੀਪਾ ਇੱਥੇ ਹੀ ਰਹਿ ਪਿਆ। ਕਲਗੀਧਰ ਪਾਤਸ਼ਾਹ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਦੀਪੇ ਦੇ ਜੀਵਨ ਵਿੱਚ ਇੱਕ ਮਹੱਤਵਪੂਰਨ ਮੋੜ ਆ ਗਿਆ ਅਤੇ ਉਹ ਦੀਪੇ ਤੋ ਦੀਪ ਸਿੰਘ ਬਣ ਗਿਆ ।

ਸ੍ਰੀ ਅਨੰਦਪੁਰ ਸਾਹਿਬ ਰਹਿ ਕੇ ਦੀਪ ਸਿੰਘ ਨੇ ਸ਼ਸਤਰ ਤੇ ਸ਼ਾਸਤਰ ਵਿਦਿਆ ਵਿਚ ਬਰਾਬਰੀ ਨਾਲ ਮੁਹਾਰਤ ਹਾਸਲ ਕਰ ਲਈ।20-22 ਸਾਲ ਦੀ ਉਮਰ ਤੱਕ ਦੀਪ ਸਿੰਘ ਨੇ ਜਿੱਥੇ ਭਾਈ ਮਨੀ ਸਿੰਘ ਵਰਗੇ ਉਸਤਾਦ ਕੋਲੋਂ ਗੁਰਬਾਣੀ ਦਾ ਚੋਖਾ ਗਿਆਨ ਹਾਸਲ ਕਰ ਲਿਆ ਉੱਥੇ ਉਹ ਇੱਕ ਨਿਪੁੰਨ ਸਿਪਾਹੀ ਵੀ ਬਣ ਗਿਆ।ਕੁੱਝ ਸਮੇਂ ਬਾਅਦ ਦੀਪ ਸਿੰਘ ਆਪਣੇ ਪਿੰਡ ਪਹੂਵਿੰਡ ਆ ਗਿਆ।ਪਿੰਡ ਆ ਕੇ ਉਸ ਨੇ ਆਸ-ਪਾਸ ਦੇ ਇਲਾਕੇ ਵਿਚ ਧਰਮ ਪ੍ਰਚਾਰ ਦੇ ਕਾਰਜ ਨੂੰ ਬੜੀ ਹੀ ਲਗਨ ਅਤੇ ਸ਼ਰਧਾ-ਭਾਵਨਾ ਨਾਲ ਕਰਨਾ ਆਰੰਭ ਕਰ ਦਿੱਤਾ,ਜਿਸ ਦਾ ਨੌਜਵਾਨ ਤਬਕੇ 'ਤੇ ਬਹੁਤ ਹੀ ਸਾਰਥਿਕ ਅਤੇ ਸੁਚੱਜਾ ਪ੍ਰਭਾਵ ਪੈਣ ਲੱਗਾ।

ਜਦੋਂ ਦਸਵੇਂ ਪਾਤਸ਼ਾਹ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਨ ਦੀ ਵਿਉਂਤਬੰਦੀ ਕੀਤੀ ਤਾਂ ਉਨ੍ਹਾਂ ਨੇ ਭਾਈ ਮਨੀ ਸਿੰਘ ਜੀ ਦੇ ਨਾਲ-ਨਾਲ ਬਾਬਾ ਦੀਪ ਸਿੰਘ ਦਾ ਵੀ ਭਰਪੂਰ ਸਹਿਯੋਗ ਲਿਆ।ਬਾਬਾ ਜੀ ਤੋਂ ਕਲਮਾਂ, ਸਿਆਹੀ ਅਤੇ ਕਾਗਜ਼ ਆਦਿ ਤਿਆਰ ਕਰਵਾਉਣ ਦੀ ਸੇਵਾ ਲਈ ਗਈ।ਬਾਬਾ ਦੀਪ ਸਿੰਘ ਨੇ ਸ੍ਰੀ ਗ੍ਰੰਥ ਸਾਹਿਬ ਦੇ ਚਾਰ ਉਤਾਰੇ ਕਰਕੇ ਚਾਰੇ ਤਖਤਾਂ ਨੂੰ ਭੇਜੇ।ਦੱਖਣ ਵੱਲ ਰਵਾਨਾ ਹੋਣ ਤੋਂ ਪਹਿਲਾਂ ਸ੍ਰੀ ਗੁਰੂ ਗੋਬਿੰਦ ਜੀ ਨੇ ਸ੍ਰੀ ਦਮਦਮਾ ਸਾਹਿਬ ਦੀ ਸੇਵਾ-ਸੰਭਾਲ ਦੀ ਜ਼ਿੰਮੇਵਾਰੀ ਪੂਰਨ ਰੂਪ ਵਿੱਚ ਬਾਬਾ ਜੀ ਨੂੰ ਸੌਂਪ ਦਿੱਤੀ।ਇਸ ਜ਼ਿੰਮੇਵਾਰੀ ਨੂੰ ਬਾਬਾ ਦੀਪ ਸਿੰਘ ਨੇ ਬੜੀ ਹੀ ਤਨਦੇਹੀ ਅਤੇ ਸਿਦਕਦਿਲੀ ਨਾਲ ਨਿਭਾਇਆ।

1709 ਈ: ਵਿੱਚ ਜਦੋਂ ਬੰਦਾ ਸਿੰਘ ਬਹਾਦਰ ਵੱਲੋਂ ਜ਼ਾਲਮਾਂ ਵੱਲੋਂ ਕੀਤੀਆਂ ਗਈਆਂ ਧੱਕੇਸ਼ਾਹੀਆਂ ਦਾ ਹਿਸਾਬ ਚੁੱਕਤਾ ਕਰਨ ਲਈ ਪੰਜਾਬ ਨੂੰ ਮੁਹਾਰਾਂ ਮੋੜੀਆਂ ਤਾਂ ਬਾਬਾ ਦੀਪ ਸਿੰਘ ਨੇ ਸੈਂਕੜੇ ਮਰਜੀਵੜਿਆਂ ਦੀ ਫੌਜ ਨਾਲ ਲੈ ਕੇ ਉਨ੍ਹਾਂ ਦਾ ਡੱਟਵਾਂ ਸਾਥ ਦਿੱਤਾ। ਇਸ ਸਾਥ ਸਦਕਾ ਹੀ ਸਿੰਘਾਂ ਨੇ ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਸੀ।ਬਾਬਾ ਜੀ ਵੱਲੋਂ ਇਸ ਜੰਗ ਵਿੱਚ ਨਿਭਾਈ ਗਈ ਅਹਿਮ ਭੂਮਿਕਾ ਕਾਰਨ ਹੀ ਉਨ੍ਹਾਂ ਨੂੰ ਜਿੰਦਾ ਸ਼ਹੀਦ ਦੇ ਖਿਤਾਬ ਨਾਲ ਨਿਵਾਜ਼ਿਆ ਜਾਂਦਾ ਹੈ।ਬਾਬਾ ਦੀਪ ਸਿੰਘ ਜੀ ਸ਼ਹੀਦੀ ਮਿਸਲ ਦੇ ਜੱਥੇਦਾਰ ਵੀ ਸਨ।

ਅਹਿਮਦ ਸ਼ਾਹ ਅਬਦਾਲੀ ਨੇ ਹਿੰਦੋਸਤਾਨ ਤੇ ਕਈ ਹਮਲੇ ਕੀਤੇ।ਇਨ੍ਹਾਂ ਹਮਲਿਆਂ ਦੌਰਾਨ ਉਸ ਦੀਆਂ ਫੌਜਾਂ ਦਾ ਰਾਹ ਰੋਕਣ ਵਾਲੇ ਸਿੱਖਾਂ ਤੋਂ ਉਹ ਬਹੁਤ ਪ੍ਰੇਸ਼ਾਨ ਅਤੇ ਦੁਖੀ ਸੀ। ਆਪਣੀ ਪ੍ਰੇਸ਼ਾਨੀ ਅਤੇ ਦੁੱਖ ਨੂੰ ਘੱਟ ਕਰਨ ਭਾਵ ਸਿੱਖੀ ਦਾ ਖੁਰਾ ਖੋਜ ਮਿਟਾਉਣ ਲਈ ਉਸ ਨੇ ਆਪਣੇ ਪੁੱਤਰ ਤੈਮੂਰ ਨੂੰ ਪੰਜਾਬ ਦਾ ਗਵਰਨਰ ਥਾਪ ਦਿੱਤਾ ਅਤੇ ਉਸ ਦੇ ਸਹਿਯੋਗ ਲਈ ਇੱਕ ਜਾਲਮ ਸੁਭਾਅ ਤੇ ਸੈਨਾਪਤੀ ਜਹਾਨ ਖਾਂ ਦੀ ਨਿਯੁਕਤੀ ਕਰ ਦਿੱਤੀ।

ਜਹਾਨ ਖਾਂ ਨੂੰ ਕਿਸੇ ਨੇ ਦੱਸਿਆ ਕਿ ਜਦ ਤੱਕ ਅੰਮ੍ਰਿਤਸਰ ਵਿੱਚ ਪਵਿੱਤਰ ਸਰੋਵਰ ਅਤੇ ਸ੍ਰੀ ਦਰਬਾਰ ਸਾਹਿਬ ਦੀ ਹੋਂਦ ਕਾਇਮ ਹੈ,ਸਿੱਖਾਂ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਕਿਉਂਕਿ ਇਨ੍ਹਾਂ ਦੋਹਾਂ ਸੋਮਿਆ ਤੋਂ ਉਨ੍ਹਾਂ ਨੂੰ ਨਵਾਂ ਜੀਵਨ ਅਤੇ ਉਤਸ਼ਾਹ ਮਿਲਦਾ ਹੈ।1760 ਈ. ਵਿੱਚ ਜਹਾਨ ਖਾਂ ਨੇ ਅੰਮ੍ਰਿਤਸਰ ਨੂੰ ਸਦਰ ਮੁਕਾਮ ਬਣਾ ਲਿਆ। ਇਸ ਮੁਕਾਮ ਦੌਰਾਨ ਉਸ ਨੇ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਢਾਹ ਕੇ ਪਵਿੱਤਰ ਸਰੋਵਰ ਨੂੰ ਪੂਰ ਦਿੱਤਾ।

ਜਦੋਂ ਜਹਾਨ ਖਾਂ ਦੀ ਇਸ ਵਧੀਕੀ ਦੀ ਖ਼ਬਰ ਜਥੇਦਾਰ ਭਾਗ ਸਿੰਘ ਨੇ ਤਲਵੰਡੀ ਸਾਬੋ ਵਿਖੇ ਆ ਕਾ ਬਾਬਾ ਦੀਪ ਸਿੰਘ ਨੂੰ ਦਿੱਤੀ ਤਾਂ ਉਨ੍ਹਾਂ ਦਾ ਖ਼ੂਨ ਉਬਾਲੇ ਖਾਣ ਲੱਗਾ। ਅਰਦਾਸਾ ਸੋਧ ਕੇ ਬਾਬਾ ਜੀ ਨੇ 18 ਸੇਰ ਦਾ ਖੰਡਾ ਉਠਾ ਲਿਆ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਚਾਲੇ ਪਾ ਦਿੱਤੇ।

ਦਮਦਮਾ ਸਾਹਿਬ ਤੋਂ ਚੱਲਣ ਸਮੇਂ ਉਨ੍ਹਾਂ ਨਾਲ ਕੁਝ ਗਿਣਤੀ ਦੇ ਹੀ ਸਿੰਘ ਸਨ ਪਰ ਰਸਤੇ ਵਿੱਚ ਜੱਥੇਦਾਰ ਗੁਰਬਖਸ਼ ਸਿੰਘ ਆਨੰਦਪੁਰੀ ਵੀ ਆ ਰਲਿਆ।ਚੱਲਦਿਆਂ-ਚਲਦਿਆਂ ਕਾਫ਼ਲਾ ਵੱਧਦਾ ਗਿਆ।ਬਾਬਾ ਜੀ ਨੇ ਇਸ ਢੰਗ ਨਾਲ ਵੰਗਾਰਿਆ ਕਿ ਤਰਨਤਾਰਨ ਤੱਕ ਪਹੁੰਚ ਕੇ ਲਾੜੀ ਮੌਤ ਨੂੰ ਵਰਨ ਜਾ ਰਹੇ ਸਿੰਘਾਂ ਦੀ ਗਿਣਤੀ ਸੈਕੜਿਆਂ ਤੋਂ ਹਜਾਰਾਂ ਤੱਕ ਪਹੁੰਚ ਗਈ।ਇੱਥੇ ਆ ਕੇ ਬਾਬਾ ਜੀ ਨੇ ਆਪਣੇ ਖੰਡੇ ਨਾਲ ਇੱਕ ਲਕੀਰ ਵਾਹ ਦਿਤੀ ਤੇ ਕਿਹਾ ਕਿ "ਜਿਸ ਨੂੰ ਪ੍ਰੇਮ ਦੀ ਖੇਡ ਖੇਡਣ ਦਾ ਚਾਅ ਹੈ ਉਹ ਟੱਪ ਜਾਵੇ ਅਤੇ ਜਿਸ ਨੂੰ ਮੌਤ ਤੋਂ ਡਰ ਲੱਗਦਾ ਹੈ ਉਹ ਪਿਛਾਂਹ ਹੱਟ ਜਾਵੇ"।ਪਰ ਜਿਹੜਾ ਵੀ ਕਾਫ਼ਲਾ ਹੁਣ ਤੱਕ ਬਾਬਾ ਜੀ ਨਾਲ ਜੁੜ ਚੁੱਕਿਆ ਸੀ ਉਹ ਸਾਰਾ ਹੀ ਸ਼ਹੀਦੀਆਂ ਦਾ ਚਾਅ ਲੈ ਕੇ ਆਇਆ ਸੀ। ਇਸ ਕਰਕੇ ਸਾਰਾ ਕਾਫ਼ਲਾ ਹੀ ਲਕੀਰ ਪਾਰ ਕਰ ਗਿਆ ਅਤੇ ਬਾਬਾ ਜੀ ਨੇ ਖ਼ੁਸ਼ੀ ਵਿੱਚ ਜੈਕਾਰਾ ਛੱਡ ਦਿੱਤਾ।


ਦੂਜੇ ਪਾਸੇ ਜਹਾਨ ਖਾਂ ਨੂੰ ਜਦੋਂ ਬਾਬਾ ਜੀ ਦੇ ਕਾਫ਼ਲੇ ਦੀ ਅੰਮ੍ਰਿਤਸਰ ਵੱਲ ਆਉਣ ਦੀ ਖ਼ਬਰ ਮਿਲੀ ਤਾਂ ਉਸ ਨੇ ਆਪਣੇ ਇੱਕ ਜਰਨੈਲ ਅਤਈ ਖਾਂ ਦੀ ਅਗਵਾਈ ਵਿੱਚ ਇੱਕ ਵੱਡੀ ਫ਼ੌਜ ਸਿੰਘਾਂ ਦਾ ਰਾਹ ਰੋਕਣ ਲਈ ਭੇਜ ਦਿੱਤੀ।ਗੋਹਲਵੜ ਨੇ ਸਥਾਨ 'ਤੇ ਲਹੂ ਡੋਲਵੀਂ ਲੜਾਈ ਹੋਈ।ਸਿੰਘਾਂ ਦੇ ਜੈਕਾਰਿਆਂ ਅਤੇ ਲਲਕਾਰਿਆਂ ਨਾਲ ਅਫ਼ਗਾਨੀ ਫ਼ੌਜਾਂ ਦੇ ਹੌਂਸਲੇ ਪਸਤ ਹੋਣ ਲੱਗੇ ਅਤੇ ਉਹ ਪਿਛਲਖ਼ੁਰੀ ਹੋਣ ਲੱਗੀਆਂ ।

ਇਸ ਸਮੇਂ ਦੌਰਾਨ ਯਕੂਬ ਖਾਂ ਅਤੇ ਸਾਬਕ ਅਲੀ ਖਾਂ ਵੀ ਬਾਬਾ ਦੀਪ ਸਿੰਘ ਜੀ ਨਾਲ ਮੁਕਾਬਲੇ 'ਤੇ ਆ ਗਏ।ਯਕੂਬ ਖਾਂ ਅਤੇ ਬਾਬਾ ਜੀ ਵਿਚਲੇ ਫਸਵੀਂ ਟੱਕਰ ਹੋਈ ਪਰ ਯਕੂਬ ਖਾਂ ਬਾਬਾ ਜੀ ਦੇ ਵਾਰ ਦੀ ਤਾਬ ਨਾ ਝੱਲ ਸਕਿਆ। ਯਕੂਬ ਖਾਂ ਨੂੰ ਢੇਰੀ ਹੁੰਦਿਆਂ ਦੇਖ ਕੇ ਇੱਕ ਹੋਰ ਅਫ਼ਗਾਨੀ ਜਵਾਨ ਅਸਮਾਨ ਖਾਂ ਵੀ ਮੈਦਾਨ-ਏ-ਜੰਗ ਵਿਚ ਆ ਨਿੱਤਰਿਆ। ਬਾਬਾ ਦੀਪ ਸਿੰਘ ਜੀ ਨੇ ਆਪਣੇ ਕੀਤੇ ਹੋਏ ਪ੍ਰਣ ਨੂੰ ਨਿਭਾਅ ਕੇ ਬਾਬਾ ਦੀਪ ਸਿੰਘ ਜੀ ਨੇ ਸ਼ਹੀਦੀ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ 11 ਨਵੰਬਰ 1760 ਈ. ਨੂੰ ਸ਼ਹਾਦਤ ਦਾ ਜਾਮ ਪੀ ਗਏ।

ਲਿਖਤ : ਸੋਹਣ ਸਿੰਘ ਸ਼ੀਤਲ

# ਸਿੱਖ ਰਾਜ ਕਿਵੇਂ ਗਿਆ...?

ਲੜੀਵਾਰ ਕਿਸ਼ਤ 46



### ਹਾਰਡਿੰਗ ਦੀ ਘਬਰਾਹਟ

'ਕਰੀ' ਕੋਲੋਂ ਇਹ ਸੁਣ ਕੇ ਹਾਰਡਿੰਗ ਬੜਾ ਘਬਰਾਇਆ। ਏਸ ਤਰ੍ਹਾਂ ਦੀ ਸਹਾਇਤਾ ਦੇਣੀ ਉਸਦੇ ਇਰਾਦੇ ਦੇ ਉਲਟ ਸੀ। ਉਹ ਪੰਜਾਬ ਨੂੰ ਬੜੀਆਂ ਕਰੜੀਆਂ ਸ਼ਰਤਾਂ ਵਿਚ ਜਕੜਨਾ ਚਾਹੁੰਦਾ ਸੀ। ਉਸਨੇ ਮੋੜਵੀਂ ਡਾਕੇ 'ਕਰੀ' ਨੂੰ ਲਿਖਿਆ : ''ਪੰਜਾਬ ਵਿਚ ਐਸੇ ਦੇਸੀ ਪਰਬੰਧ ਚਲਾਉਣ ਲਈ, ਜਿਸਦੇ ਨਕਾਰਾ, ਬੇ-ਇਨਸਾਫ਼ ਤੇ ਸਾਜ਼ਸ਼ਾਂ ਭਰਿਆ ਹੋਣ ਦੇ ਸਾਨੂੰ ਤਾਜ਼ਾ ਤਜਰਬੇ ਹੋ ਚੁੱਕੇ ਹਨ, ਅੰਗਰੇਜ਼ੀ ਫ਼ੌਜ ਨਾਲ ਸਹਾਇਤਾ ਨਾ ਕਰਨ ਲਈ ਮੈਂ ਪੱਕਾ ਇਰਾਦਾ ਕੀਤਾ ਹੋਇਆ ਹੈ। ਇਸ ਲਈ ਐਸੇ ਪਰਬੰਧ ਦੀ ਸਹਾਇਤਾ ਲਈ ਅੰਗਰੇਜ਼ੀ ਫ਼ੌਜ ਦੇਣ ਦੀ ਮੈਂ ਰਜ਼ਾਮੰਦੀ ਨਹੀਂ ਦਿਆਂਗਾ, ਜਿਸ 'ਤੇ ਕੋਈ ਭਰੋਸਾ ਨਾ ਕੀਤਾ ਜਾ ਸਕੇ। ਦੋ ਪਿਆਦਾ ਪਲਟਨਾਂ, ਇਕ ਰਸਾਲਾ ਤੇ ਇਕ ਤੋਪਖ਼ਾਨਾ ਬਾਤਰੀ ਦੀ ਤਜਵੀਜ਼ ਇਤਨੀ ਫ਼ਜ਼ੂਲ ਹੈ, ਕਿ ਮੈਂ ਇਸਨੂੰ ਇਸ ਗੱਲ ਦੇ ਤੁੱਲ ਸਮਝਦਾ ਹਾਂ, ਕਿ ਉਹ ਸਾਡੇ ਦਖ਼ਲ ਦੇ ਬਗ਼ੈਰ ਆਪਣਾ ਰਾਜ-ਪਰਬੰਧ ਆਪ ਕਰਨ ਦੀ ਇੱਛਿਆ ਰਖਦੇ ਹਨ। ਮੈਂ ਹੀ ਸਭ ਤੋਂ ਚੰਗੀ ਤਰ੍ਹਾਂ ਉਹ ਫ਼ੈਸਲਾ ਦੇ ਸਕਦਾ ਹਾਂ, ਕਿ ਲਾਹੌਰ ਵਿਚ ਕਿੰਨੀ ਫ਼ੌਜ ਰਖਣੀ ਯੋਗ ਹੈ''

ਹਾਰਡਿੰਗ ਦੀ ਦਿਲੀ ਇੱਛਿਆ ਨੂੰ ਜਾਣਦੇ ਹੋਏ 'ਕਰੀ' ਨੇ ਮਹਾਰਾਜੇ ਦੀ 14 ਦਸੰਬਰ ਦੀ ਚਿੱਠੀ 'ਮਹਾਰਾਜੇ ਦੀ ਬੇਨਤੀ' ਦੱਸ ਕੇ ਇਉਂ ਜਵਾਬ ਦਿੱਤਾ : ''ਤੁਹਾਡੀ ਇਹ ਬੇਨਤੀ, ਕਿ ਲਾਹੌਰ ਵਿਚ ਇਸ ਵੇਲੇ ਮੌਜੂਦਾ ਅੰਗਰੇਜ਼ੀ ਫ਼ੌਜ ਦਾ ਕੁਛ ਹਿੱਸਾ ਤੇ ਗਵਰਨਰ-ਜੈਨਰਲ ਦਾ ਏਜੰਟ ਮੁਕੱਰਰ ਕੀਤੇ ਹੋਏ ਸਮੇਂ ਦੇ ਮੁੱਕਣ ਤੋਂ ਪਿਛੋਂ ਕੁਛ ਚਿਰ ਹੋਰ ਠਹਿਰੇ ਤੇ ਜਿਸਦਾ ਠਹਿਰਨਾ ਮੁਲਕ ਦਾ ਰਾਜ ਪਰਬੰਧ ਕਰਨ ਲਈ ਤੁਸੀਂ ਬੜਾ ਜ਼ਰੂਰੀ ਸਮਝਦੇ ਹੋ, ਪਿਛਲੇ 11 ਮਾਰਚ ਦੇ ਅਹਿਦਨਾਮੇ ਦੀਆਂ ਸ਼ਰਤਾਂ ਦੇ ਵਿਰੁੱਧ ਜਾਂਦਾ ਹੈ ਤੇ ਬੜਾ ਜ਼ਰੂਰੀ ਮਾਮਲਾ ਹੈ। ਮੈਨੂੰ ਇਹ ਜ਼ਰੂਰੀ ਮਾਲੂਮ ਹੁੰਦਾ ਹੈ, ਕਿ ਲਾਹੌਰ ਦਰਬਾਰ ਦੇ ਦਰਬਾਰੀ ਤੇ ਲਾਹੌਰ ਰਾਜ ਦੇ ਸ਼ੁਭ ਚਿੰਤਕ ਹੋਰ ਸਰਦਾਰ ਭਲਕੇ ਮੇਰੇ ਦਰਬਾਰ ਦੇ ਤੰਬੂ ਵਿਚ ਇਕੱਠੇ ਹੋਣ, ਜਦ ਕਿ ਮੈਂ ਉਹਨਾਂ ਦੇ ਸਾਹਮਣੇ ਉਹ ਸ਼ਰਤਾਂ ਰੱਖ ਦਿਆਂਗਾ, ਕੇਵਲ ਜਿੰਨ੍ਹਾਂ ਉੱਤੇ ਗਵਰਨਰ-ਜੈਨਰਲ ਉਪਰੋਕਤ ਅਹਿਦਨਾਮੇ ਵਿਚ ਕੋਈ ਅਦਲਾ ਬਦਲੀ ਕਰਨ ਨੂੰ ਤਿਆਰ ਹੋ ਸਕਦਾ ਹੈ, ਤੇ ਇਹ ਗੱਲ ਚੰਗੀ ਹੋਵੇਗੀ, ਕਿ ਉਹ ਦਰਬਾਰੀ ਉਹਨਾਂ ਸ਼ਰਤਾਂ ਨੂੰ ਮੰਨਣ, ਜਾਂ ਨਾ ਮੰਨਣ ਸੰਬੰਧੀ ਆਖ਼ਰੀ ਫ਼ੈਸਲਾ ਦੇ ਸਕਣ ਲਈ ਤਿਆਰ ਹੋ ਕੇ ਆਉਣ, ਤਾਂਕਿ ਇਹ ਮਾਮਲਾ ਨਜਿਠਿਆ ਜਾ ਸੱਕੇ ਤੇ ਅੰਗਰੇਜ਼ੀ ਫ਼ੌਜ ਦੇ ਚਾਲੇ ਪਾਉਣ ਸੰਬੰਧੀ ਜ਼ਰੂਰੀ ਹੁਕਮ ਦਿੱਤੇ ਜਾ ਸੱਕਣ।''

ਅਗਲੇ ਦਿਨ 'ਕਰੀ' ਦੇ ਤੰਬੂ ਵਿਚ ਸਾਰੇ ਸਰਦਾਰ ਕੱਠੇ ਹੋਏ, ਜਿੰਨ੍ਹਾਂ ਵਿਚੋਂ ਬਹੁਤਿਆਂ ਨਾਲ ਅੰਦਰੋਂ ਅੰਦਰ ਪਹਿਲਾਂ ਹੀ ਫ਼ੈਸਲਾ ਕਰ ਲਿਆ ਗਿਆ ਸੀ ਤੇ ਜਿੰਨ੍ਹਾਂ ਨੂੰ ਜਾਗੀਰ ਦੇ ਕਾਇਮ ਰੱਖਣ ਦਾ ਭਰੋਸਾ ਚੰਗੀ ਤਰ੍ਹਾਂ ਦਿੱਤਾ ਜਾ ਚੁੱਕਾ ਸੀ। ਮਹਾਰਾਣੀ ਜਿੰਦ ਕੌਰ ਨੂੰ ਜਾਣ ਬੁਝ ਕੇ ਏਸ ਦਰਬਾਰ ਵਿਚ ਸ਼ਾਮਲ ਨਹੀਂ ਕੀਤਾ ਗਿਆ, ਕਿਉਂਕਿ ਡਰ ਸੀ, ਕਿ ਉਹ ਇਹ ਸ਼ਰਤਾਂ ਨਹੀਂ ਮੰਨੇਗੀ। 'ਕਰੀ ਨੇ ਅਹਿਦਨਾਮੇਂ ਦੀਆਂ ਸ਼ਰਤਾਂ ਪੜ੍ਹ ਕੇ ਸੁਣਾਈਆਂ। ਤੇਜ ਸਿੰਘ ਦੇ ਧੜੇ ਨੇ 'ਸਭ ਅੱਛਾ' ਦਾ ਰੌਲਾ ਪਾ ਦਿੱਤਾ। ਹਾਂ, ਦੀਵਾਨ ਦੀਨਾ ਨਾਥ ਨੇ ਇਹ ਇੱਛਿਆ ਪਰਗਟ ਕੀਤੀ, ਕਿ ਥੋੜ੍ਹੀ ਦੇਰ ਲਈ ਦਰਬਾਰ ਮੁਲਤਵੀ ਕਰ ਦਿੱਤਾ ਜਾਵੇ, ਤਾਂਕਿ ਦਰਬਾਰੀ ਮਹਾਰਾਣੀ ਦੀ ਸਲਾਹ ਲੈ ਸਕਣ। ਅੱਗੋਂ 'ਕਰੀ' ਨੇ ਕਿਹਾ, ਕਿ ਗਵਰਨਰ-ਜੈਨਰਲ ਮਹਾਰਾਣੀ ਦੀ ਸਲਾਹ ਨਹੀਂ ਪੁੱਛ ਰਿਹਾ, ਰਾਜ ਦੇ ਸਰਦਾਰਾਂ ਤੇ ਥੰਮ੍ਹ ਦੀ ਸਲਾਹ ਪੁੱਛ ਰਿਹਾ ਹੈ। ਸਰਕਾਰ ਦੇ ਸਕੱਤਰ ਵੱਲੋਂ ਇਸ ਸਖ਼ਤ ਤੇ ਰੁੱਖੇ ਇਸ਼ਾਰੇ ਤੋਂ ਦਰਬਾਰੀ ਤੇ ਸਰਦਾਰ, ਸਰਕਾਰ ਦੇ ਮਨ ਤੇ ਅੰਦਰਲੀ ਨੀਅਤ ਨੂੰ ਸਮਝ ਗਏ। ਵਿਰੋਧੀ ਅਵਾਜ਼ ਜੇ ਕੋਈ ਉਠਣੀ ਵੀ ਸੀ ਤਾਂ ਉਹ ਦੱਬ ਗਈ।

ਇਸ ਘਟਨਾ ਤੋਂ ਥੋੜੇ ਹੀ ਦਿਨ ਪਹਿਲਾਂ, ਲਾਲ ਸਿੰਘ ਨੂੰ ਵਜ਼ਾਰਤ ਤੋਂ ਹਟਾ ਕੇ ਦੇਸ-ਨਿਕਾਲਾ ਦਿੱਤਾ ਗਿਆ ਸੀ। ਏਸ ਗੱਲ ਤੋਂ ਵੀ ਕੁਛ ਸਰਦਾਰ ਡਰ ਗਏ ਜਾਪਦੇ ਸਨ। ਸੋ, ਦੀਨਾ ਨਾਥ ਨਾਲ ਹੋਏ ਇਸ ਵਰਤਾਉ ਤੋਂ ਪਿਛੋਂ ਕੋਈ ਨਾ ਬੋਲਿਆ। ਇਸ ਹਾਲਾਤ ਥੱਲੇ 'ਭਲੋਵਾਲ' ਦੀ ਸੁਲ੍ਹਾ ਪੱਕੀ ਹੋਈ, ਜੋ ਮਹਾਰਾਣੀ ਦੀ ਮਰਜ਼ੀ ਦੇ ਵਿਰੁਧ ਤੇ ਹਾਰਡਿੰਗ ਦੀ ਜ਼ੋਰਦਾਰ ਇੱਛਿਆ ਅਨੁਸਾਰ ਹੋਈ। ਏਸ ਤੋਂ ਪਿਛੋਂ ਪੰਜਾਬ ਵਿਚ ਜਿੰਨੇ ਬਖੇੜੇ ਖੜੇ ਹੋਏ, ਸਭ ਦਾ ਮੁਢਲਾ ਕਾਰਨ ਇਹ 'ਸੁਲ੍ਹਾ' ਹੈ। ਜੇ ਇਹ ਅਹਿਦਨਾਮਾ ਬਦੋਬਦੀ ਪੰਜਾਬ ਦੇ ਸਿਰ ਨਾ ਮੜ੍ਹਿਆ ਜਾਂਦਾ, ਤਾਂ ਪਿਛੋਂ ਹੋਣ ਵਾਲੀ ਗੜਬੜ ਬਿਲਕੁਲ ਨਾ ਹੁੰਦੀ।

ਲਾਹੌਰ ਨਾਲ ਦੂਜਾ ਅਹਿਦਨਾਮਾ ੧੯ ਦਸੰਬਰ ੧੮੪੬ ਈ। ਨੂੰ ਲਾਹੌਰ ਵਿਚ ਪੱਕਾ ਹੋਇਆ ਤੇ ਭਰੋਵਾਲ ੨੨ ਦਸੰਬਰ, 1746 ਈ। ਨੂੰ ਗਵਰਨਰ ਜੈਨਰਲ ਨੇ ਤਸਦੀਕ ਕੀਤਾ, ਜੋ 'ਭਰੋਵਾਲ ਦੀ ਸੁਲ੍ਹਾ' ਦੇ ਨਾਮ ਨਾਲ ਮਸ਼ਹੂਰ ਹੈ।

### ਭਰੋਵਾਲ ਦੀ ਸੁਲ੍ਹਾ

''ਕਸ਼ਮੀਰ ਦੇ ਪੁਰਾਣੇ ਗਵਰਨਰ ਸ਼ੇਖ਼ ਇਮਾਮੁੱਦੀਨ-ਜੋ ਲਾਹੌਰ ਦਰਬਾਰ ਵੱਲੋਂ ਸੀ-ਨੇ ਰਾਜਾ ਗੁਲਾਬ ਸਿੰਘ ਨੂੰ ਕਸ਼ਮੀਰ ਦਾ ਕਬਜ਼ਾ ਕਰਨ ਤੋਂ ਹਥਿਆਰਾਂ ਨਾਲ ਰੋਕਿਆ। ਲਾਹੌਰ ਦਰਬਾਰ ਨੂੰ ਕਿਹਾ ਗਿਆ, ਕਿ ਉਹ ਆਪਣੀ ਪਰਜਾ ਨੂੰ ਕਾਬੂ ਕਰੇ ਤੇ 9 ਮਾਰਚ, 1746 ਈ। ਦੀ ਸੁਲ੍ਹਾ' ਦੀਆਂ ਸ਼ਰਤਾਂ ਨੂੰ ਪੂਰੀਆਂ ਕਰਦਿਆਂ ਹੋਇਆਂ ਕਸ਼ਮੀਰ ਦਾ ਸੂਬਾ ਅੰਗਰੇਜ਼ੀ ਸਰਕਾਰ ਦੇ ਥਾਪੇ ਹੋਏ-ਰਾਜਾ ਗੁਲਾਬ ਸਿੰਘ-ਦੇ ਹਵਾਲੇ ਕਰ ਦੇਵੇ। ''ਉਪਰਲਾ ਕੰਮ ਪੂਰਾ ਕਰਨ ਲਈ ਲਾਹੌਰ ਦਰਬਾਰ ਤੇ ਰਾਜਾ ਗੁਲਾਬ ਸਿੰਘ ਦੀਆਂ ਫ਼ੌਜਾਂ ਦੀ ਮਦਦ ਵਾਸਤੇ, ਲੋੜ ਪਈ 'ਤੇ ਇਕ ਅੰਗਰੇਜ਼ੀ ਫ਼ੌਜ ਲਾਈ ਗਈ। – ਚਲਦਾ

# ਬਸੰਤ ਪੰਚਮੀ ਬਨਾਮ ਬਸੰਤ ਰੁੱਤ



ਲਿਖਤ
ਸਰਵਜੀਤ ਸਿੰਘ ਸੈਕਰਾਮੈਂਟੋ
sarbjits@gmail.com

ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਮੁਤਾਬਕ, ਚੰਦ ਦੇ ਮਾਘ ਮਹੀਨੇ ਦੀ ਸੁਦੀ ਪੰਚਮੀ ਨੂੰ ਮਨਾਏ ਜਾਣ ਵਾਲੇ ਤਿਉਹਾਰ ਨੂੰ ਬਸੰਤ ਪੰਚਮੀ ਕਿਹਾ ਜਾਂਦਾ ਹੈ। ਭਾਵੇਂ ਇਸ ਨੂੰ ਬਸੰਤ ਰੁੱਤ ਦੀ ਆਰੰਭ ਮੰਨਿਆ ਜਾਂਦਾ ਹੈ ਪਰ ਇਸ ਦਾ ਬਸੰਤ ਰੁੱਤ ਨਾਲ ਕੋਈ ਸਬੰਧ ਨਹੀਂ ਹੈ। ਰੁੱਤਾਂ ਦਾ ਸਬੰਧ ਸੂਰਜ ਨਾਲ ਹੈ ਨਾ ਕਿ ਚੰਦ ਨਾਲ। ਰੁੱਤ ਸਦਾ ਹੀ ਇਕ ਖਾਸ ਸਮੇਂ ਤੇ ਆਰੰਭ ਹੁੰਦੀ ਹੈ, ਪਰ ਬਸੰਤ ਪੰਚਮੀ ਹਰ ਸਾਲ ਵੱਖ-ਵੱਖ ਸਮੇਂ ਤੇ ਆਉਂਦੀ ਹੈ। ਜਿਵੇ ਪਿਛਲੇ ਸਾਲ (2022 ਈ:) 5 ਫਰਵਰੀ ਅਤੇ ਇਸ ਸਾਲ (2023 ਈ:) ਵਿਚ 26 ਜਨਵਰੀ ਨੂੰ ਅਤੇ ਅਗਲੇ ਸਾਲ ਭਾਵ 2024 ਵਿੱਚ 14 ਫਰਵਰੀ ਨੂੰ ਆਵੇਗੀ। ਬਸੰਤ ਪੰਚਮੀ ਆਮ ਤੌਰ ਤੇ 20 ਜਨਵਰੀ ਤੋਂ 17 ਫਰਵਰੀ ਦੇ ਦਰਮਿਆਨ ਆਉਂਦੀ ਹੈ।

ਬਸੰਤ ਪੰਚਮੀ, ਜਿਸ ਨੂੰ 'ਸ੍ਰੀ ਪੰਚਮੀ' ਜਾਂ 'ਸਰਸਵਤੀ ਪੂਜਾ' ਵੀ ਕਿਹਾ ਜਾਂਦਾ ਹੈ, ਦਾ ਸਬੰਧ ਦੇਵੀ ਸਰਸਵਤੀ ਨਾਲ ਮੰਨਿਆ ਜਾਂਦਾ ਹੈ। ਸਰਸਵਤੀ ਹਿੰਦੂ ਮੱਤ ਵਿੱਚ ਗਿਆਨ, ਸੰਗੀਤ ਅਤੇ ਕਲਾ ਦੀ ਦੇਵੀ ਮੰਨੀ ਜਾਂਦੀ ਹੈ। ਬਸੰਤ ਪੰਚਮੀ ਨੂੰ ਦੇਵੀ ਸਰਸਵਤੀ ਦਾ ਜਨਮ ਦਿਨ ਮਨਾਇਆ ਜਾਂਦਾ ਹੈ। 'ਹਿੰਦੂ ਮਿਥਿਹਾਸ ਕੋਸ਼' ਵਿੱਚ ਦਰਜ ਕਹਾਣੀ ਮੁਤਾਬਕ ਸਰਸਵਤੀ ਨੂੰ ਬ੍ਰਹਮਾ ਦੀ ਪਤਨੀ ਮੰਨਿਆ ਗਿਆ ਹੈ। ਭਾਰਤ ਦੇ ਕਈ ਹਿੱਸਿਆਂ ਵਿੱਚ ਬਹੁਤ ਹੀ ਉਤਸ਼ਾਹ ਅਤੇ ਖੁਸ਼ੀ ਨਾਲ ਬਸੰਤ ਪੰਚਮੀ ਦੇ ਦਿਨ ਸਰਸਵਤੀ ਦੀ ਪੂਜਾ ਕੀਤੀ ਜਾਂਦੀ ਹੈ। ਇਸ ਦਿਨ ਦੇ ਇਸ਼ਨਾਨ ਅਤੇ ਦਾਨ ਦਾ ਹਿੰਦੂ ਧਰਮ ਵਿੱਚ ਬਹੁਤ ਮਹੱਤਵ ਮੰਨਿਆ ਜਾਂਦਾ ਹੈ। ਬਸੰਤ ਪੰਚਮੀ ਵਾਲੇ ਦਿਨ ਕਈ ਥਾਂਵਾਂ ਉੱਤੇ ਸੰਗੀਤ ਸੰਮੇਲਨ ਅਤੇ ਕਵੀ-ਦਰਬਾਰ ਵੀ ਕਰਵਾਏ ਜਾਂਦੇ ਹਨ। ਜਿਥੇ ਇਸ ਦਿਨ ਪਤੰਗ ਬਾਜ਼ੀ ਦੇ ਮੁਕਾਬਲੇ ਹੁੰਦੇ ਹਨ, ਉਥੇ ਹੀ ਅੱਜ-ਕੱਲ ਚੀਨੀ ਡੋਰ ਕਾਰਨ ਦਰਦਨਾਕ ਹਾਦਸੇ ਵੀ ਵਾਪਰਦੇ ਹਨ।

ਬਸੰਤ, ਧਰਤੀ ਦੇ ਸੂਰਜ ਦੁਵਾਲੇ ਇਕ ਚੱਕਰ, ਜਿਸ ਨੂੰ ਸਾਲ ਕਹਿੰਦੇ ਹਨ, ਵਿੱਚ ਚਾਰ ਰੁੱਤਾਂ ਵਿੱਚੋਂ ਸਭ ਤੋਂ ਸੁਹਾਵਣੀ ਰੁੱਤ। ਆਪਣੇ ਦੇਸ਼ ਵਿਚ ਮੰਨੀਆਂ ਜਾਂਦੀਆਂ 6 ਰੁੱਤਾਂ ਵਿੱਚੋਂ ਇਕ ਰੁੱਤ, ਜੋ ਨਵੇ ਸਾਲ ਦੇ ਆਰੰਭ ਵਿਚ ਆਉਂਦੀ ਹੈ। ਬਸੰਤ ਰੁੱਤ ਨੂੰ ਪ੍ਰਕਿਰਤੀ ਵਿੱਚ ਇੱਕ ਨਵੀਂ ਚੇਤਨਾ ਦਾ ਸੂਚਕ ਮੰਨਿਆ ਜਾਂਦਾ ਹੈ, ਕਿਉਂਕਿ ਇਸ ਰੁੱਤ ਦੀ ਦਸਤਕ ਤੋਂ ਪਹਿਲਾਂ ਕੜਾਕੇ ਦੀ ਪੈ ਰਹੀ ਠੰਢ ਦਾ ਪ੍ਰਭਾਵ ਘਟ ਜਾਂਦਾ ਹੈ, ਦਰਖ਼ਤਾਂ ਦੀਆਂ ਨਵੀਆਂ ਕਰੂੰਬਲਾਂ ਫੁਟ ਪੈਂਦੀਆਂ ਹਨ। ਬਸੰਤ ਰੁੱਤ ਦੀ ਆਮਦ ਸਰਦ ਰੁੱਤ ਦੇ ਖਤਮ ਹੋਣ ਦੀ ਸੂਚਕ ਵੀ ਮੰਨੀ ਜਾਂਦੀ ਹੈ। ਪੰਜਾਬੀ ਅਖਾਣ ਵੀ ਇਸ ਦੀ ਤਸਦੀਕ ਕਰਦਾ ਹੈ।

**"ਆਈ ਬਸੰਤ-ਪਾਲਾ ਉਡੰਤ"।**

ਉੱਤਰੀ ਅਰਧ ਗੋਲੇ ਵਿੱਚ, ਜਦੋਂ ਦਿਨ ਅਤੇ ਰਾਤ ਬਰਾਬਰ (March Equinox) ਹੁੰਦੇ ਹਨ, ਉਸ ਦਿਨ ਤੋਂ ਬਸੰਤ ਰੁੱਤ ਦਾ ਆਰੰਭ ਮੰਨਿਆ ਜਾਂਦਾ ਹੈ। ਜੇ ਸਾਲ ਦੀ ਵੰਡ ਚਾਰ ਰੁੱਤਾਂ ਵਿੱਚ ਕੀਤੀ ਜਾਵੇ ਤਾਂ ਇਸ ਤਰ੍ਹਾਂ ਹੁੰਦੀ ਹੈ। ਬਸੰਤ 20 ਮਾਰਚ ਤੋਂ 20 ਜੂਨ, ਗਰਮੀ 21 ਜੂਨ ਤੋਂ 21 ਸਤੰਬਰ, ਪਤਝੜ 22 ਸਤੰਬਰ ਤੋਂ 20 ਦਸੰਬਰ ਅਤੇ ਸਿਆਲ 21 ਦਸੰਬਰ ਤੋਂ 19 ਮਾਰਚ। ਆਪਣੇ ਦੇਸ਼ ਵਿੱਚ ਸਾਲ ਵੀ ਵੰਡ 6 ਰੁੱਤਾਂ ਵਿੱਚ ਕੀਤੀ ਗਈ ਹੈ। ਗੁਰਬਾਣੀ ਵਿੱਚ ਵੀ 6 ਰੁੱਤਾਂ ਦਾ ਹੀ ਜਿਕਰ ਹੈ। ਉਸ ਮੁਤਾਬਕ ਚੇਤ-ਵੈਸਾਖ ਬਸੰਤ ਰੁੱਤ, ਜੇਠ-ਹਾੜ ਗ੍ਰੀਖਮ ਰੁੱਤ, ਸਾਵਣ-ਭਾਦੋਂ ਬਰਸੁ ਰੁੱਤ, ਅੱਸੂ-ਕੱਤਕ ਸਰਦ ਰੁੱਤ, ਮੱਘਰ-ਪੋਹ ਸਿਸੀਅਰ ਰੁੱਤ ਅਤੇ ਮਾਘ-ਫੱਗਣ ਹਿਮਕਰ ਰੁੱਤ।

ਇਕ ਹੋਰ ਵਸੀਲੇ ਮੁਤਾਬਕ 6 ਰੁੱਤਾਂ ਦੀ ਵੰਡ ਇਉਂ ਕੀਤੀ ਗਈ ਹੈ, ਬਸੰਤ ਰੁੱਤ (Spring) 18 ਫਰਵਰੀ ਤੋਂ 20 ਅਪ੍ਰੈਲ, ਗਰਮੀ (Summer) 21 ਅਪ੍ਰੈਲ ਤੋਂ 20 ਜੂਨ, ਬਰਸਾਤ (Monsoon) 21 ਜੂਨ ਤੋਂ 22 ਅਗਸਤ, ਪੱਤਝੜ (Autumn) 23 ਅਗਸਤ ਤੋਂ 22 ਅਕਤੂਬਰ, ਸਰਦ ਰੁੱਤ (Prewinter) 23 ਅਕਤੂਬਰ ਤੋਂ 20 ਦਸੰਬਰ ਅਤੇ ਹਿਮਕਰ ਭਾਵ ਅੱਤ ਦੀ ਸਰਦੀ (Winter) 21 ਦਸੰਬਰ ਤੋਂ 17 ਫਰਵਰੀ।

ਗਰੈਗੋਰੀਅਨ ਕੈਲੰਡਰ (Tropical year) ਜਿਸ ਦੇ ਸਾਲ ਦੀ ਲੰਬਾਈ ਧਰਤੀ ਦੇ ਸੂਰਜ ਦੁਵਾਲੇ ਇਕ ਚੱਕਰ ਦੇ ਸਮੇਂ ਬਰਾਬਰ ਹੈ, ਮੁਤਾਬਕ ਕੀਤੀ ਗਈ ਉਪ੍ਰੋਕਤ ਵੰਡ ਜਿਆਦਾ ਢੁਕਵੀਂ ਹੈ। ਬਾਣੀ ਦੀ ਪਾਵਨ ਪੰਗਤੀ "ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ" (ਪੰਨਾ 1108) ਵਿੱਚ "ਰਥੁ ਫਿਰੈ" ਦਾ ਭਾਵ ਸੂਰਜ ਦੇ ਰੱਥ ਤੋਂ ਹੈ। ਜਦੋਂ ਸੂਰਜ ਉਤਰਾਇਣ ਨੂੰ ਜਾ ਰਿਹਾ ਹੁੰਦਾ ਹੈ ਉੱਤਰੀ ਅਰਧ ਗੋਲੇ ਵਿੱਚ ਦਿਨ ਵੱਡਾ ਹੋ ਰਿਹਾ ਹੁੰਦਾ ਹੈ, ਤਾਂ 21 ਜੂਨ ਨੂੰ ਦਿਨ ਵੱਧਣੋ ਰੁਕ ਜਾਂਦਾ ਹੈ ਅਤੇ ਸੂਰਜ ਦਖਰਾਇਣ ਨੂੰ ਮੁੜ ਪੈਂਦਾ ਹੈ। ਉਸ ਦਿਨ ਤੋਂ ਉੱਤਰੀ ਭਾਰਤ ਵਿਚ ਵਰਖਾ ਰੁੱਤ ਦਾ ਆਰੰਭ ਮੰਨਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਇਹ ਘਟਨਾ 16 ਹਾੜ ਨੂੰ ਵਾਪਰਦੀ ਸੀ। ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ, ਅਸਲ ਸਾਲ ਦੀ ਲੰਬਾਈ ਵਿੱਚ ਅੰਤਰ ਹੋਣ ਕਾਰਨ ਹੁਣ ਇਹ ਘਟਨਾ 7 ਹਾੜ ਨੂੰ ਵਾਪਰਦੀ ਹੈ। ਜੇ ਅਜੇ ਵੀ ਸਾਲ ਦੀ ਲੰਬਾਈ ਨੂੰ ਨਾ ਸੋਧਿਆ ਗਿਆ ਤਾਂ ਇਹ ਫਰਕ ਵੱਧਦਾ ਹੀ ਜਾਵੇਗਾ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ ਤਾਂ ਆਲਮ ਹੀ ਨਿਰਾਲਾ ਹੈ। ਬਾਣੀ ਵਿੱਚ ਦਰਜ ਬਸੰਤ ਰਾਗ ਤੇ ਅਧਾਰਿਤ 'ਬਸੰਤ ਦੀ ਚੌਕੀ' ਦਾ ਆਰੰਭ ਸ੍ਰੀ ਦਰਬਾਰ ਸਾਹਿਬ ਵਿਖੇ ਲੋਹੜੀ ਵਾਲੀ ਰਾਤ ਅਤੇ ਬਾਕੀ ਗੁਰੂ ਅਸਥਾਨਾਂ 'ਤੇ ਮਾਘ ਦੀ ਸੰਗਰਾਂਦ ਤੋਂ ਕੀਤਾ ਜਾਂਦਾ ਹੈ, ਅਤੇ ਸਮਾਪਤੀ ਹੋਲੇ ਮਹੱਲੇ 'ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਕੀਤੀ ਜਾਂਦੀ ਹੈ। ਇਸ ਮੁਤਾਬਕ ਤਾਂ ਬਸੰਤ ਰੁੱਤ ਦਾ ਆਰੰਭ ਸੂਰਜੀ ਪੋਹ ਦੇ ਆਖਰੀ ਦਿਨ ਜਾਂ ਮਾਘ ਦੀ ਸੰਗਰਾਂਦ ਵਾਲੇ ਦਿਨ ਤੋਂ ਅਤੇ ਸਮਾਪਤੀ ਚੇਤ ਵਦੀ ਏਕਮ, ਭਾਵ ਹੋਲੇ ਮਹੱਲੇ ਵਾਲੇ ਦਿਨ ਹੁੰਦੀ ਹੈ। ਚੰਦ ਦੀ ਤਾਰੀਖ ਹੋਣ ਕਾਰਨ ਹੋਲੇ ਦੀ ਤਾਰੀਖ ਵੀ ਹਰ ਸਾਲ ਬਦਲ ਜਾਂਦੀ ਹੈ। ਜੋ ਹਰ ਸਾਲ ਤਕਰੀਬਨ 1 ਮਾਰਚ ਤੋਂ 28 ਮਾਰਚ ਦੇ ਦਰਮਿਆਨ ਆਉਂਦੀ ਹੈ। ਜੇ ਇਸ ਨੂੰ ਮੰਨ ਲਿਆ ਜਾਵੇ ਤਾਂ ਗ੍ਰੀਖਮ ਰੁੱਤ ਦਾ ਆਰੰਭ ਵੀ 1 ਮਾਰਚ ਤੋਂ 28 ਮਾਰਚ ਦੇ ਦਰਮਿਆਨ ਹ ਹੋਵੇਗਾ। ਜਿਵੇ ਕਿ ਉੱਪਰ ਵੇਖ ਆਏ ਹਾਂ, ਇਹ ਮੰਨਣ ਯੋਗ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਰਾਮਕਲੀ ਰਾਗ ਵਿਚ ਪੰਚਮ ਪਾਤਸ਼ਾਹ ਜੀ ਵੱਲੋਂ ਉਚਾਰੀ ਗਈ ਪਾਵਨ ਪੰਗਤੀ,

**ਰੁਤਿ ਸਰਸ ਬਸੰਤ ਮਾਹ ਚੇਤੁ ਵੈਸਾਖ ਸੁਖ ਮਾਸੁ ਜੀਉ"**
(ਪੰਨਾ 927)

ਵਿੱਚ ਸਪੱਸ਼ਟ ਤੌਰ ਤੇ ਦਰਜ ਹੈ ਕਿ ਬਸੰਤ ਦੀ ਰੁਤ ਚੇਤ-ਵੈਸਾਖ ਦੇ ਮਹੀਨਿਆਂ ਵਿੱਚ ਹੁੰਦੀ ਹੈ। ਫੇਰ ਪਤਾ ਨਹੀਂ ਕਿਉ ਸ਼੍ਰੋਮਣੀ ਕਮੇਟੀ ਬਸੰਤ ਰਾਗ ਦਾ ਗਾਇਨ 30 ਪੋਹ ਜਾਂ ਇਕ ਮਾਘ ਤੋਂ ਆਰੰਭ ਕਰਦੀ ਹੈ ਅਤੇ ਸਮਾਪਤੀ 18 ਫੱਗਣ ਤੋਂ 15 ਚੇਤ ਦਰਮਿਆਨ ਕਰਦੀ ਹੈ। ਪਰ, ਜਦੋਂ ਅਸੀਂ ਗੁਰਬਾਣੀ ਪੜ੍ਹਦੇ ਹਾਂ ਤ ਮਾਘ ਅਤੇ ਫੱਗਣ ਦੇ ਮਹੀਨੇ ਵਿੱਚ ਹਿਮਕਰ ਰੁੱਤ ਭਾਵ ਬਰਫ਼ਾਨੀ ਰੁੱਤ ਹੁੰਦੀ ਹੈ।

**"ਹਿਮਕਰ ਰੁਤਿ ਮਨਿ ਭਾਵਤੀ ਮਾਘੁ ਫਗਣੁ ਗੁਣਵੰਤ ਜੀਉ" (ਪੰਨਾ 929)**

"ਬਸੰਤ ਦੀ ਚੌਕੀ" ਮਾਘ-ਫੱਗਣ ਦੇ ਮਹੀਨੇ ਲਾਉਣ ਦੀ ਮਰਯਾਦਾ ਕਦੋਂ ਅਤੇ ਕਿਸ ਨੇ ਬਣਾਈ ਹੈ? ਇਹ ਸਵਾਲ, ਸਕੱਤਰ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਸਕੱਤਰ ਧਰਮ ਪ੍ਰਚਾਰ ਕਮੇਟੀ, ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਸਾਹਿਬਾਨ, ਕਈ ਹਜ਼ੂਰੀ ਰਾਗੀ ਜਥਿਆਂ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਦਵਾਨਾਂ ਨੂੰ ਪੁੱਛ ਚੁੱਕੇ ਹਾਂ। ਕਿਸੇ ਨੇ ਵੀ ਤਸੱਲੀ ਬਖ਼ਸ਼ ਜਵਾਬ ਨਹੀ ਦਿੱਤਾ। ਖੈਰ...। ਉਪ੍ਰੋਕਤ ਚਰਚਾ ਤੋਂ ਸਹਿਜੇ ਹੀ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਰੁੱਤਾਂ ਦਾ ਸਬੰਧ ਸੂਰਜ ਦੁਵਾਲੇ ਧਰਤੀ ਦੀ ਚਾਲ ਨਾਲ ਹੈ ਨਾ ਕਿ ਧਰਤੀ ਦੁਵਾਲੇ ਚੰਦ ਦੀ ਚਾਲ ਨਾਲ। ਧਰਤੀ ਤੇ ਰੁੱਤਾਂ ਦੀ ਅਦਲਾ ਬਦਲੀ ਰੁੱਤੀ ਸਾਲ (Tropical Year) ਦੀ ਲੰਬਾਈ ਮੁਤਾਬਕ ਹੁੰਦੀ ਹੈ, ਨਾ ਕਿ ਬਿਕ੍ਰਮੀ ਸਾਲ (Sidereal Year) ਮੁਤਾਬਕ। ਬਸੰਤ ਪੰਚਮੀ ਸਰਸਵਤੀ ਦੀ ਪੂਜਾ ਦਾ ਤਿਉਹਾਰ ਹੈ ਨਾ ਕਿ ਬਸੰਤ ਰੁੱਤ ਦਾ ਆਰੰਭ। ਗੁਰਬਾਣੀ ਮੁਤਾਬਕ ਬਸੰਤ ਰੁੱਤ ਚੇਤ ਅਤੇ ਵੈਸਾਖ ਦੇ ਮਹੀਨੇ ਵਿੱਚ ਹੁੰਦੀ ਹੈ ਨਾ ਕਿ ਮਾਘ-ਫੱਗਣ ਵਿੱਚ, ਜਦੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵੱਲੋਂ "ਬਸੰਤ ਦੀ ਚੌਕੀ" ਭਾਵ ਬਸੰਤ ਰਾਗ ਦਾ ਕੀਰਤਨ ਕੀਤਾ ਜਾਂਦਾ ਹੈ।

ਲਿਖਤ : ਮਨਦੀਪ
ਸੰਪਰਕ: +1-438-924-2052



# ਟਰੰਪ ਦੀ ਆਮਦ ਦੇ ਵਿਸ਼ਵਵਿਆਪੀ ਅਸਰ

> " ਜਦੋਂ ਟਰੰਪ 'ਅਮਰੀਕਾ ਫਸਟ' ਆਖਦਾ ਹੈ ਤਾਂ ਸੰਭਾਵੀ ਤੌਰ 'ਤੇ ਇਸ ਦਾ ਅਰਥ ਹੈ ਕਿ ਉਹ ਅਮਰੀਕੀ ਹਿੱਤਾਂ ਨੂੰ ਤਰਜੀਹ ਦੇ ਕੇ ਚੱਲੇਗਾ ਅਤੇ ਵਪਾਰ, ਤਕਨਾਲੋਜੀ ਤੇ ਸਪਲਾਈ ਚੇਨਾਂ ਵਿੱਚ ਅਮਰੀਕਾ ਦੀ ਸਰਦਾਰੀ ਨਾਲ ਆਰਥਿਕ ਅਤੇ ਭੂ-ਸਿਆਸੀ ਤਣਾਅ ਵਧਾ ਸਕਦਾ ਹੈ। ਚੀਨ ਨਾਲ ਵਪਾਰਕ ਜੰਗ ਦੌਰਾਨ ਤਾਇਵਾਨ ਝਗੜੇ ਦਾ ਹੋਰ ਵੱਡਾ ਕੇਂਦਰ ਬਣ ਸਕਦਾ ਹੈ ਅਤੇ ਉਹ ਇਰਾਨ ਖਿਲਾਫ ਵਧੇਰੇ ਟਕਰਾਅ ਵਾਲਾ ਰੁਖ ਅਪਣਾ ਸਕਦਾ ਹੈ। ਇਸ ਲਈ ਆਉਣ ਵਾਲੇ ਵਰ੍ਹਿਆਂ ਵਿੱਚ ਤਾਇਵਾਨ, ਮੱਧ-ਪੂਰਬ, ਜਾਂ ਪੂਰਬੀ ਯੂਰੋਪ ਵਰਗੇ ਖਿੱਤਿਆਂ ਵਿੱਚ ਤਣਾਅ ਹੋਰ ਵਧ ਸਕਦਾ ਹੈ। ਨੇੜ ਭਵਿੱਖ ਵਿੱਚ ਵਿਸ਼ਵ ਭੂ-ਸਿਆਸਤ ਵਿੱਚ ਹਿੰਦ ਪ੍ਰਸ਼ਾਂਤ ਮਹਾਂਸਾਗਰ ਦਾ ਖਿੱਤਾ ਵਿਸ਼ਵ ਇਤਿਹਾਸ ਵਿੱਚ ਫ਼ੈਸਲਾਕੁਨ ਭੂਮਿਕਾ ਨਿਭਾਏਗਾ। "

ਵੀਹ ਜਨਵਰੀ ਨੂੰ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਲਡ ਟਰੰਪ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਕੁਰਸੀ ਸੰਭਾਲ ਰਹੇ ਹਨ। 'ਅਮਰੀਕਾ ਫਸਟ' ਅਤੇ 'ਅਮਰੀਕਾ ਨੂੰ ਮੁੜ ਮਹਾਨ ਬਣਾਉਣ' ਦੇ ਕੌਮੀ ਸ਼ਾਵਨਵਾਦੀ ਪ੍ਰਚਾਰ ਤਹਿਤ ਉਹਨੇ ਆਵਾਸ (ਇਮੀਗ੍ਰੇਸ਼ਨ) ਨੀਤੀਆਂ ਸਖਤ ਕਰਨ, ਅਮਰੀਕੀ ਵਪਾਰ ਤੇ ਉਤਪਾਦਨ ਦੇ ਹੁਲਾਰੇ ਲਈ ਟੈਰਿਫ ਲਾਉਣ (ਖਾਸਕਰ ਚੀਨ ਉੱਪਰ), ਕੌਮੀ ਸੁਰੱਖਿਆ ਲਈ ਫ਼ੌਜੀ ਖਰਚ ਵਧਾਉਣ, ਵਾਤਾਵਰਨ ਸਮਝੌਤਿਆਂ ਦੀ ਪ੍ਰਵਾਹ ਨਾ ਕਰਦਿਆਂ ਤੇਲ ਤੇ ਕੋਲੇ ਦੇ ਉਤਪਾਦਨ ਨੂੰ ਵਧਾਉਣ, ਨੌਕਰਸ਼ਾਹੀ ਸੀਮਤ ਕਰਨ, ਸੋਸ਼ਲ ਮੀਡੀਆ 'ਤੇ ਕੰਟਰੋਲ ਲਈ ਸੈਂਸਰਸ਼ਿਪ ਦਾ ਸਮਰਥਨ ਕਰਨ, ਲਾਤੀਨੀ ਅਮਰੀਕੀ ਨਸ਼ਾ ਮਾਫੀਆ ਨੂੰ ਅਤਿਵਾਦੀ ਐਲਾਨਣ ਆਦਿ ਦੇ ਵਾਅਦੇ ਕੀਤੇ ਹਨ। ਕੁਰਸੀ 'ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਹੀ ਉਹਨੇ ਕੈਨੇਡਾ ਨੂੰ ਅਮਰੀਕਾ ਦੀ 51ਵੀਂ ਸਟੇਟ ਕਹਿਣ ਦੀਆਂ ਗੈਰ-ਸੰਜੀਦਾ ਟਿੱਪਣੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਤੋਂ ਇਲਾਵਾ ਕੈਨੇਡੀਅਨ ਵਪਾਰ ਉੱਤੇ 25% ਅਤੇ ਚੀਨੀ ਦਰਾਮਦਾਂ ਉੱਤੇ 100% ਟੈਰਿਫ ਲਗਾਉਣ, ਬ੍ਰਿਕਸ ਮੁਦਰਾ ਬਣਾਉਣ ਦੀ ਸੂਰਤ ਵਿੱਚ ਬ੍ਰਿਕਸ ਮੁਲਕਾਂ ਉੱਤੇ 100% ਟੈਰਿਫ ਤੇ ਆਰਥਿਕ ਰੋਕਾਂ ਲਾਉਣ ਦੀ ਧਮਕੀ ਦੇਣ, ਨਾਟੋ ਮੁਲਕਾਂ ਨੂੰ ਫੌਜੀ ਖਰਚ ਵਧਾਉਣ, ਪਨਾਮਾ ਨਹਿਰ 'ਤੇ ਮੁੜ ਕਬਜ਼ਾ ਕਰਨ, ਗਰੀਨਲੈਂਡ ਟਾਪੂ ਨੂੰ ਅਮਰੀਕਾ ਵਿੱਚ ਸ਼ਾਮਲ ਕਰਨ ਅਤੇ ਗੈਰ-ਕਾਨੂੰਨੀ ਪਰਵਾਸੀਆਂ ਦੇ ਵੱਡੀ ਪੱਧਰ'ਤੇ ਦੇਸ਼-ਨਿਕਾਲੇ ਦੇ ਬਿਆਨਾਂ ਨਾਲ ਗਲੋਬਲ ਆਰਥਿਕਤਾ ਅਤੇ ਸਿਆਸਤ ਵਿੱਚ ਸਹਿਮ ਤੇ ਨਵੇਂ ਕਿਆਸ ਪੈਦਾ ਹੋ ਰਹੇ ਹਨ। ਟਰੰਪ ਦੇ ਇਨ੍ਹਾਂ ਬਿਆਨਾਂ ਪਿੱਛੇ ਅਮਰੀਕੀ ਸਾਮਰਾਜ ਦੀ ਨੀਤੀ ਅਤੇ ਇਸ ਦੇ ਵਿਸ਼ਵਵਿਆਪੀ ਪ੍ਰਭਾਵ ਬੁੱਝਣੇ ਜ਼ਰੂਰੀ ਹਨ।

ਅਮਰੀਕਾ ਅੰਦਰ ਬਾਇਡਨ ਪ੍ਰਸ਼ਾਸਨ ਤੋਂ ਟਰੰਪ ਪ੍ਰਸ਼ਾਸਨ ਵੱਲ ਤਬਦੀਲੀ ਖਾਸ ਇਤਿਹਾਸਕ ਸਮੇਂ ਹੋ ਰਹੀ ਹੈ। ਇਹ ਉਹ ਅਹਿਮ ਦੌਰ ਹੈ ਜਦੋਂ ਸਾਮਰਾਜੀ ਅਮਰੀਕੀ ਮਹਾਂ ਸ਼ਕਤੀ ਸੰਸਾਰ ਮੰਚ 'ਤੇ ਆਪਣੇ ਬਰਾਬਰ ਨਵੀਆਂ ਉੱਭਰ ਰਹੀਆਂ ਚੁਣੌਤੀਆਂ ਸੰਗ ਭਿੜਦੀ ਨਿਵਾਣ ਵੱਲ ਜਾ ਰਹੀ ਹੈ। ਅਮਰੀਕਾ ਸਿਰ ਵਿਦੇਸ਼ੀ ਕਰਜ਼ ਵਧ ਰਿਹਾ ਹੈ ਅਤੇ ਸਮਾਜ ਵਿੱਚ ਅਮੀਰੀ-ਗਰੀਬੀ ਦਾ ਪਾੜਾ ਡੂੰਘਾ ਹੋ ਰਿਹਾ ਹੈ। ਵਿਸ਼ਵ ਮੰਡੀ ਵਿੱਚ ਪੁਰਾਣੇ ਸ਼ਰੀਕ ਮੁੜ ਸਿਰ ਚੁੱਕ ਰਹੇ ਹਨ। ਆਰਥਿਕ ਮੰਦਹਾਲੀ ਨਾਲ ਜੂਝ ਰਹੇ ਅਮਰੀਕਾ ਸਾਹਮਣੇ ਇਸ ਸਮੇਂ ਸਭ ਤੋਂ ਵੱਡੀ ਚੁਣੌਤੀ ਆਰਥਿਕ ਤੇ ਫੌਜੀ ਤੌਰ 'ਤੇ ਉਭਰ ਰਿਹਾ ਚੀਨੀ ਸਾਮਰਾਜ ਹੈ ਜਿਸ ਦਾ ਪ੍ਰਭਾਵ ਵਿਸ਼ਵ ਮੰਡੀ ਵਿੱਚ ਲਗਾਤਾਰ ਵਧ-ਫੁੱਲ ਰਿਹਾ ਹੈ। ਦੂਜੀ ਚੁਣੌਤੀ ਰੂਸੀ ਸਾਮਰਾਜ ਹੈ ਜੋ ਆਮ ਤੌਰ 'ਤੇ ਵਿਸ਼ਵ ਹਥਿਆਰ ਮੰਡੀ, ਖਾਸ ਤੌਰ 'ਤੇ ਜੰਗੀ ਪ੍ਰਭਾਵ ਵਾਲੇ ਮੱਧ-ਪੂਰਬੀ ਖਿੱਤੇ ਵਿੱਚ ਫੌਜੀ ਸਾਜ਼ੋ-ਸਮਾਨ ਦੀ ਮੰਡੀ ਵਾਸਤੇ ਅਮਰੀਕੀ 'ਫੌਜੀ ਉਦਯੋਗਕ ਕੰਪਲੈਕਸ' ਲਈ ਅਤੇ ਯੂਰੋਪੀਅਨ-ਏਸ਼ਿਆਈ ਖਿੱਤੇ ਦੀ ਉਰਜਾ ਮੰਡੀ ਲਈ ਚੁਣੌਤੀ ਬਣਿਆ ਹੋਇਆ ਹੈ। ਰੂਸ ਕੋਲ ਤੇਲ, ਗੈਸ, ਅਨਾਜ ਅਤੇ ਹੋਰ ਕੱਚੇ ਮਾਲ ਦੇ ਵਿਸ਼ਾਲ ਭੰਡਾਰ ਹਨ; ਸ਼ਕਤੀਸ਼ਾਲੀ ਫੌਜੀ ਅਤੇ ਪਰਮਾਣੂ ਹਥਿਆਰਾਂ ਕਰ ਕੇ ਇਸ ਦੀ ਵਿਸ਼ਵਵਿਆਪੀ ਪਹੁੰਚ ਅਮਰੀਕੀ ਸਾਮਰਾਜ ਨੂੰ ਟੱਕਰ ਦਿੰਦੀ ਹੈ। ਸੰਸਾਰ ਮੰਡੀ ਵਿੱਚ ਰੂਸ ਤੇ ਚੀਨ, ਅਮਰੀਕਾ ਦੇ ਗਲੋਬਲ ਹਿੱਤਾਂ ਨੂੰ ਚੁਣੌਤੀ ਦੇਣ ਵਾਲੇ ਦੋ ਵੱਡੇ ਆਰਥਿਕ ਤੇ ਫੌਜੀ ਕੇਂਦਰ ਹਨ। ਦੂਜੇ ਪਾਸੇ, ਸੰਸਾਰ ਭਰ ਵਿੱਚ ਕਮਿਊਨਿਸਟ ਲਹਿਰ ਕਮਜ਼ੋਰ ਹਾਲਾਤ ਵਿੱਚ ਗੁਜ਼ਰ ਰਹੀ ਹੈ ਅਤੇ ਸੋਵੀਅਤ ਯੂਨੀਅਨ ਵਾਂਗ ਸੰਸਾਰ 'ਚ ਇਸ ਦਾ ਮਜ਼ਬੂਤ ਵਿਚਾਰਧਾਰਕ-ਸਿਆਸੀ ਕੇਂਦਰ ਵੀ ਵਜੂਦ ਵਿੱਚ ਨਹੀਂ ਹੈ।

ਚਾਰ ਸਾਲਾਂ 'ਚ ਬੈਂਕਰਾਂ, ਵਾਲ ਸਟ੍ਰੀਟ ਦੇ ਕਾਰਪੋਰੇਟਰਾਂ ਤੇ ਅਮਰੀਕਾ ਵਿਚਲੀ ਯਹੂਦੀ ਲੌਬੀ ਨੇ ਬਾਇਡਨ ਪ੍ਰਸ਼ਾਸਨ ਰਾਹੀਂ ਆਪਣਾ ਸਾਮਰਾਜੀ ਵਿਸਤਾਰਵਾਦੀ ਏਜੰਡਾ ਅੱਗੇ ਵਧਾਉਣ ਦਾ ਯਤਨ ਕੀਤਾ ਸੀ ਜਿਸ ਨੇ ਕੁਝ ਪ੍ਰਾਪਤੀਆਂ ਦੇ ਬਾਵਜੂਦ ਅਮਰੀਕੀ ਸਾਮਰਾਜ ਲਈ ਨਵੀਆਂ ਚੁਣੌਤੀਆਂ ਖੜ੍ਹੀਆਂ ਕਰ ਦਿੱਤੀਆਂ ਹਨ। ਅਮਰੀਕਾ ਨੇ ਪਹਿਲਾਂ ਹੀ ਇਰਾਕ, ਇਰਾਨ, ਲਿਬੀਆ, ਉੱਤਰੀ ਕੋਰੀਆ, ਰੂਸ, ਕਿਊਬਾ, ਵੈਨੇਜ਼ੁਏਲਾ ਆਦਿ ਉੱਤੇ ਆਰਥਿਕ ਰੋਕਾਂ ਲਾਈਆਂ ਹੋਈਆਂ ਹਨ; ਨਾਲ ਹੀ ਇਹ ਇਜ਼ਰਾਈਲ-ਫਲਸਤੀਨ ਤੇ ਰੂਸ-ਯੂਕਰੇਨ ਜੰਗਾਂ ਵਿੱਚ ਅਸਿੱਧਾ ਉਲਝਿਆ ਹੋਇਆ ਹੈ। ਇਨ੍ਹਾਂ ਜੰਗਾਂ ਨੇ ਜਿੱਥੇ ਸੰਸਾਰ ਭਰ ਵਿੱਚ ਮਹਿੰਗਾਈ ਵਧਾਈ ਹੈ ਉੱਥੇ ਇਸ ਨਾਲ ਅਮਰੀਕਾ ਦੇ ਲੋਕਾਂ ਵਿੱਚ ਮਹਿੰਗਾਈ ਪ੍ਰਤੀ ਉਦਾਸੀਨਤਾ ਅਤੇ ਗੁੱਸੇ ਨੂੰ ਜ਼ਰਬਾਂ ਦਿੱਤੀਆਂ ਹਨ। ਬਾਇਡਨ ਪ੍ਰਸ਼ਾਸਨ ਦੀਆਂ ਨਲਾਇਕੀਆਂ ਕਰ ਕੇ ਰੂਸ-ਯੂਕਰੇਨ ਜੰਗ ਕਾਰਨ ਇੱਕ ਤਾਂ ਅਮਰੀਕਾ ਦੇ ਮੁੱਖ ਵਿਰੋਧੀ ਚੀਨ ਨੂੰ ਜੰਗੀ ਬੋਝ ਤੋਂ ਪਾਸੇ ਰਹਿ ਕੇ ਸੰਸਾਰ ਵਪਾਰ ਮੰਡੀ 'ਚ ਪੈਰ ਪਸਾਰਨ ਦਾ ਮੌਕਾ ਮਿਲ ਗਿਆ; ਦੂਜਾ, ਰੂਸ ਦੇ ਅਮਰੀਕਾ ਵਿਰੋਧੀ ਮੁਲਕਾਂ ਨਾਲ ਬੇਰੋਕ ਵਪਾਰਕ ਸਬੰਧ ਸਥਾਪਤ ਹੋ ਗਏ। ਤੀਜਾ, ਅਮਰੀਕੀ ਭਾਈਵਾਲ ਯੂਰੋਪੀਅਨ ਦੇਸ਼ਾਂ ਅੰਦਰ ਮਹਿੰਗਾਈ ਦੀ ਗਰਜ ਉੱਠਣ ਨਾਲ ਵੱਡੀਆਂ ਆਰਥਿਕ-ਸਮਾਜਿਕ ਸਮੱਸਿਆਵਾਂ ਪੈਦਾ ਹੋ ਗਈਆਂ। ਚੌਥਾ, ਰੂਸ ਦਾ ਯੂਕਰੇਨ ਜੰਗ ਵਿੱਚ ਅਮਰੀਕਾ ਤੇ ਉਸ ਦੇ ਨਾਟੋ ਭਾਈਵਾਲਾਂ ਸਾਹਮਣੇ ਲੰਮਾ ਸਮਾਂ ਡਟੇ ਰਹਿਣਾ ਰੂਸ ਦੇ ਗੁਆਂਢੀ ਯੂਰੋਪੀਅਨ ਮੁਲਕਾਂ ਅੰਦਰ ਅਮਰੀਕੀ ਸਾਮਰਾਜ ਦੀਆਂ ਸੀਮਤਾਈਆਂ ਅਤੇ ਰੂਸੀ ਤਾਕਤ ਦਾ ਗ਼ਲਤ ਅੰਦਾਜ਼ਾ ਨਵੀਂ ਚਿੰਤਾ ਪੈਦਾ ਕਰ ਰਿਹਾ ਹੈ।

'ਅਮਰੀਕਾ ਫਸਟ' ਅਤੇ 'ਅਮਰੀਕਾ ਨੂੰ ਮੁੜ ਮਹਾਨ ਬਣਾਉਣ' ਦੇ ਟਰੰਪ ਦੇ ਨਾਅਰਿਆਂ ਦਾ ਸੰਕੇਤ ਉਸ ਦੌਰ ਵੱਲ ਹੈ ਜਦੋਂ ਦੂਜੀ ਸੰਸਾਰ ਜੰਗ ਤੋਂ ਲੈ ਕੇ 1990 ਦੀਆਂ ਨਵ-ਉਦਾਰਵਾਦੀ ਨੀਤੀਆਂ ਤੱਕ ਅਮਰੀਕੀ ਆਰਥਿਕਤਾ ਦਾ ਸੁਨਹਿਰੀ ਕਾਲ ਰਿਹਾ। ਇਸ ਦੌਰ ਅੰਦਰ ਅਮਰੀਕੀ ਕਾਮਿਆਂ ਦੀ ਔਸਤ ਤਨਖਾਹ ਵਿੱਚ ਦੁੱਗਣਾ ਵਾਧਾ ਹੋਇਆ ਸੀ ਜਿਸ ਨਾਲ ਅਮਰੀਕੀ ਖੁਸ਼ਹਾਲ ਹੋਏ ਸਨ ਪਰ 1990ਵਿਆਂ ਤੋਂ ਬਾਅਦ ਖੁਸ਼ਹਾਲੀ ਦਾ ਇਹ ਦੌਰ ਗਿਰਾਵਟ ਵੱਲ ਜਾ ਰਿਹਾ ਹੈ। ਟਰੰਪ ਇਸ ਦਾ ਦੋਸ਼ ਭ੍ਰਿਸ਼ਟ ਸਿਆਸੀ ਪ੍ਰਬੰਧ ਸਿਰ ਮੜ੍ਹਦਿਆਂ ਲੋਕਾਂ ਦੇ ਨੀਵੇਂ ਹੋ ਰਹੇ ਜੀਵਨ ਪੱਧਰ, ਮਹਿੰਗਾਈ ਤੇ ਘਟ ਰਹੀਆਂ ਨੌਕਰੀਆਂ ਲਈ ਚੀਨ, ਮੈਕਸਿਕੋ, ਵੱਡੀਆਂ ਕਾਰਪੋਰੇਸ਼ਨਾਂ ਅਤੇ ਕੌਮਾਂਤਰੀ ਸੰਸਥਾਵਾਂ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ। ਚੀਨ ਉੱਤੇ ਟੈਰਿਫ ਲਗਾਉਣ ਦੇ ਬਿਆਨ ਅਤੇ ਮੱਧ-ਪੂਰਬ ਵਿੱਚ ਉਸ ਨੂੰ ਘੇਰਨ ਦਾ ਅਰਥ ਹੈ- ਚੀਨੀ ਦਰਾਮਦਾਂ 'ਤੇ ਟੈਕਸ ਨਾਲ ਵਿਸ਼ਵ ਵਪਾਰ ਦੇ ਤਾਣੇ-ਬਾਣੇ ਨੂੰ ਗੰਭੀਰ ਨੁਕਸਾਨ ਪਹੁੰਚਾ ਕੇ ਵਿਸ਼ਵ ਮੰਡੀ ਵਿੱਚ ਆਪਣੀ ਮੰਡੀ ਦਾ ਵਿਸਤਾਰ ਕਰਨਾ। ਇਸੇ ਤਰ੍ਹਾਂ ਮੈਕਸਿਕੋ ਦੇ ਪਰਵਾਸੀਆਂ ਅਤੇ ਕੈਨੇਡਾ ਉੱਤੇ ਟੈਰਿਫ ਨਾਲ ਉਹ ਉੱਤਰੀ ਅਮਰੀਕੀ (ਕੈਨੇਡਾ-ਅਮਰੀਕਾ-ਮੈਕਸਿਕੋ) ਵਪਾਰਕ ਸੰਧੀਆਂ ਵਿੱਚ ਤਿੱਖੀਆਂ ਤਬਦੀਲੀਆਂ ਦਾ ਚਾਹਵਾਨ ਹੈ। ਨੈਫਟਾ, ਐਪਕ, ਨਾਟੋ ਤੋਂ ਬਾਹਰ ਆਉਣ, ਪੈਰਿਸ ਵਾਤਾਵਰਨ ਸਮਝੌਤਾ ਅਤੇ ਸੰਯੁਕਤ ਰਾਸ਼ਟਰ ਬਾਰੇ ਟਿੱਪਣੀਆਂ ਕਰ ਕੇ ਉਹ ਨਵ-ਉਦਾਰਵਾਦੀ ਨੀਤੀਆਂ ਦੀ ਥਾਂ ਸੁਰੱਖਿਆਵਾਦੀ ਨੀਤੀਆਂ ਦੀ ਤਰਫਦਾਰੀ ਕਰ ਰਿਹਾ ਹੈ।

ਜਦੋਂ ਟਰੰਪ 'ਅਮਰੀਕਾ ਫਸਟ' ਆਖਦਾ ਹੈ ਤਾਂ ਸੰਭਾਵੀ ਤੌਰ 'ਤੇ ਇਸ ਦਾ ਅਰਥ ਹੈ ਕਿ ਉਹ ਅਮਰੀਕੀ ਹਿੱਤਾਂ ਨੂੰ ਤਰਜੀਹ ਦੇ ਕੇ ਚੱਲੇਗਾ ਅਤੇ ਵਪਾਰ, ਤਕਨਾਲੋਜੀ ਤੇ ਸਪਲਾਈ ਚੇਨਾਂ ਵਿੱਚ ਅਮਰੀਕਾ ਦੀ ਸਰਦਾਰੀ ਨਾਲ ਆਰਥਿਕ ਅਤੇ ਭੂ-ਸਿਆਸੀ ਤਣਾਅ ਵਧਾ ਸਕਦਾ ਹੈ। ਚੀਨ ਨਾਲ ਵਪਾਰਕ ਜੰਗ ਦੌਰਾਨ ਤਾਇਵਾਨ ਝਗੜੇ ਦਾ ਹੋਰ ਵੱਡਾ ਕੇਂਦਰ ਬਣ ਸਕਦਾ ਹੈ ਅਤੇ ਉਹ ਇਰਾਨ ਖਿਲਾਫ ਵਧੇਰੇ ਟਕਰਾਅ ਵਾਲਾ ਰੁਖ ਅਪਣਾ ਸਕਦਾ ਹੈ। ਇਸ ਲਈ ਆਉਣ ਵਾਲੇ ਵਰ੍ਹਿਆਂ ਵਿੱਚ ਤਾਇਵਾਨ, ਮੱਧ-ਪੂਰਬ, ਜਾਂ ਪੂਰਬੀ ਯੂਰੋਪ ਵਰਗੇ ਖਿੱਤਿਆਂ ਵਿੱਚ ਤਣਾਅ ਹੋਰ ਵਧ ਸਕਦਾ ਹੈ। ਨੇੜ ਭਵਿੱਖ ਵਿੱਚ ਵਿਸ਼ਵ ਭੂ-ਸਿਆਸਤ ਵਿੱਚ ਹਿੰਦ ਪ੍ਰਸ਼ਾਂਤ ਮਹਾਂਸਾਗਰ ਦਾ ਖਿੱਤਾ ਵਿਸ਼ਵ ਇਤਿਹਾਸ ਵਿੱਚ ਫ਼ੈਸਲਾਕੁਨ ਭੂਮਿਕਾ ਨਿਭਾਏਗਾ।

ਗਲੋਬਲ ਪੂੰਜੀਵਾਦੀ ਦਾਬੇ ਲਈ ਟਰੰਪ ਦੀਆਂ ਨੀਤੀਆਂ ਵੱਡੀਆਂ ਅਮਰੀਕੀ ਕਾਰਪੋਰੇਸ਼ਨਾਂ ਲਈ ਟੈਕਸਾਂ ਵਿੱਚ ਕਟੌਤੀ, ਅਮਰੀਕੀ ਆਰਥਿਕ ਸਰਦਾਰੀ ਲਈ ਅਮਰੀਕੀ ਤਕਨੀਕੀ ਤੇ ਹਥਿਆਰ ਕੰਪਨੀਆਂ ਲਈ ਘਰੇਲੂ ਅਤੇ ਵਿਸ਼ਵ ਪੱਧਰ 'ਤੇ ਮੌਕੇ ਮੁਹੱਈਆ ਕਰਨੇ, ਮਜ਼ਦੂਰ ਅਧਿਕਾਰ ਕਮਜ਼ੋਰ ਕਰਨੇ ਅਤੇ ਲੋਕਤੰਤਰੀ ਨਿਯਮ ਛਿੱਕੇ ਟੰਗਣਾ ਮੁੱਖ ਹੈ। ਇਸ ਤੋਂ ਇਲਾਵਾ ਉਸ ਦਾ ਨਿਸ਼ਾਨਾ ਜੈਵਿਕ ਬਾਲਣ ਨਿਰਭਰਤਾ ਲਈ ਜੈਵਿਕ ਈਂਧਨ 'ਤੇ ਜ਼ੋਰ ਦੇ ਕੇ ਕੁਦਰਤੀ ਸਰੋਤਾਂ ਦਾ ਪੂੰਜੀਵਾਦੀ ਸ਼ੋਸ਼ਣ ਕਰਨਾ ਹੈ। ਤੇਲ ਅਤੇ ਕੋਲਾ ਉਤਪਾਦਨ ਦੀ ਉਸ ਦੀ ਊਰਜਾ ਨੀਤੀ, ਜਲਵਾਯੂ ਅਤੇ ਵਾਤਾਵਰਨ ਦੇ ਕੌਮਾਂਤਰੀ ਸਮਝੌਤਿਆਂ ਦੀ ਉਲੰਘਣਾ ਬਿਨਾਂ ਸੰਭਵ ਨਹੀਂ ਹੋ ਸਕਦੀ।

ਐਲਨ ਮਸਕ ਵਰਗੇ ਵੱਡੇ ਅਰਬਪਤੀ ਕਾਰੋਬਾਰੀਆਂ ਨੂੰ ਸੱਤਾ ਵਿੱਚ ਲਿਆਉਣਾ ਤੇ ਉਸ ਨੂੰ ਡਿਪਾਰਟਮੈਂਟ ਆਫ ਗਵਰਨਮੈਂਟ ਐਫੀਸ਼ੈਂਸੀ' (ਡੀਓਜੀਈ) ਦੇ ਅਹੁਦੇ 'ਤੇ ਨਿਯੁਕਤ ਕਰਨਾ ਵਿੱਤੀ ਸਰਮਾਏ ਦੀ ਚੌਧਰ ਨੂੰ ਹੋਰ ਮਜ਼ਬੂਤ ਕਰਨ ਵੱਲ ਕਦਮ ਹਨ। ਟਰੰਪ ਦੀਆਂ ਚੋਣਾਂ ਵਿੱਚ ਜਿਨ੍ਹਾਂ ਕਾਰਪੋਰੇਸ਼ਨਾਂ ਨੇ ਪੈਸਾ ਲਾਇਆ ਸੀ, ਵਿਆਜ ਸਮੇਤ ਉਗਰਾਹੀ ਦਾ ਸਮਾਂ ਸ਼ੁਰੂ ਹੋ ਚੁੱਕਾ ਹੈ; ਮਸਲਨ, ਐਲਨ ਮਸਕ ਦੀ ਕੰਪਨੀ ਸਪੇਸਐਕਸ ਅਤੇ ਟੈਸਲਾ ਦੇ ਸ਼ੇਅਰ ਟਰੰਪ ਦੀ ਜਿੱਤ ਤੋਂ ਤੁਰੰਤ ਬਾਅਦ ਅਸਮਾਨੀ ਚੜ੍ਹ ਰਹੇ ਹਨ। ਫੈਡਰਲ ਵਿਆਜ ਦਰਾਂ ਅਤੇ ਟੈਕਸਾਂ ਵਿੱਚ ਵਾਧੇ ਕਾਰਨ ਵੱਖ-ਵੱਖ ਮੁਲਕਾਂ ਦੀਆਂ ਮੁਦਰਾਵਾਂ ਅਮਰੀਕੀ ਡਾਲਰ ਦੇ ਮੁਕਾਬਲੇ ਲੁੜਕ ਰਹੀਆਂ ਹਨ। ਐਲਨ ਮਸਕ ਦੇ ਇਸ਼ਾਰਿਆਂ 'ਤੇ ਕ੍ਰਿਪਟੋਕਰੰਸੀ ਨੂੰ ਹੱਲਾਸ਼ੇਰੀ ਦੇਣ ਦੇ ਯਤਨ ਤੇਜ਼ ਕੀਤੇ ਜਾ ਰਹੇ ਹਨ। ਫੌਜੀ ਉਦਯੋਗਕ ਕੰਪਲੈਕਸ ਦੀ ਮਜ਼ਬੂਤੀ ਲਈ ਹਥਿਆਰਾਂ ਦੀ ਪੈਦਾਵਾਰ ਵਧਾਉਣ ਅਤੇ ਫੌਜੀ ਖਰਚ ਵਧਾਉਣੇ ਸੰਸਾਰ ਦੀ ਮੁੜ ਵੰਡ ਦੇ ਸੰਘਰਸ਼ ਦਾ ਹਿੱਸਾ ਹੈ। ਇਉਂ ਕਾਰਪੋਰੇਟ ਪੂੰਜੀ ਨਾਲ ਮਿਲ ਕੇ ਸਾਮਰਾਜੀ ਫੌਜੀ ਰਾਜ ਦਾ ਦਬਦਬਾ ਬਣਾਇਆ ਜਾ ਰਿਹਾ ਹੈ।

ਕੁੱਲ ਮਿਲਾ ਕੇ ਡੋਨਲਡ ਟਰੰਪ ਅਮੀਰ ਜਮਾਤ ਦਾ ਵਫ਼ਾਦਾਰ ਨੁਮਾਇੰਦਾ ਹੈ ਜੋ ਖ਼ੁਦ ਨੂੰ ਮਜ਼ਦੂਰ ਜਮਾਤ ਦੇ ਹਿੱਤਾਂ ਦੇ ਚੈਂਪੀਅਨ ਵਜੋਂ ਪੇਸ਼ ਕਰਨ ਵਿੱਚ ਸਫਲ ਰਿਹਾ ਹੈ। ਉਂਝ, ਹਕੀਕਤ ਵਿੱਚ ਉਹ ਕਾਰਪੋਰੇਟ ਜਮਾਤ ਨੂੰ ਖੁਸ਼ ਕਰਨ ਦੇ ਕਦਮ ਚੁੱਕ ਰਿਹਾ ਹੈ। ਇਹ ਭਰਮ ਸਾਬਤ ਹੋਵੇਗਾ ਕਿ ਟਰੰਪ ਖੁਰ ਰਹੀ ਆਰਥਿਕਤਾ ਨੂੰ ਮੁੜ ਇਸ ਦੇ ਸੁਨਹਿਰੀ ਕਾਲ ਵੱਲ ਮੋੜ ਦੇਵੇਗਾ; ਇੱਕ ਪਾਸੇ ਸੰਸਾਰ ਦੇ ਹਾਲਾਤ ਤੇਜ਼ੀ ਨਾਲ ਬਦਲ ਚੁੱਕੇ ਹਨ, ਦੂਜੇ ਪਾਸੇ ਇਹ ਸਮਝਣਾ ਜ਼ਰੂਰੀ ਹੈ ਕਿ ਕਿਸੇ ਸਾਮਰਾਜੀ ਦੇਸ਼ ਦੀ ਆਰਥਿਕਤਾ ਦਾ ਵਿਕਾਸ ਕਿਸੇ ਇੱਕ ਸ਼ਖ਼ਸ ਦੇ ਵਿਅਕਤੀਗਤ ਵਿਚਾਰਾਂ ਜਾਂ ਇੱਛਾ 'ਤੇ ਨਿਰਭਰ ਨਹੀਂ ਕਰਦਾ, ਇਸ ਦੀਆਂ ਜੜ੍ਹਾਂ ਉਨ੍ਹਾਂ ਅਰਾਜਕ ਪੂੰਜੀਵਾਦੀ ਨੀਤੀਆਂ ਨਾਲ ਜੁੜੀਆਂ ਹਨ ਜਿਸ ਦਾ ਮੂਲ ਮੰਤਰ ਕੁੱਲ ਸਮਾਜ ਦੀ ਕਿਰਤ ਤੇ ਕੁਦਰਤੀ ਸਰੋਤ ਲੁੱਟ ਕੇ ਨਿੱਜੀ ਹੱਥਾਂ 'ਚ ਸੌਂਪਣਾ ਹੈ। ਟਰੰਪ ਦੀਆਂ ਨੀਤੀਆਂ ਜਿੱਥੇ ਸੰਸਾਰ ਆਰਥਿਕਤਾ ਉੱਤੇ ਅਸਰ ਪਾਉਣਗੀਆਂ ਉੱਥੇ ਇਹ ਮੋੜਵੇਂ ਰੂਪ ਵਿੱਚ ਅਮਰੀਕੀ ਆਰਥਿਕਤਾ ਉੱਤੇ ਵੀ ਅਸਰਅੰਦਾਜ਼ ਹੋਣਗੀਆਂ।

ਟਰੰਪ ਦੇ ਬਿਆਨ, ਨੀਤੀਆਂ ਅਤੇ ਘੁਰਕੀਆਂ ਸੰਸਾਰ ਨੂੰ ਮਾੜੇ ਰੁਖ਼ ਪ੍ਰਭਾਵਿਤ ਕਰਨ ਵਾਲੇ ਹਨ। ਇਸ ਨਾਲ ਕੁਝ ਖੇਤਰਾਂ ਵਿੱਚ ਅਮਰੀਕੀ ਆਰਥਿਕਤਾ ਨੂੰ ਵਕਤੀ ਰਾਹਤ ਤਾਂ ਮਿਲ ਸਕਦੀ ਹੈ ਪਰ ਅੰਤਿਮ ਤੌਰ 'ਤੇ ਇਸ ਦੀ ਕੀਮਤ ਸੰਸਾਰ ਭਰ ਦੇ ਲੋਕਾਂ ਨੂੰ ਚੁਕਾਉਣੀ ਪਵੇਗੀ। ਆਉਣ ਵਾਲਾ ਸਮਾਂ ਸਿਆਸੀ ਅਤੇ ਆਰਥਿਕ ਸੰਕਟਾਂ, ਸਰਹੱਦੀ ਵਿਵਾਦਾਂ, ਝਗੜਿਆਂ, ਕੱਟੜਪੰਥੀ ਕੌਮੀ ਜਨੂੰਨ ਅਤੇ ਇਸ ਖ਼ਿਲਾਫ਼ ਸੰਘਰਸ਼ਾਂ ਤੇ ਚੇਤਨਾ ਦਾ ਸਮਾਂ ਹੈ।

# ਸਿਰਫ਼ ਭਰੋਸਾ ਦਿਵਾਉਣ ਨਾਲ ਨਹੀਂ ਉੱਠੇਗਾ ਅਰਥਵਿਵਸਥਾ ਦਾ ਗ੍ਰਾਫ਼

**ਲਿਖਤ : ਅਭੈ ਕੁਮਾਰ ਦੂਬੇ**
**Email : abhaydubey@aud.ac.in**



ਸਵਿਟਜ਼ਰਲੈਂਡ ਦੇ ਬੈਂਕ ਯੂ.ਬੀ.ਐੱਸ. ਨੇ ਕਿਹਾ ਹੈ ਕਿ ਭਾਰਤ 'ਚ 'ਇੰਫਰਾਸਟਰੱਕਚਰ' (ਬੁਨਿਆਦੀ ਸਹੂਲਤਾਂ ਦਾ ਢਾਂਚਾ) ਬੁਰੀ ਹਾਲਤ 'ਚ ਹੈ ਅਤੇ ਕਦੇ ਵੀ ਇਹ ਢਹਿ-ਢੇਰੀ ਹੋ ਸਕਦਾ ਹੈ। ਉੱਧਰ ਵਿਸ਼ਵ ਬੈਂਕ ਨੇ ਕਿਹਾ ਹੈ ਕਿ ਭਾਰਤ ਅਗਲੇ ਦੋ ਸਾਲਾਂ 'ਚ ਦੁਨੀਆ ਦੀ ਸਭ ਤੋਂ ਜ਼ਿਆਦਾ ਤੇਜ਼ੀ ਨਾਲ ਵਿਕਸਿਤ ਹੋਣ ਵਾਲੀ ਅਰਥਵਿਵਸਥਾ ਵਾਲਾ ਦੇਸ਼ ਬਣ ਸਕਦਾ ਹੈ। ਕੀ ਇਹ ਦੋਵੇਂ ਗੱਲਾਂ ਸਵੈ-ਵਿਰੋਧੀ ਨਹੀਂ ਹਨ? ਜੇਕਰ ਬੁਨਿਆਦੀ ਢਾਂਚਾ ਢਹਿ-ਢੇਰੀ ਹੋ ਰਿਹਾ ਹੈ ਤਾਂ ਭਾਰਤ ਕਿਵੇਂ ਵਿਕਸਿਤ ਹੋ ਸਕਦਾ ਹੈ? ਸ਼ਾਇਦ ਯੂ.ਬੀ.ਐੱਸ. ਨੂੰ ਭਾਰਤ ਦੀਆਂ ਸੜਕਾਂ 'ਤੇ ਹੋਣ ਵਾਲੇ ਹਾਦਸਿਆਂ (ਜਿਨ੍ਹਾਂ ਦੀ ਗਿਣਤੀ ਦੁਨੀਆ 'ਚ ਸਭ ਤੋਂ ਵੱਧ ਹੈ) ਅਤੇ ਰੇਲਾਂ ਦੇ ਲਗਾਤਾਰ ਹੋਣ ਵਾਲੇ ਹਾਦਸੇ ਦਿਖਾਈ ਦੇ ਰਹੇ ਹਨ।

ਸ਼ਾਇਦ ਯੂ.ਬੀ.ਐੱਸ. ਨੂੰ ਇਹ ਵੀ ਦਿਖਾਈ ਦੇ ਰਿਹਾ ਹੈ ਕਿ ਬਿਜਲੀ ਉਤਪਾਦਨ ਦੇ ਮਾਮਲੇ 'ਚ ਵੀ ਭਾਰਤ ਦਾ ਪੇਚ ਫਸਿਆ ਹੋਇਆ ਹੈ। ਸੌਰ ਅਤੇ ਪੌਣ ਬਿਜਲੀ ਦੇ ਖੇਤਰ 'ਚ ਅਸੀਂ ਹਾਲੇ ਤੱਕ ਠੀਕ ਤਰ੍ਹਾਂ ਨਾਲ ਪੈਰ ਨਹੀਂ ਜਮਾ ਸਕੇ ਹਾਂ ਅਤੇ ਤਾਪ ਤੇ ਪਣ ਬਿਜਲੀ ਬਣਾਉਣ ਦੀਆਂ ਸਹੂਲਤਾਂ ਲੋੜ ਅਨੁਸਾਰ ਨਾਕਾਫ਼ੀ ਹਨ, ਕਿਉਂਕਿ ਸਾਡਾ ਵਿਕਾਸ ਦਾ ਮਾਡਲ ਕਾਰਪੋਰੇਟ-ਕੇਂਦਰਿਤ ਹੈ, ਇਸ ਲਈ ਸਾਨੂੰ ਬਹੁਤ ਜ਼ਿਆਦਾ ਬਿਜਲੀ ਚਾਹੀਦੀ ਹੈ। ਚਿਕਨੀਆਂ, ਚੌੜੀਆਂ ਅਤੇ ਪਿੰਡ-ਪਿੰਡ ਤੱਕ ਪਹੁੰਚਣ ਵਾਲੀਆਂ ਸੜਕਾਂ ਚਾਹੀਦੀਆਂ ਹਨ। ਜੇਕਰ ਅਜਿਹਾ ਨਹੀਂ ਹੋਵੇਗਾ ਤਾਂ ਕਾਰਪੋਰੇਟ ਤਾਕਤਾਂ ਰਾਸ਼ਟਰੀ ਬਾਜ਼ਾਰ ਨੂੰ ਆਪਣੇ ਹੱਥਾਂ 'ਚ ਕਿਵੇਂ ਲੈਣਗੀਆਂ? ਜੇਕਰ ਸਾਡਾ ਵਿਕਾਸ ਦਾ ਮਾਡਲ ਵਿਕੇਂਦਰੀਕ੍ਰਿਤ ਹੁੰਦਾ ਤਾਂ ਅਸੀਂ ਸਥਾਨਕ ਪੱਧਰ ਦੇ ਉਤਪਾਦਨ ਅਤੇ ਵੰਡ 'ਤੇ ਟਿਕੇ ਰਹਿ ਸਕਦੇ ਸਾਂ, ਪਰ ਗ਼ੈਰ-ਸੰਗਠਿਤ ਖੇਤਰ ਦੀ ਬੁਰੀ ਹਾਲਤ ਦੱਸਦੀ ਹੈ ਕਿ ਉਹ ਮਾਡਲ ਸਾਡੇ ਨੀਤੀ ਨਿਰਮਾਤਾਵਾਂ ਨੂੰ ਪਸੰਦ ਨਹੀਂ ਹੈ।

ਹਰੇਕ ਸਰਕਾਰ ਭਰੋਸਾ ਦਿਵਾਉਣ 'ਚ ਮਾਹਿਰ ਹੁੰਦੀ ਹੈ। ਅਰਥਵਿਵਸਥਾ 'ਚ ਜਿਵੇਂ ਹੀ ਗਿਰਾਵਟ ਦੇ ਅੰਕੜੇ ਸਾਹਮਣੇ ਆਉਂਦੇ ਹਨ, ਉਹ ਤੁਰੰਤ ਕਹਿਣ ਲੱਗ ਪੈਂਦੀ ਹੈ ਕਿ ਅਗਲੇ ਕੁਝ ਦਿਨਾਂ 'ਚ ਹੋਣ ਵਾਲਾ ਵਿਕਾਸ ਇਸ ਕਮੀ ਦੀ ਭਰਪਾਈ ਕਰ ਦੇਵੇਗਾ। ਨਵੰਬਰ 'ਚ ਖ਼ਤਮ ਹੋਈ ਤਿਮਾਹੀ ਦੇ ਅੰਕੜੇ ਚਿੰਤਾ ਪੈਦਾ ਕਰਨ ਵਾਲੇ ਹਨ, ਕਿਉਂਕਿ ਇਕ ਸਾਲ ਪਹਿਲਾਂ ਇਸੇ ਤਿਮਾਹੀ 'ਚ ਵਿਕਾਸ ਦਰ 8 ਫ਼ੀਸਦੀ ਨਿਕਲੀ ਸੀ, ਪਰ ਇਸ ਵਾਰ ਘੱਟ ਕੇ 5.4 ਫ਼ੀਸਦੀ ਦਿਖਾਈ ਦੇ ਰਹੀ ਹੈ। ਇਹ ਅੰਕੜਾ ਕੋਵਿਡ ਤੋਂ ਬਾਅਦ ਸਭ ਤੋਂ ਘੱਟ ਹੈ, ਪਰ ਸਾਡੀ ਸਰਕਾਰ ਭਰੋਸਾ ਦਿਵਾ ਰਹੀ ਹੈ ਕਿ ਅਗਲੀਆਂ ਦੋ ਤਿਮਾਹੀਆਂ 'ਚ ਵਿਕਾਸ ਦਰ ਵਧ ਜਾਵੇਗੀ। ਕਿਵੇਂ? ਦੱਸਿਆ ਗਿਆ ਹੈ ਕਿ ਖੇਤੀ ਦੇ ਖੇਤਰ 'ਚ ਅਰਥਵਿਵਸਥਾ ਚੰਗਾ ਕਰ ਰਹੀ ਹੈ, ਜਿਸ ਨਾਲ ਪਿੰਡਾਂ 'ਚ ਮੰਗ ਵਧ ਜਾਵੇਗੀ, ਉਪਭੋਗ ਵਧੇਗਾ ਅਤੇ ਵਿਕਾਸ ਦਰ 'ਚ ਵਾਧਾ ਹੋ ਜਾਵੇਗਾ। ਸਰਕਾਰ ਦੀਆਂ ਗੱਲਾਂ 'ਤੇ ਭਰੋਸਾ ਕਰਨਾ ਬੁਰੀ ਗੱਲ ਨਹੀਂ ਹੈ, ਪਰ ਮੰਨਣ ਤੋਂ ਪਹਿਲਾਂ ਕੁਝ ਕੁ ਜਾਂਚ-ਪੜਤਾਲ ਕਰ ਲੈਣੀ ਚਾਹੀਦੀ ਹੈ ਕਿ ਇਹ 5.4 ਫ਼ੀਸਦੀ ਦੀ ਵਿਕਾਸ ਦਰ ਸਾਨੂੰ ਕੀ ਕਹਿੰਦੀ ਹੈ?

ਅਰਥਵਿਵਸਥਾ ਨੂੰ ਕ੍ਰਮਵਾਰ ਖੇਤੀ, ਉਦਯੋਗ ਅਤੇ ਸੇਵਾ ਖੇਤਰ ਦੇ ਤਿੰਨ ਖੇਤਰਾਂ 'ਚ ਵੰਡ ਕੇ ਸਮਝਿਆ ਜਾਂਦਾ ਹੈ। ਪਹਿਲਾ ਸੁਆਲ ਤਾਂ ਸਾਨੂੰ ਇਹ ਪੁੱਛਣਾ ਚਾਹੀਦਾ ਹੈ ਕਿ ਸਰਕਾਰ ਨੂੰ ਖੇਤੀ 'ਚ ਜੋ ਪ੍ਰਗਤੀ ਦੀ ਸੰਭਾਵਨਾ ਦਿਖਾਈ ਦੇ ਰਹੀ ਹੈ, ਉਹ ਉਦਯੋਗ ਅਤੇ ਸੇਵਾ 'ਚ ਕਿਉਂ ਵਿਖਾਈ ਨਹੀਂ ਦੇ ਰਹੀ? ਆਖ਼ਰਕਾਰ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) 'ਚ ਖੇਤੀ ਦੀ ਹਿੱਸੇਦਾਰੀ ਸਿਰਫ਼ 15 ਫ਼ੀਸਦੀ ਹੀ ਤਾਂ ਹੁੰਦੀ ਹੈ। ਜੀ.ਡੀ.ਪੀ. 'ਚ ਉਦਯੋਗਾਂ ਦਾ ਯੋਗਦਾਨ 25 ਫ਼ੀਸਦੀ ਤੇ ਸੇਵਾ ਖੇਤਰ ਦਾ 55 ਫ਼ੀਸਦੀ ਮੰਨਿਆ ਜਾਂਦਾ ਹੈ। ਭਾਵ ਜੇਕਰ ਖੇਤੀ 'ਚ ਬਿਹਤਰੀ ਹੋਵੇਗੀ ਤਾਂ ਵਿਕਾਸ ਦਰ 'ਤੇ ਵੱਧ ਤੋਂ ਵੱਧ ਡੇਢ ਫ਼ੀਸਦੀ ਦਾ ਅਸਰ ਹੋਵੇਗਾ। ਇਸ ਲਈ ਜੇਕਰ ਵਿਕਾਸ ਦਰ ਨੂੰ ਵਧਾਉਣਾ ਹੈ ਤਾਂ ਖੇਤੀ ਦੇ ਨਾਲ-ਨਾਲ ਉਦਯੋਗ ਅਤੇ ਸੇਵਾ 'ਚ ਚੰਗਾ ਪ੍ਰਦਰਸ਼ਨ ਕਰਨਾ ਵੀ ਜ਼ਰੂਰੀ ਹੈ। ਸਰਕਾਰ ਕੋਲ ਇਨ੍ਹਾਂ ਦੋਵਾਂ ਖੇਤਰਾਂ 'ਚ ਵਾਧੇ ਦੀ ਕਿਹੜੀ ਯੋਜਨਾ ਹੈ?

ਦੂਜਾ ਸੁਆਲ ਸਾਨੂੰ ਇਹ ਪੁੱਛਣਾ ਚਾਹੀਦਾ ਹੈ ਕਿ, ਕੀ ਇਸ 5.4 ਫ਼ੀਸਦੀ ਵਿਕਾਸ ਦਰ 'ਚ ਸਾਡੇ ਗ਼ੈਰ-ਸੰਗਠਿਤ ਖੇਤਰ ਦਾ ਪ੍ਰਦਰਸ਼ਨ ਵੀ ਸ਼ਾਮਿਲ ਹੈ ਜਾਂ ਇਹ ਅੰਕੜਾ ਸਿਰਫ਼ ਸੰਗਠਿਤ ਖੇਤਰ ਦੇ ਪ੍ਰਦਰਸ਼ਨ 'ਤੇ ਹੀ ਆਧਾਰਿਤ ਹੈ? ਧਿਆਨ ਰਹੇ ਕਿ ਸੰਗਠਿਤ ਖੇਤਰ ਸਾਡੇ ਦੇਸ਼ ਦੇ 100 ਰੁਜ਼ਗਾਰਸ਼ੁਦਾ ਲੋਕਾਂ 'ਚੋਂ ਸਿਰਫ਼ 6 ਨੂੰ ਹੀ ਰੁਜ਼ਗਾਰ ਦੇ ਪਾਉਂਦਾ ਹੈ। ਬਾਕੀ 94 ਲੋਕਾਂ ਦਾ ਗੁਜ਼ਾਰਾ ਗ਼ੈਰ-ਸੰਗਠਿਤ ਖੇਤਰ ਦੇ ਦਮ 'ਤੇ ਚਲਦਾ ਹੈ। ਕੀ ਸਰਕਾਰ ਗ਼ੈਰ-ਸੰਗਠਿਤ ਖੇਤਰ ਦੇ ਅੰਕੜੇ ਜਮ੍ਹਾਂ ਕਰਦੀ ਹੈ? ਨਹੀਂ। ਉਸ ਨੇ ਅਰਥਵਿਵਸਥਾ ਦੇ ਇਸ ਵਿਸ਼ਾਲ ਖੇਤਰ ਨੂੰ ਅੰਕੜਿਆਂ ਦੇ ਨਜ਼ਰੀਏ ਤੋਂ ਗ਼ਾਇਬ ਕਰ ਦਿੱਤਾ ਹੈ। ਭਾਵ ਇਹ 5.4 ਫ਼ੀਸਦੀ ਦੀ ਵਿਕਾਸ ਦਰ ਅਸਲ 'ਚ ਸਿਰਫ਼ ਸੰਗਠਿਤ ਖੇਤਰ (ਮੁੱਖ ਤੌਰ 'ਤੇ: ਕਾਰਪੋਰੇਟ ਅਤੇ ਪਬਲਿਕ ਸੈਕਟਰ ਦੀਆਂ ਕੰਪਨੀਆਂ) ਦੇ ਪ੍ਰਦਰਸ਼ਨ 'ਤੇ ਆਧਾਰਿਤ ਹੈ। ਸਰਕਾਰ ਗ਼ੈਰ-ਸੰਗਠਿਤ ਖੇਤਰ 'ਤੇ ਕਦੋਂ ਧਿਆਨ ਦੇਣਾ ਸ਼ੁਰੂ ਕਰੇਗੀ ਅਤੇ ਹੁਣ ਤੱਕ ਉਸ 'ਤੇ ਧਿਆਨ ਨਾ ਦੇਣ ਵਾਲੀ ਨੀਤੀ ਉਸ ਨੇ ਕਿਉਂ ਅਪਣਾ ਰੱਖੀ ਹੈ? ਗ਼ੈਰ-ਸੰਗਠਿਤ ਖੇਤਰ ਨੋਟਬੰਦੀ, ਜੀ.ਐੱਸ.ਟੀ. ਅਤੇ ਕੋਵਿਡ ਦਾ ਮਾਰਿਆ ਹੋਇਆ ਹੈ। ਉਸ 'ਚ ਲਗਾਤਾਰ ਗਿਰਾਵਟ ਜਾਰੀ ਹੈ। ਜੇਕਰ ਉਸ ਦੀ ਗਿਰਾਵਟ ਨੂੰ ਨਾਪ ਲਿਆ ਜਾਏ ਅਤੇ ਫਿਰ ਜੀ.ਡੀ.ਪੀ. ਦੇ ਅੰਕੜੇ ਕੱਢੇ ਜਾਣ ਤਾਂ ਇਹ 5.4 ਫ਼ੀਸਦੀ ਵਿਕਾਸ ਦਰ ਦਾ ਇਹ ਅੰਕੜਾ ਘੱਟ ਤੋਂ ਘੱਟ ਦੋ ਫ਼ੀਸਦੀ ਹੋਰ ਘੱਟ ਦਿਖਾਈ ਦੇਣ ਲੱਗੇਗਾ।

ਤੀਜਾ ਸੁਆਲ ਸਾਨੂੰ ਇਹ ਪੁੱਛਣਾ ਚਾਹੀਦਾ ਹੈ ਕਿ ਉਪਭੋਗ ਦੇ ਵਧਣ ਨਾਲ ਮੰਗ 'ਚ ਵਾਧਾ ਜ਼ਰੂਰ ਹੁੰਦਾ ਹੈ, ਪਰ ਸਰਕਾਰ ਨਿਵੇਸ਼ ਨੂੰ ਵਧਾਉਣ ਬਾਰੇ ਕੀ ਸੋਚ ਰਹੀ ਹੈ? ਅਸੀਂ ਜਾਣਦੇ ਹਾਂ ਕਿ ਉਪਭੋਗ ਦਾ ਵਧਣਾ ਚੰਗੀ ਗੱਲ ਹੈ, ਪਰ ਨਿਵੇਸ਼ ਦਾ ਵਧਣਾ ਹੋਰ ਵੀ ਚੰਗੀ ਗੱਲ ਹੈ। ਇਸ ਵਾਰ ਦੇ ਆਰਥਿਕ ਸਰਵੇਖਣ 'ਚ ਚਿੰਤਾ ਜਤਾਈ ਗਈ ਸੀ ਕਿ ਨਿੱਜੀ ਖੇਤਰ ਕਈ ਤਰ੍ਹਾਂ ਦੀਆਂ ਸਹੂਲਤਾਂ ਦੇਣ ਦੇ ਬਾਵਜੂਦ ਨਿਵੇਸ਼ ਨਹੀਂ ਕਰ ਰਿਹਾ। ਉਸ ਦੀਆਂ ਤਿਜੌਰੀਆਂ ਲੱਖਾਂ ਕਰੋੜ ਰੁਪਈਆਂ ਦੀ ਨਕਦੀ ਨਾਲ ਭਰੀਆਂ ਪਈਆਂ ਹਨ। ਜ਼ਿਕਰਯੋਗ ਹੈ ਕਿ ਖ਼ੁਦ ਸਰਕਾਰੀ ਖੇਤਰ ਦੀਆਂ ਕੰਪਨੀਆਂ ਕੋਲ ਵੀ ਲੱਖਾਂ ਕਰੋੜਾਂ ਦੀ ਨਕਦੀ ਹੈ, ਪਰ ਉਹ ਵੀ ਨਵਾਂ ਨਿਵੇਸ਼ ਨਹੀਂ ਕਰ ਰਹੀਆਂ। ਜਦੋਂ ਤੱਕ ਅਰਥਵਿਵਸਥਾ 'ਚ ਨਵਾਂ ਨਿਵੇਸ਼ ਨਿੱਜੀ ਖੇਤਰ ਵਲੋਂ ਨਹੀਂ ਹੋਵੇਗਾ, ਉਦੋਂ ਤੱਕ ਉਦਯੋਗ ਅਤੇ ਸੇਵਾ ਖੇਤਰ 'ਚ ਕੋਈ ਉਛਾਲ ਨਹੀਂ ਆ ਸਕਦਾ।

ਚੌਥਾ ਸੁਆਲ ਸਾਨੂੰ ਇਹ ਪੁੱਛਣਾ ਚਾਹੀਦਾ ਹੈ ਕਿ ਡੋਨਾਲਡ ਟਰੰਪ ਦੇ ਰਾਸ਼ਟਰਪਤੀ ਬਣਨ ਨਾਲ ਪੈਦਾ ਹੋਈਆਂ ਰਾਜਨੀਤਕ-ਆਰਥਿਕ ਅਨਿਸ਼ਚਿਤਤਾਵਾਂ ਅਤੇ ਸੰਭਾਵਿਤ ਸੰਕਟਾਂ ਨਾਲ ਨਜਿੱਠਣ ਲਈ ਸਰਕਾਰ ਕੋਲ ਕੀ ਖਾਕਾ (ਬਲੂਪ੍ਰਿੰਟ) ਹੈ? ਟਰੰਪ ਦੁਆਰਾ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਦਾ ਸਿੱਧਾ ਅਤੇ ਤੁਰੰਤ ਅਸਰ ਭਾਰਤ ਦੇ ਆਰਥਿਕ ਵਿਕਾਸ 'ਤੇ ਪਏਗਾ। ਪਿਛਲੀ ਵਾਰ ਵੀ ਟਰੰਪ ਨੇ ਭਾਰਤ ਨੂੰ ਅਮਰੀਕਾ ਦੀ 'ਜਨਰਲ ਪ੍ਰੈਫ਼ਰੈਂਸ' ਦੀ ਸੂਚੀ 'ਚੋਂ ਹਟਾ ਦਿੱਤਾ ਸੀ। ਭਾਰਤ ਦੇ ਕਈ ਨਿਰਯਾਤਾਂ 'ਤੇ ਉਨ੍ਹਾਂ ਨੇ ਟੈਰਿਫ਼ ਲਗਾ ਦਿੱਤੇ ਸਨ। ਇਸ ਵਾਰ ਤਾਂ ਉਨ੍ਹਾਂ ਨੇ ਚੋਣਾਂ ਜਿੱਤਣ ਤੋਂ ਪਹਿਲਾਂ ਹੀ ਇਹ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਭਾਰਤ 'ਟੈਰਿਫ਼ ਕਿੰਗ' ਹੈ, ਭਾਵ ਉਹ ਸਹੁੰ ਚੁੱਕਦਿਆਂ ਹੀ ਭਾਰਤ ਦੇ ਮਾਲ 'ਤੇ ਵੱਡਾ ਟੈਕਸ ਲਗਾ ਸਕਦੇ ਹਨ। ਕੀ ਭਾਰਤ ਪਲਟਵਾਰ ਕਰਦੇ ਹੋਏ ਅਮਰੀਕੀ ਮਾਲ 'ਤੇ ਟੈਰਿਫ਼ ਲਗਾਏਗਾ? ਜੇਕਰ ਅਜਿਹਾ ਹੋਇਆ ਤਾਂ ਟੈਰਿਫ਼ ਯੁੱਧ ਸ਼ੁਰੂ ਹੋ ਜਾਵੇਗਾ। ਪਿਛਲੀ ਵਾਰ ਭਾਰਤ ਨੇ ਕਿਸੇ ਤਰ੍ਹਾਂ ਪਲਟਵਾਰ ਕਰਨ ਤੋਂ ਪਰਹੇਜ਼ ਕੀਤਾ ਸੀ। ਇਸ ਵਾਰ ਸ਼ਾਇਦ ਉਹ ਆਪਣੇ ਉਦਯੋਗਾਂ ਦੀ ਰੱਖਿਆ ਕਰਨ ਲਈ ਇਸ ਤਰ੍ਹਾਂ ਦਾ ਸੰਜਮ ਨਹੀਂ ਵਰਤ ਸਕੇਗਾ, ਭਾਵ ਇਸ ਸਭ ਦੇ ਸਿੱਟੇ ਵਜੋਂ ਭਾਰਤ ਨੂੰ ਮਹਿੰਗਾਈ ਦਰ ਅਤੇ ਬੇਰੁਜ਼ਗਾਰੀ ਦੇ ਨਵੇਂ ਅਤੇ ਉੱਚੇ ਪੱਧਰ ਲਈ ਖ਼ੁਦ ਨੂੰ ਤਿਆਰ ਕਰਨਾ ਪਵੇਗਾ।

ਪੰਜਵਾਂ ਸੁਆਲ ਸਾਨੂੰ ਇਹ ਪੁੱਛਣਾ ਚਾਹੀਦਾ ਹੈ ਕਿ ਆਮ ਲੋਕਾਂ ਦੀ ਨਿਯਮਿਤ ਆਮਦਨੀ ਵਧਾਉਣ ਲਈ ਸਰਕਾਰ ਕੀ ਕਰਨ ਵਾਲੀ ਹੈ? ਕੇਂਦਰ ਸਰਕਾਰ ਦੇ ਈ-ਸ਼੍ਰਮ ਪੋਰਟਲ 'ਤੇ 30 ਕਰੋੜ ਲੋਕਾਂ ਨੇ ਆਪਣਾ ਰਜਿਸਟ੍ਰੇਸ਼ਨ ਕਰਵਾ ਰੱਖਿਆ ਹੈ। ਇਸ ਵੱਡੀ ਗਿਣਤੀ 'ਚੋਂ 94 ਫ਼ੀਸਦੀ ਦਾ ਕਹਿਣਾ ਹੈ ਕਿ ਉਹ 10 ਹਜ਼ਾਰ ਰੁਪਏ ਮਹੀਨਾ ਜਾਂ ਉਸ ਤੋਂ ਘੱਟ ਹੀ ਕਮਾ ਪਾਉਂਦੇ ਹਨ। 2022-23 ਦੇ ਐੱਨ.ਏ.ਐੱਸ.ਐੱਸ.ਓ. ਦੇ ਅੰਕੜੇ ਵੀ ਆ ਗਏ ਹਨ। ਘਰੇਲੂ ਉਪਭੋਗ ਦੇ ਇਨ੍ਹਾਂ ਅੰਕੜਿਆਂ ਤੋਂ ਵੀ ਜ਼ਾਹਿਰ ਹੈ ਕਿ ਭਰਪੂਰ ਖ਼ੁਸ਼ਹਾਲੀ ਸਿਰਫ਼ ਸਿਖਰਲੇ 5 ਫ਼ੀਸਦੀ ਲੋਕਾਂ ਨੂੰ ਹੀ ਨਸੀਬ ਹੈ। ਸਰਕਾਰ ਨੂੰ ਇਹ ਸਮਝਣਾ ਪਵੇਗਾ ਕਿ ਦੇਸ਼ ਦੀ ਜਨਤਾ ਦਾ ਭਵਿੱਖ ਮੁਫ਼ਤ ਅਨਾਜ ਅਤੇ ਛੋਟੀਆਂ-ਮੋਟੀਆਂ ਹੋਰ ਰਾਹਤਾਂ ਦਾ ਹਮੇਸ਼ਾ ਲਈ ਮੁਹਤਾਜ਼ ਬਣ ਕੇ ਨਹੀਂ ਰਹਿ ਸਕਦਾ।






# ਜ਼ਿੰਦਗੀ ਵਿੱਚ ਸਫ਼ਲਤਾ ਦੀ ਰਣਨੀਤੀ

ਲਿਖਤ : ਡਾ. ਰਣਜੀਤ ਸਿੰਘ, 94170 - 87328


ਚੰਡੀਗੜ੍ਹ 37 ਸੈਕਟਰ ਦੇ ਫੁੱਟਪਾਥ ਉੱਤੇ ਇੱਕ ਚਾਹ ਵਾਲਾ ਬੈਠਦਾ ਸੀ। ਜਦੋਂ ਵੀ ਮੈਂ ਚੰਡੀਗੜ੍ਹ ਜਾਣਾ, ਉਸ ਤੋਂ ਚਾਹ ਪੀ ਲੈਣੀ ਕਿਉਂਕਿ ਹੋਰ ਨੇੜੇ ਕੋਈ ਚਾਹ ਵਾਲੀ ਦੁਕਾਨ ਨਹੀਂ ਸੀ। ਫਿਰ ਇਕ ਵਾਰ ਜਦੋਂ ਮੈਂ ਚੰਡੀਗੜ੍ਹ ਗਿਆ ਤਾਂ ਉੱਥੇ ਕੋਈ 13-14 ਸਾਲਾ ਮੁੰਡਾ ਬੈਠਾ ਸੀ। ਉਸ ਨੂੰ ਮੈਂ ਬਜ਼ੁਰਗ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਹ ਮੇਰੇ ਪਿਤਾ ਜੀ ਸਨ, ਜਿਹੜੇ ਕੁਝ ਮਹੀਨੇ ਪਹਿਲਾਂ ਸਾਨੂੰ ਛੱਡ ਗਏ ਹਨ। ਹੁਣ ਮੈਨੂੰ ਇੱਥੇ ਬੈਠਣਾ ਪੈ ਰਿਹਾ ਹੈ ਕਿਉਂਕਿ ਘਰ ਵਿੱਚ ਕੋਈ ਹੋਰ ਕਮਾਉਣਾ ਵਾਲਾ ਨਹੀਂ ਹੈ। ਮੈਂ ਉਸ ਮੁੰਡੇ ਨੂੰ ਉਸ ਦੀ ਪੜ੍ਹਾਈ ਬਾਰੇ ਪੁੱਛਿਆ ਤਾਂ ਉਸ ਦੱਸਿਆ ਕਿ ਮੈਨੂੰ ਪੜ੍ਹਾਈ ਬੰਦ ਕਰਨੀ ਪਈ ਹੈ। ਮੈਂ ਉਸ ਨੂੰ ਹੌਸਲਾ ਦਿੱਤਾ ਅਤੇ ਵਿਹਲੇ ਸਮੇਂ ਆਪਣੀ ਪੜ੍ਹਾਈ ਜਾਰੀ ਰੱਖਣ ਦੀ ਸਲਾਹ ਦਿੱਤੀ ਅਤੇ ਪ੍ਰਾਈਵੇਟ ਇਮਤਿਹਾਨ ਦੇਣ ਬਾਰੇ ਜਾਣਕਾਰੀ ਸਾਂਝੀ ਕੀਤੀ।

ਫਿਰ ਮੈਨੂੰ ਕੁਝ ਸਾਲਾਂ ਲਈ ਬਾਹਰ ਜਾਣਾ ਪੈ ਗਿਆ। ਜਦੋਂ ਵਾਪਸ ਆ ਕੇ ਮੇਰਾ ਚੰਡੀਗੜ੍ਹ ਦਾ ਚੱਕਰ ਲੱਗਿਆ ਤਾਂ ਮੈਨੂੰ ਉਸੇ ਮੁੰਡੇ ਦਾ ਖਿਆਲ ਆਇਆ। ਪਰ ਉਹ ਫੁੱਟਪਾਥ ਉੱਤੇ ਨਹੀਂ ਸੀ। ਮੈਂ ਸਾਹਮਣੇ ਵਾਲੇ ਦੁਕਾਨਦਾਰ ਤੋਂ ਪੁੱਛਿਆ ਕਿ ਚਾਹ ਵਾਲਾ ਮੁੰਡਾ ਕਿੱਧਰ ਚਲਾ ਗਿਆ? ਦੁਕਾਨਦਾਰ ਨੇ ਦੱਸਿਆ ਕਿ ਉਹ ਦੂਸਰੇ ਪਾਸੇ ਸਪੈਸ਼ਲ 'ਟੀ ਸ਼ਾਪ' ਨਾਮ ਦੀ ਦੁਕਾਨ ਹੈ, ਉਹ ਉੱਥੇ ਚਲਾ ਗਿਆ ਹੈ। ਉਸ ਦੀ ਤਰੱਕੀ ਦੀ ਜਿੱਥੇ ਖੁਸ਼ੀ ਵੀ ਹੋਈ, ਉੱਥੇ ਇਸ ਚਮਤਕਾਰ ਬਾਰੇ ਜਾਣਨ ਦੀ ਲਾਲਸਾ ਵੀ ਜਾਗੀ। ਉਸ 'ਟੀ ਸ਼ਾਪ' ਨਾਮ ਦੀ ਦੁਕਾਨ ਦੇ ਕਾਊਂਟਰ 'ਤੇ ਮੈਂ ਇਸ ਬਾਰੇ ਪੁੱਛਿਆ ਤਾਂ ਉਹ ਮੈਨੂੰ ਪਿੱਛੇ ਬਣੇ ਉਸ ਮੁੰਡੇ ਦੇ ਦਫਤਰ ਵਿੱਚ ਲੈ ਗਿਆ। ਮੈਂ ਬੇਨਤੀ ਕੀਤੀ ਕਿ ਜੇਕਰ ਉਸ ਕੋਲ ਸਮਾਂ ਹੋਵੇ ਤਾਂ ਮੈਂ ਇਸ ਚਮਤਕਾਰ ਬਾਰੇ ਜਾਣਨਾ ਚਾਹਵਾਂਗਾ।

ਉਸ ਜਿਹੜੀ ਆਪਣੀ ਕਹਾਣੀ ਸੁਣਾਈ, ਉਹ ਮੈਂ ਤੁਹਾਡੇ ਨਾਲ ਸਾਂਝੀ ਕਰ ਰਿਹਾ ਹਾਂ।

ਉਸ ਮੁੰਡੇ ਨੇ ਦੱਸਿਆ ਕਿ ਮੇਰੇ ਕੋਲ ਸਾਹਮਣੇ ਦਫਤਰ ਤੋਂ ਇੱਕ ਬਾਪੂ ਜੀ ਲਗਭਗ ਰੋਜ਼ ਹੀ ਚਾਹ ਪੀਣ ਆਉਂਦੇ ਸਨ। ਮੈਨੂੰ ਵੀ ਉਨ੍ਹਾਂ ਦੀ ਉਡੀਕ ਰਹਿੰਦੀ ਸੀ। ਉਹ ਮੇਰੇ ਨਾਲ ਗੱਲਾਂ ਕਰਦੇ, ਮੇਰੇ ਪਰਿਵਾਰ ਬਾਰੇ ਪੁੱਛਦੇ, ਮੈਨੂੰ ਪੜ੍ਹਨ ਲਈ ਉਕਸਾਉਂਦੇ। ਇੱਕ ਦਿਨ ਉਹ ਚੰਗੇ ਮੂਡ ਵਿੱਚ ਸਨ। ਮੈਂ ਪੁੱਛਿਆ, "ਸਰ ਮੈਂ ਤੁਹਾਡੇ ਵਾਂਗ ਸਫਲ ਹੋ ਕੇ ਵੱਡਾ ਬੰਦਾ ਬਣਨਾ ਚਾਹੁੰਦਾ ਹਾਂ, ਮੈਨੂੰ ਵੀ ਕੋਈ ਗੁਰ ਦੱਸੋ ਤਾਂ ਜੋ ਮੈਂ ਵੱਡਾ ਆਦਮੀ ਬਣ ਸਕਾਂ? ਉਨ੍ਹਾਂ ਮੈਨੂੰ ਚਾਰ ਗੁਰ ਦੱਸੇ, ਜਿਨ੍ਹਾਂ ਉੱਤੇ ਮੈਂ ਪੂਰੀ ਸੰਜੀਦਗੀ ਨਾਲ ਅਮਲ ਕਰ ਰਿਹਾ ਹਾਂ। ਨਤੀਜਾ ਤੁਹਾਡੇ ਸਾਹਮਣੇ ਹੈ। ਇਹੋ ਜਿਹੇ ਤਿੰਨ ਹੋਰ ਚਾਏ ਘਰ ਇਸ ਸ਼ਹਿਰ ਵਿੱਚ ਚੱਲ ਰਹੇ ਹਨ। ਮੇਰੇ ਜ਼ੋਰ ਦੇਣ ਉੱਤੇ ਉਸ ਮੁੰਡੇ ਨੇ ਆਪਣੇ ਚਾਰੇ ਗੁਰ ਮੇਰੇ ਨਾਲ ਸਾਂਝੇ ਕੀਤੇ।

ਪਹਿਲਾ ਗੁਰ ਮਿਹਨਤ, ਉਨ੍ਹਾਂ ਆਖਿਆ ਮਿਹਨਤ ਤੋਂ ਬਗੈਰ ਕਦੇ ਵੀ ਸਥਾਈ ਪ੍ਰਾਪਤੀ ਨਹੀਂ ਹੁੰਦੀ। ਜਦੋਂ ਮਨੁੱਖ ਮਿਹਨਤ ਦੀ ਥਾਂ ਗਲਤ ਢੰਗ ਤਰੀਕਿਆਂ ਨਾਲ ਸਫ਼ਲਤਾ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ ਤਾਂ ਫੌਰੀ ਲਾਭ ਭਾਵੇਂ ਹੋ ਜਾਵੇ ਪਰ ਇਹ ਪ੍ਰਾਪਤੀ ਸਥਾਈ ਨਹੀਂ ਹੁੰਦੀ ਅਤੇ ਨਾ ਹੀ ਇਸ ਪ੍ਰਾਪਤੀ



ਨਾਲ ਸੰਤੁਸ਼ਟੀ ਹੁੰਦੀ ਹੈ ਅਤੇ ਨਾ ਹੀ ਆਨੰਦ ਮਿਲਦਾ ਹੈ।

ਮੈਂ ਉਨ੍ਹਾਂ ਨੂੰ ਆਖਿਆ ਕਿ ਮਿਹਨਤ ਤਾਂ ਮੈਂ ਪੂਰੀ ਕਰਦਾ ਹਾਂ ਪਰ ਗੱਡੀ ਤਾਂ ਉੱਥੇ ਦੀ ਉੱਥੇ ਖੜ੍ਹੀ ਹੈ। ਉਨ੍ਹਾਂ ਆਖਿਆ ਮਿਹਨਤ ਦੇ ਨਾਲੋ ਨਾਲ ਤਿੰਨ ਹੋਰ ਗੁਰ ਵੀ ਜ਼ਰੂਰੀ ਹਨ। ਜਦੋਂ ਤਕ ਚੋਹਾਂ ਦਾ ਮੇਲ ਨਹੀਂ ਹੁੰਦਾ, ਲੋੜੀਂਦੀ ਸਫਲਤਾ ਪ੍ਰਾਪਤ ਨਹੀਂ ਹੁੰਦੀ। ਦੂਜਾ ਗੁਰ ਜਿਹੜਾ ਉਨ੍ਹਾਂ ਦੱਸਿਆ, ਉਹ ਸੀ 'ਇਮਾਨਦਾਰੀ।' ਸਥਾਈ ਸਫਲਤਾ ਇਮਾਨਦਾਰੀ ਨਾਲ ਹੀ ਮਿਲਦੀ ਹੈ। ਬੇਈਮਾਨੀ ਦੀ ਕਮਾਈ ਜੀਵਨ ਦਾ ਸੁਖ ਤਾਂ ਭਾਵੇਂ ਸਾਰੇ ਖਰੀਦ ਸਕੇ ਪਰ ਉਨ੍ਹਾਂ ਨੂੰ ਭੋਗਿਆ ਨਹੀਂ ਜਾ ਸਕਦਾ। ਵਧੀਆ ਘਰ, ਵਧੀਆ ਸੌਣ ਕਮਰਾ ਵੀ ਗੂੜ੍ਹੀ ਨੀਂਦ ਨਹੀਂ ਦਿੰਦਾ ਜੇਕਰ ਉਹ ਬੇਈਮਾਨੀ ਦੇ ਪੈਸੇ ਨਾਲ ਬਣੇ ਹੋਣ। ਬੇਈਮਾਨੀ ਦੀ ਕਮਾਈ ਕੱਚੀ ਕੰਧ ਵਾਂਗ ਹੁੰਦੀ ਹੈ, ਜਿਹੜੀ ਕਦੇ ਵੀ ਖੁਰ ਸਕਦੀ ਹੈ, ਢਹਿ ਸਕਦੀ ਹੈ। ਮੈਂ ਆਖਿਆ ਮੈਂ ਤਾਂ ਕੋਈ ਬੇਈਮਾਨੀ ਨਹੀਂ ਕਰਦਾ ਫਿਰ ਵੀ ਬਰਕਤ ਨਹੀਂ ਹੁੰਦੀ। ਉਹ ਆਖਣ ਲੱਗੇ ਤੂੰ ਬਹੁਤੀ ਵਾਰ ਪਤੀਲੇ ਨੂੰ ਧੋਏ ਬਗੈਰ ਪੁਰਾਣੀ ਪਈ ਪੱਤੀ ਵਿੱਚ ਹੀ ਹੋਰ ਖੰਡ ਦੁੱਧ ਪਾ ਕੇ ਚਾਹ ਬਣਾ ਲੈਂਦਾ ਹੈਂ, ਗਲਾਸ ਧੋਣ ਲਈ ਬਾਲਟੀ ਵਿੱਚ ਪਾਣੀ ਵੀ ਸਵੇਰ ਦਾ ਹੀ ਭਰਿਆ ਹੁੰਦਾ ਹੈ ਤੇ ਤੂੰ ਉਸੇ ਪਾਣੀ ਵਿੱਚ ਗਲਾਸ ਧੋ ਕੇ ਚਾਹ ਦੇ ਦਿੰਦਾ ਹੈਂ। ਤੂੰ ਸਸਤੇ ਵਾਲੀ ਪੱਤੀ ਅਤੇ ਸਪਰੇਟਾ ਦੁੱਧ ਦੀ ਵੀ ਵਰਤੋਂ ਕਰ ਲੈਂਦਾ ਹੈ। ਇਮਾਨਦਾਰੀ ਨਾਲ ਸਲੀਕਾ ਜੁੜ ਜਾਵੇ ਵਧੀਆ ਪ੍ਰਭਾਵ ਪੈਂਦਾ ਹੈ। ਮਿਹਨਤ ਦੇ ਨਾਲੋ ਨਾਲ ਮੈਂ ਇਮਾਨਦਾਰੀ ਨੂੰ ਵੀ ਪੱਲ੍ਹੇ ਬੰਨ੍ਹ ਲਿਆ। ਜਦੋਂ ਮੈਂ ਤੀਸਰੇ ਗੁਰ ਬਾਰੇ ਪੁੱਛਿਆ ਤਾਂ ਉਹ ਆਖਣ ਲੱਗੇ ਕਿ ਤੀਸਰਾ ਗੁਰ 'ਹੁਨਰ' ਹੁੰਦਾ ਹੈ। ਮੈਂ ਆਖਿਆ ਚਾਹ ਬਣਾਉਣ ਵਿੱਚ ਕੀ ਹੁਨਰ ਹੈ, ਪਹਿਲਾਂ ਮੇਰੇ ਪਿਤਾ ਜੀ ਬਣਾਉਂਦੇ ਸਨ ਤੇ ਹੁਣ ਮੈਂ ਬਣਾ ਰਿਹਾ ਹਾਂ। ਉਨ੍ਹਾਂ ਆਖਿਆ ਹਰੇਕ ਕੰਮ ਵਿੱਚ ਹੁਨਰ ਦੀ ਲੋੜ ਪੈਂਦੀ ਹੈ, ਆਪਣੀ ਪਛਾਣ ਬਣਾਉਣ ਲਈ ਦੂਜਿਆਂ ਤੋਂ ਹਟ ਕੇ ਕੁਝ ਵੱਖਰਾ ਕਰਨਾ ਪੈਂਦਾ ਹੈ। ਪਰ ਚਾਹ ਵਿੱਚ ਕੀ ਹੁਨਰ ਹੋ ਸਕਦਾ ਹੈ। ਉਨ੍ਹਾਂ ਦਾ ਉੱਤਰ ਸੀ ਇਸ ਬਾਰੇ ਤੈਨੂੰ ਆਪ ਸੋਚਣਾ ਪਵੇਗਾ ਕਿ ਤੂੰ ਆਪਣੀ ਚਾਹ ਦੀ ਵੱਖਰੀ ਪਛਾਣ ਕਿਵੇਂ ਬਣਾ ਸਕਦਾ ਹੈਂ। ਚਾਹ ਵਿੱਚ ਕਿਹੜਾ ਮਸਾਲਾ ਪਾਇਆ ਜਾਵੇ ਤੇ ਕਿੰਨਾ ਪਾਇਆ ਜਾਵੇ ਤਾਂ ਜੋ ਕਿ ਪੀਣ ਵਾਲਾ ਸਿਫਤ ਕਰਨੋ ਨਾ ਹਟ ਸਕੇ। ਮੈਂ ਆਪਣੀ ਮਾਂ ਨਾਲ ਰਲ ਕੇ ਮਸਾਲਿਆਂ ਦੇ ਤਜਰਬੇ ਕੀਤੇ। ਅਲਾਇਚੀ, ਅਦਰਕ, ਤੁਲਸੀ ਦੇ ਪੱਤੇ, ਪੁਦੀਨਾ ਆਦਿ ਕੀ ਪਾਇਆ ਜਾ ਸਕਦਾ ਹੈ, ਜਿਸ ਨਾਲ ਚਾਹ ਦਾ ਵਿਲੱਖਣ ਸੁਆਦ ਆਵੇ। ਆਪਣੇ ਮਸਾਲੇ ਵਾਲੀ ਚਾਹ ਮੈਂ ਪਹਿਲੀ ਵਾਰ ਉਨ੍ਹਾਂ ਨੂੰ ਹੀ ਪਿਲਾਈ, ਜਿਹੜੀ ਉਨ੍ਹਾਂ ਬਹੁਤ ਪਸੰਦ ਕੀਤੀ। ਫਿਰ ਮੈਂ ਚੌਥੇ ਗੁਰ ਬਾਰੇ ਪੁੱਛਿਆ ਤਾਂ ਉਨ੍ਹਾਂ ਦਾ ਆਖਣਾ ਸੀ ਕਿ ਚੌਥਾ ਥੰਮ੍ਹ ਹੈ 'ਧੀਰਜ'। ਕਿਸੇ ਵੀ ਸਥਿਤੀ ਵਿੱਚ ਘਬਰਾਉਣਾ ਨਹੀਂ। ਜੇਕਰ ਕੋਈ ਨੁਕਸ ਦੱਸਦਾ ਵੀ ਹੈ ਤਾਂ ਗੁੱਸੇ ਵਿੱਚ ਨਹੀਂ ਆਉਣਾ ਹੈ, ਆਰਾਮ ਨਾਲ ਅਗਲੇ ਦੀ ਗੱਲ ਸੁਣੋ। ਜੇਕਰ ਤੁਹਾਡੀ ਗਲਤੀ ਹੈ ਤਾਂ ਉਸ ਨੂੰ ਮੰਨ ਲੈਣਾ ਚਾਹੀਦਾ ਹੈ। ਗਲਤੀ ਮੰਨਣ ਨਾਲ ਹੀ ਭਵਿੱਖ ਵਿੱਚ ਉਸ ਗਲਤੀ ਤੋਂ ਬਚਿਆ ਜਾ ਸਕਦਾ ਹੈ। ਹਉਮੈ ਵਿੱਚ ਨਹੀਂ ਆਉਣਾ। ਇਹ ਅਖਾਣ ਯਾਦ ਰੱਖੋ, "ਹੰਕਾਰਿਆ, ਸੋ ਮਾਰਿਆ"। ਹੰਕਾਰ ਤੋਂ ਦੂਰੀ ਅਤੇ ਗੁੱਸੇ ਉੱਤੇ ਕਾਬੂ ਹੀ ਸਫ਼ਲਤਾ ਦੀ ਪੌੜੀ ਬਣਦੇ ਹਨ। ਜਦੋਂ ਬੁਰਾ ਸਮਾਂ ਆਵੇ, ਉਦੋਂ ਵੀ ਘਬਰਾਉਣਾ ਨਹੀਂ ਚਾਹੀਦਾ ਸਗੋਂ ਚੜ੍ਹਦੀ ਕਲਾ ਵਿੱਚ ਰਹਿੰਦਿਆਂ ਭਲੇ ਦਿਨਾਂ ਦੀ ਉਡੀਕ ਕਰਨੀ ਚਾਹੀਦੀ ਹੈ। ਘਬਰਾਹਟ ਨਾਲ ਹੋਰ ਨੁਕਸਾਨ ਹੁੰਦਾ ਹੈ। ਧੀਰਜ ਮਨੁੱਖ ਦਾ ਗਹਿਣਾ ਹੈ ਅਤੇ ਖਿਮਾ ਸ਼ਕਤੀ ਹੈ। ਮੈਂ ਪੂਰੀ ਇਮਾਨਦਾਰੀ ਨਾਲ ਇਨ੍ਹਾਂ ਚੌਹਾਂ ਪੱਖਾਂ ਉੱਤੇ ਪਹਿਰਾ ਦਿੱਤਾ ਹੈ। ਨਤੀਜਾ ਤੁਹਾਡੇ ਸਾਹਮਣੇ ਹੈ। ਮੇਰੀ ਚਾਹ ਪੀਣ ਦੂਰੋਂ ਦੂਰੋਂ ਲੋਕੀਂ ਆਉਂਦੇ ਹਨ। ਦੂਜੇ ਸ਼ਹਿਰਾਂ ਵਿੱਚ ਬਰਾਂਚਾਂ ਖੋਲ੍ਹਣ ਲਈ ਵੀ ਜ਼ੋਰ ਪੈ ਰਿਹਾ ਹੈ। ਪਰ ਮੈਂ ਸਾਵਧਾਨੀ ਨਾਲ ਚੱਲਣਾ ਚਾਹੁੰਦਾ ਹਾਂ। ਮੈਂ ਆਪਣੇ ਕਾਮਿਆਂ ਨਾਲ ਖਲੋ ਕੇ ਉਨ੍ਹਾਂ ਨੂੰ ਚਾਹ ਬਣਾਉਣ ਦੀ ਸਿਖਲਾਈ ਦਿੰਦਾ ਹਾਂ। ਕਿੰਨਾ ਪਾਣੀ, ਕਿੰਨੀ ਚੀਨੀ, ਕਿੰਨਾ ਦੁੱਧ ਅਤੇ ਮਸਾਲਾ ਵਰਤਣਾ ਹੈ ਅਤੇ ਕਿਸ ਤਰ੍ਹਾਂ ਵਰਤਣਾ ਹੈ ਤਾਂ ਜੋ ਮੇਰੀ ਸਾਖ ਬਣੀ ਰਹੇ। ਜਦੋਂ ਤਕ ਮੇਰੀ ਚਾਹ ਦਾ ਸੁਆਦ ਵਿਲੱਖਣ ਹੈ, ਉਦੋਂ ਤਕ ਹੀ ਮੇਰਾ ਧੰਦਾ ਚੱਲਣਾ ਹੈ। ਆਪਣੀ ਗੁਣਵੱਤਾ ਨਾਲ ਮੈਂ ਕਦੇ ਸਮਝੌਤਾ ਨਹੀਂ ਕੀਤਾ ਅਤੇ ਨਾ ਹੀ ਕਰਾਂਗਾ। ਨਵੀਂ ਪੀੜ੍ਹੀ ਨੂੰ ਮੇਰੀ ਇਹੋ ਸਲਾਹ ਹੈ ਕਿ ਇਨ੍ਹਾਂ ਚਾਰੇ ਪੱਖਾਂ ਉੱਤੇ ਸੰਜੀਦਗੀ ਨਾਲ ਅਮਲ ਕਰੋ। ਸਫ਼ਲਤਾ ਜ਼ਰੂਰ ਪ੍ਰਾਪਤ ਹੋਵੇਗੀ। ਨੌਕਰੀ ਦੀ ਭਾਲ ਕਰਨ ਦੀ ਥਾਂ ਆਪ ਨੌਕਰੀਆਂ ਦੇਣ ਵਾਲੇ ਬਣ ਸਕਦੇ ਹੋ। ਅਸੀਂ ਅੱਗੇ ਵਧਣ ਦਾ ਯਤਨ ਨਹੀਂ ਕਰਦੇ। ਇਸਦਾ ਕਾਰਨ ਆਲਸ ਜਾਂ ਡਰ ਹੋ ਸਕਦਾ ਹੈ ਪਰ ਆਲਸ ਤਿਆਗ ਕੇ ਮਿਹਨਤ ਕਰਨੀ ਚਾਹੀਦੀ ਹੈ। ਜਦੋਂ ਵੀ ਕੁਝ ਨਵਾਂ ਕੀਤਾ ਜਾਂਦਾ ਹੈ ਤਾਂ ਥੋੜ੍ਹਾ ਨੁਕਸਾਨ ਤਾਂ ਹੀ ਹੋ ਸਕਦਾ ਹੈ ਪਰ ਘਬਰਾਉਣ ਦੀ ਥਾਂ ਧੀਰਜ ਨਾਲ ਨੁਕਸਾਨ ਦੇ ਕਾਰਨਾਂ ਦਾ ਪਤਾ ਲਗਾਉਣਾ ਚਾਹੀਦਾ ਹੈ। ਇੰਝ ਉਨ੍ਹਾਂ ਨੂੰ ਦੂਰ ਕੀਤਿਆਂ ਸਫ਼ਲਤਾ ਦੀ ਪੌੜੀ ਚੜ੍ਹਿਆ ਜਾ ਸਕਦਾ ਹੈ।

# ਇਹ ਜ਼ਿੰਦਗੀ ਤੁਹਾਡੀ ਹੈ

ਲਿਖਤ : ਡਾ. ਕਮਲੇਸ਼ ਉੱਪਲ, ਸੰਪਰਕ 98149-02564

ਅਸਮਾਨ ਉੱਤੇ ਗਹਿਰ ਛਾਈ ਹੋਈ ਹੈ। ਹਵਾ ਵਿੱਚ ਮਿੱਟੀ ਲਟਕ ਕੇ ਖਲੋ ਜਾਣ ਦਾ ਅਹਿਸਾਸ ਹਰ ਪਾਸੇ ਤਾਰੀ ਹੈ। ਲਗਦਾ ਹੈ ਜਦੋਂ ਤਕ ਹਨੇਰੀ ਨਹੀਂ ਝੁੱਲੇਗੀ ਅਸਮਾਨ ਸਾਫ਼ ਨਹੀਂ ਹੋਵੇਗਾ। ਮੈਂ ਵਰਾਂਡੇ ਵਿੱਚ ਬੈਠੀ ਇਸ ਹੁੰਮਸ ਵਿੱਚ ਸਾਹਮਣੇ ਕਿਆਰੀ ਵਿੱਚ ਖਿੜੇ 'ਡੈਜ਼ਰਟ ਪਟੂਨੀਆ' ਦੇ ਕਾਸ਼ਣੀ ਫੁੱਲਾਂ ਨੂੰ ਵੇਖ ਕੇ ਤਾਜ਼ਗੀ ਦਾ ਅਹਿਸਾਸ ਚੁਰਾਉਣ ਦੀ ਕੋਸ਼ਿਸ਼ ਵਿੱਚ ਲੱਗੀ ਹੋਈ ਹਾਂ। ਇੱਕ ਹੋਰ ਫ਼ੀਚਰ ਜੋ ਮੇਰੀ ਨਜ਼ਰ ਵਿੱਚ ਸਮਾ ਕੇ ਫ਼ਿਜ਼ਾ ਨੂੰ ਖੁਸ਼ਗਵਾਰ ਬਣਾ ਰਿਹਾ ਹੈ, ਉਹ ਮੇਰਾ ਖਾਲੀ ਹੋ ਚੱਕਾ ਚਾਹ ਵਾਲਾ ਕੱਪ ਹੈ, ਜਿਸ ਉੱਪਰ ਨਾਯਾਬ ਕਿਸਮ ਦਾ ਫੁੱਲ ਉੱਕਰਿਆ ਹੋਇਆ ਹੈ। ਇਸ ਕੱਪ ਦੇ ਥੱਲੇ (ਤਲੇ) ਦਾ ਕਿਨਾਰਾ ਕਾਫ਼ੀ ਸਾਰਾ ਭੁਰ ਚੁੱਕਾ ਹੈ ਪਰ ਇਸਦੀ ਡਮਰੂਨੁਮਾ ਸ਼ਕਲ ਅਤੇ ਉੱਤੇ ਛਪਿਆ ਫੁੱਲ ਮੈਨੂੰ ਇਹ ਕੱਪ ਸੁੱਟਣ ਤੋਂ ਰੋਕੀ ਰੱਖਦੇ ਹਨ। ਮੈਂ ਰੋਜ਼ ਦੋ ਵੇਲੇ ਇਸ ਭੁਰੇ ਹੋਏ ਥੱਲੇ ਵਾਲੇ ਕੱਪ ਵਿੱਚ ਹੀ ਚਾਹ ਪੀਂਦੀ ਹਾਂ। ਮੇਰੀ ਆਪਣੀ ਭੁਰਦੀ ਖੁਰਦੀ ਹਸਤੀ ਅਤੇ ਇਸ ਕੱਪ ਦਾ ਜਿਵੇਂ ਕੋਈ ਰਿਸ਼ਤਾ ਬਣ ਗਿਆ ਹੈ। ਅੱਜਕਲ ਡਾ. ਹਰਭਜਨ ਸਿੰਘ ਦੀ ਲਿਖੀ ਕਵਿਤਾ ਦੀਆਂ ਇਹ ਸਤਰਾਂ ਅਕਸਰ ਯਾਦ ਆਉਂਦੀਆਂ ਰਹਿੰਦੀਆਂ ਹਨ:

**"ਦੋ ਚਾਰ ਸਫ਼ੇ ਦਰਦਾਂ ਦੇ ਲਿਖੇ ਬਾਕੀ ਹਰ ਪੱਤਰਾ ਖ਼ਾਲੀ ਹੈ**
**ਹੁਣ ਕੌਣ ਲਿਖੇਗਾ ਬਾਕੀ ਨੂੰ ਇਹ ਪੀੜ ਤਾਂ ਮੁੱਕਣ ਵਾਲੀ ਹੈ।**
**ਇਸ ਖੁਰਦੀ ਭੁਰਦੀ ਝੱਜਰੀ ਵਿੱਚ ਮੂੰਹ ਜ਼ੋਰ ਹੜ੍ਹਾਂ ਦਾ ਪਾਣੀ ਸੀ,**
**ਉੱਥੋਂ ਤਕ ਰੁੜ੍ਹਦੀ ਲੈ ਆਏ ਜਿੱਥੋਂ ਤਕ ਗਈ ਸੰਭਾਲੀ ਹੈ।"**

ਭਾਰਤ ਦੇ 50ਵੇਂ ਚੀਫ ਜਸਟਿਸ ਡੀ.ਵਾਈ. ਚੰਦਰਚੂੜ੍ਹ ਨੇ ਆਪਣੇ ਕਾਰਜਕਾਲ ਦੌਰਾਨ ਕਾਨੂੰਨ ਦੇ ਇਤਿਹਾਸ ਵਿੱਚ ਮੀਲ-ਪੱਥਰ ਸਾਬਤ ਹੋਣ ਵਾਲੀਆਂ ਕੁਝ ਮਹੱਤਵਪੂਰਨ ਜਜਮੈਂਟਾਂ ਦਿੱਤੀਆਂ ਹਨ। ਇਨ੍ਹਾਂ ਇਤਿਹਾਸਕ ਫ਼ੈਸਲਿਆਂ ਵਿੱਚੋਂ ਬੰਦੇ ਦੀ ਗੌਰਵਪੂਰਨ ਮੌਤ ਬਾਰੇ ਦਿੱਤਾ ਇੱਕ ਫ਼ੈਸਲਾ ਹੈ, ਜਿਸਦਾ ਮਤਲਬ ਹੈ ਕਿ ਸੰਵਿਧਾਨ ਦੀ ਧਾਰਾ 21 ਅਨੁਸਾਰ ਜੀਣ ਦੇ ਹੱਕ ਦੇ ਨਾਲ ਹੀ ਮਰਨ ਦੀ ਪ੍ਰਕਿਰਿਆ ਵਿੱਚ ਗੌਰਵ ਅਤੇ ਆਦਰ ਦਾ ਹੋਣਾ ਵੀ ਲਾਜ਼ਮੀ ਹੈ। ਇਸ ਨੂੰ ਡਾਕਟਰੀ ਭਾਸ਼ਾ ਵਿੱਚ 'ਯੂਥੇਨੇਸ਼ੀਆ'ਕਿਹਾ ਜਾਂਦਾ ਹੈ, ਜਿਸਦਾ ਮਤਲਬ ਹੈ ਮਨੁੱਖੀ ਗੌਰਵ ਨਾਲ ਮਰਨਾ ਨਾ ਕਿ ਰੁਲ ਕੇ ਜਾਂ ਅੱਡੀਆਂ ਰਗੜ-ਰਗੜ ਕੇ। ਇਹ ਮਸਲਾ ਦੁਨੀਆਂ ਦੇ ਕਈ ਸੱਭਿਆ ਮੁਲਕਾਂ ਵਿੱਚ ਅਹਿਮ ਮਨੁੱਖੀ ਮਸਲਾ ਰਿਹਾ ਹੈ, ਜਿਸ ਬਾਰੇ ਬਹਿਸ-ਮੁਬਾਹਸੇ, ਸਮਾਜਕ ਵਿਗਿਆਨੀਆਂ ਦਾ ਵਿਚਾਰ-ਪ੍ਰਗਟਾਵਾ, ਫਿਲਮਾਂ ਅਤੇ ਨਾਟਕ ਵੀ ਖੇਡੇ ਜਾ ਚੁੱਕੇ ਹਨ। ਆਦਰ ਸਹਿਤ ਮਰਨ ਬਾਰੇ ਇੱਕ ਅਜਿਹੀ ਬਹਿਸ ਜਾਂ ਫਿਲਮ ਦਾ ਨਾਂ ਮੈਨੂੰ ਹੁਣ ਤਕ ਯਾਦ ਹੈ "ਹੂਜ਼ ਲਾਈਫ ਇਜ਼ ਇੱਟ ਐਨੀਵੇ" ਅਰਥਾਤ "ਆਖ਼ਰ ਇਹ ਜ਼ਿੰਦਗੀ ਕਿਸ ਦੀ ਹੈ?"

ਮਰਨ ਕੰਢੇ ਹੋਈ ਅਤੇ ਡਾਕਟਰੀ ਯੰਤਰਾਂ ਦੀ ਸਹਾਇਤਾ ਨਾਲ ਜੀਵੀ ਜਾ ਰਹੀ ਜ਼ਿੰਦਗੀ ਦਾ ਆਜ਼ਾਬ ਟਾਲਣ ਲਈ ਆਵਾਜ਼ਾਂ ਸਾਰੇ ਸੱਭਿਆ ਮੁਲਕਾਂ ਵਿੱਚ ਉੱਠਦੀਆਂ ਰਹੀਆਂ ਹਨ। ਪਿੱਛੇ ਜਿਹੇ ਹੀ ਅਮਰੀਕਾ ਵਿੱਚ, ਉੱਥੋਂ ਦੀ ਇੱਕ ਸਟੇਟ ਓਰੇਗਨ (Oregon) ਨੇ ਡਾਕਟਰੀ ਮਦਦ ਰਾਹੀਂ ਅਜਿਹੇ ਅੰਤ ਨੂੰ ਵੈਧ (ਸਹੀ) ਕਰਾਰ ਦੇ ਦਿੱਤਾ ਹੈ। ਬ੍ਰਿਟਿਸ਼ ਪਾਰਲੀਆਮੈਂਟ ਨੇ ਵੀ ਅਜਿਹੇ ਅੰਤ ਦੀ ਆਗਿਆ ਦੇ ਦਿੱਤੀ ਹੈ। ਮਰਨ ਕੰਢੇ ਪਏ ਵਿਅਕਤੀ ਨੂੰ ਸਰੀਰਕ ਤਕਲੀਫ਼ ਤੋਂ ਵੀ ਵਧਕੇ ਇਕੱਲ ਅਤੇ ਨਕਾਰੇਪਣ ਦੀ ਸਥਿਤੀ ਨਾਸਹਿਣਯੋਗ ਸੰਤਾਪ ਹੰਢਾਉਣ ਲਈ ਮਜਬੂਰ ਕਰ ਦਿੰਦੀ ਹੈ। ਇਹ ਸਥਿਤੀ ਜ਼ਿੰਦਗੀ ਦਾ ਅਨਾਦਰ ਹੈ। ਸਾਡੇ ਚੀਫ ਜਸਟਿਸ ਨੇ ਵੀ ਇਨ੍ਹਾਂ ਸਾਰੀਆਂ, ਪੱਛਮ ਵਿੱਚ ਚੱਲ ਰਹੀਆਂ ਡਿਬੇਟਾਂ ਅਤੇ ਫ਼ੈਸਲਿਆਂ ਨੂੰ ਮੱਦੇਨਜ਼ਰ ਰੱਖ ਕੇ ਹੀ ਫ਼ੈਸਲਾ ਲਿਆ ਹੋਵੇਗਾ।

ਨਾਸਹਿਣਯੋਗ ਸਥਿਤੀ ਵਿੱਚ ਮਰਨ ਦੀ ਆਜ਼ਾਦੀ ਬੰਦੇ ਦਾ ਅੰਤਮ ਜਮਹੂਰੀ ਅਧਿਕਾਰ ਹੈ, ਇਹ ਬ੍ਰਿਟਿਸ਼ ਹਾਊਸ ਆਫ ਕੌਮਨਜ਼ (ਲੋਕ ਸਭਾ) ਵਿੱਚ ਬਹੁਗਿਣਤੀ ਨੇ ਮੰਨਿਆ। ਉੱਥੇ ਇਹ ਫ਼ੈਸਲਾ ਪਾਰਟੀ ਵਿਚਾਰਧਾਰਾ ਨੂੰ ਮੁੱਖ ਰੱਖ ਕੇ ਨਹੀਂ, ਸਗੋਂ ਅੰਤਰਾਤਮਾ ਦੀ ਆਵਾਜ਼ ਅਨੁਸਾਰ ਵੋਟ ਦੇ ਕੇ ਲਿਆ ਗਿਆ। ਹਾਲਾਂਕਿ ਅਜੇ ਉੱਥੇ ਵੀ ਇਸ ਬਾਰੇ ਕਾਨੂੰਨ ਬਣਾਉਣ ਤੋਂ ਪਹਿਲਾਂ ਮਸਲੇ ਦੀਆਂ ਕਈ ਔਕੜਾਂ ਨੂੰ ਸੁਲਝਾਉਣਾ ਬਾਕੀ ਹੈ। ਪਰ ਇਸ ਬਾਰੇ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਰਿਸ਼ਤੇਦਾਰੀਆਂ ਦੇ ਬਦਲ ਚੁੱਕੇ ਪ੍ਰਸੰਗ ਵਿੱਚ ਵੀ ਡਾਕਟਰੀ ਸਹਾਇਤਾ ਨਾਲ 'ਮਰਜ਼ੀ ਨਾਲ ਮੌਤ' ਦਾ ਹੱਕ ਮਰਨ ਕੰਢੇ ਪਏ ਵਿਅਕਤੀਆਂ ਜਾਂ ਬਜ਼ੁਰਗਾਂ ਲਈ ਹੁਣ ਜ਼ਰੂਰੀ ਹੋ ਗਿਆ ਹੈ।

ਭਾਰਤ ਵਿੱਚ ਵੀ ਸਵੈਇੱਛਾ ਨਾਲ ਮਰਨ ਦਾ ਮਸਲਾ ਚਿੰਤਕਾਂ ਦੀ ਸੋਚ ਦਾ ਵਿਸ਼ਾ ਬਣਦਾ ਰਿਹਾ ਹੈ। ਇਸ ਮਸਲੇ ਨੂੰ ਲੋਕਾਂ ਦੇ ਮੱਦੇਨਜ਼ਰ ਹੋਣ ਦਾ ਮੌਕਾ ਉਦੋਂ ਵੀ ਮਿਲਿਆ ਜਦੋਂ ਪੱਤਰਕਾਰ ਅਤੇ ਸਮਾਜ ਸੇਵਕਾ ਪਿੰਕੀ ਵਿਰਾਨੀ ਨੇ ਸੁਪਰੀਮ ਕੋਰਟ ਵਿੱਚ ਅਰਜ਼ੀ ਪਾਈ ਸੀ ਕਿ ਬਲਾਤਕਾਰ ਦਾ ਸ਼ਿਕਾਰ ਹੋ ਕੇ ਬੇਹੋਸ਼ ਪਈ ਅਰੁਣਾ ਸ਼ਾਨਬੌਗ ਨੂੰ ਸਵੈ-ਇੱਛਾ ਨਾਲ ਮਰਨ ਦੀ ਇਜਾਜ਼ਤ ਦੇ ਦਿੱਤੀ ਜਾਵੇ। ਅੱਜ ਇਸ ਮਸਲੇ ਨੇ ਅਰੁਣਾ ਦੀ ਨਾਭੁੱਲਣਯੋਗ ਕਰੁਣਾਮਈ ਸਥਿਤੀ ਯਾਦ ਕਰਾ ਦਿੱਤੀ ਹੈ। ਨਰਸ ਅਰੁਣਾ ਬੰਬਈ ਦੇ ਇੱਕ ਹਸਪਤਾਲ ਵਿੱਚ ਡਿਊਟੀ ਦੌਰਾਨ ਯੂਨੀਫਾਰਮ ਬਦਲਣ ਲਈ ਹਸਪਤਾਲ ਦੀ ਬੇਸਮੈਂਟ ਵਿੱਚ ਗਈ ਸੀ ਤਾਂ ਇੱਕ ਸਵੀਪਰ ਜਾਂ ਵਾਰਡ ਬੁਆਏ ਨੇ ਅਰੁਣਾ ਨਾਲ ਜਬਰਜਨਾਹ ਕਰਨ ਦੀ ਕੋਸ਼ਿਸ਼ ਵਿੱਚ ਉਸ ਦਾ ਸਿਰ ਪੱਕੇ ਫ਼ਰਸ਼ ਉੱਤੇ ਪਟਕ ਦਿੱਤਾ, ਜਿਸ ਨਾਲ ਉਸ ਦੇ ਦਿਮਾਗ਼ ਦੀਆਂ ਨਸਾਂ ਨਕਾਰਾ ਹੋ ਗਈਆਂ ਤੇ ਉਹ ਮੁੜ ਕਦੇ ਹੋਸ਼ ਵਿੱਚ ਨਾ ਆ ਸਕੀ ਅਤੇ 42 ਸਾਲ ਬੈੱਡ 'ਤੇ ਪਈ ਰਹੀ ਸਿਲ-ਪੱਥਰ ਬਣੀ। ਉਸ ਦਾ ਪੁਰਾਣਾ ਹੋਇਆ ਸਰੀਰ ਵੀ ਖੁਰ-ਖੁਰ ਕੇ ਭੁਰਨ ਲੱਗਾ। ਅਰੁਣਾ ਦੇ ਰੇਪੀ ਨੂੰ ਸਮੇਂ ਦੇ ਕਾਨੂੰਨ ਅਨੁਸਾਰ ਸਿਰਫ਼ 7 ਸਾਲ ਦੀ ਕੈਦ ਹੋਈ, ਜਿਸ ਨੂੰ ਭੁਗਤ ਕੇ ਉਹ ਮੁੜ ਜ਼ਿੰਦਗੀ ਦੀ ਮੁਖਧਾਰਾ ਵਿੱਚ ਜਾ ਰਲਿਆ। ਪਰ ਉਸ ਦੀ ਸ਼ਿਕਾਰ ਹੋਈ ਔਰਤ ਜਿਉਂਦੇ ਜੀਅ ਹੀ ਮਰ ਕੇ ਅਜੇ ਵੀ ਮੌਤ ਦੀ ਹਿਚਕੀ ਲਈ ਸਹਿਕ ਰਹੀ ਸੀ। 1973 ਵਿੱਚ ਵਾਪਰਿਆ ਇਹ ਕੇਸ ਮੈਨੂੰ ਚੰਗੀ ਤਰ੍ਹਾਂ ਯਾਦ ਹੈ। ਵਾਰਡ ਬੁਆਏ ਨੇ ਆਪਣੇ ਬਚਾਓ ਲਈ ਕੋਰਟ ਵਿੱਚ ਇਹ ਦਲੀਲ ਪੇਸ਼ ਕੀਤੀ ਸੀ ਕਿ ਨਰਸ ਅਰੁਣਾ ਉਸ ਨਾਲ ਵੈਰ ਰੱਖਦੀ ਸੀ, ਉਸ ਨੂੰ ਝਿੜਕਦੀ ਹੁੰਦੀ ਸੀ ਕਿਉਂਕਿ ਉਹ ਮਰੀਜ਼ਾਂ ਦੇ ਫਲ ਫਰੂਟ ਚੁਰਾ ਕੇ ਖਾ ਲੈਂਦਾ ਸੀ। ਉਹ ਅਰੁਣਾ ਦੀ ਅਸਮਤ ਲੁੱਟ ਕੇ ਉਸ ਤੋਂ ਬਦਲਾ ਲੈਣਾ ਚਾਹੁੰਦਾ ਸੀ। ਪਰ ਉਸ ਦਿਨ ਜਦੋਂ ਉਸ ਨੇ ਅਰੁਣਾ ਨੂੰ ਦਬੋਚਣਾ ਚਾਹਿਆ ਤਾਂ ਪਤਾ ਲੱਗਾ ਕਿ ਉਹ ਮਾਸਿਕ ਧਰਮ ਵਿੱਚੋਂ ਗੁਜ਼ਰ ਰਹੀ ਸੀ। ਇਸ ਜਾਣਕਾਰੀ ਨੇ ਉਸ ਨੂੰ ਹੋਰ ਗੁੱਸਾ ਦਿਲਾਇਆ ਜਿਸ ਕਰਕੇ ਉਸ ਨੇ ਅਰੁਣਾ ਦੇ ਸਿਰ ਨੂੰ ਫ਼ਰਸ਼ 'ਤੇ ਦੇ ਮਾਰਿਆ।

ਸਾਲ 2009 ਵਿੱਚ ਪੱਤਰਕਾਰ ਅਤੇ ਸਮਾਜ ਸੇਵਿਕਾ ਪਿੰਕੀ ਵਿਰਾਨੀ ਨੇ ਅਰੁਣਾ ਦੀ ਹਾਲਤ ਦੇ ਮੱਦੇਨਜ਼ਰ ਉਸਦੇ ਨਮਿੱਤ ਸੁਪਰੀਮ ਕੋਰਟ ਵਿੱਚ ਅਰਜ਼ੀ ਪਾਈ ਸੀ ਕਿ ਅਰੁਣਾ ਨੂੰ ਸਵੈ-ਇੱਛਾ ਨਾਲ ਮਰਨ ਦੀ ਇਜਾਜ਼ਤ ਦੇ ਦਿੱਤੀ ਜਾਵੇ। ਸੁਪਰੀਮ ਕੋਰਟ ਵੱਲੋਂ ਅਰਜ਼ੀ ਦੀ ਸੁਣਾਵਈ ਮਗਰੋਂ ਅਰੁਣਾ ਲਈ ਜਿਉਂਦੇ ਰਹਿਣ ਦਾ ਹੱਕ ਬਰਕਰਾਰ ਰੱਖਣ ਦਾ ਫ਼ੈਸਲਾ ਸੁਣਾ ਦਿੱਤਾ ਗਿਆ ਕਿਉਂਕਿ ਹਸਪਤਾਲ ਵਾਲੇ ਅਜੇ ਵੀ ਉਸ ਦੀ ਸੇਵਾ ਕਰ ਰਹੇ ਸਨ। ਮੈਨੂੰ ਹੁਣ ਵੀ ਯਾਦ ਹੈ ਕਿ ਭਾਰਤ ਦੀ ਮਸ਼ਹੂਰ ਪੱਤ੍ਰਿਕਾ 'ਇਲੱਸਟਰੇਟਿਡ ਵੀਕਲੀ' ਨੇ ਅਰੁਣਾ ਦਾ ਕੇਸ ਪੂਰੀ ਤਫ਼ਸੀਲ ਨਾਲ ਛਾਪਿਆ ਸੀ।

ਹੁਣ ਹਰ ਆਮ-ਖ਼ਾਸ ਵਿਅਕਤੀ ਲਈ ਸੌਖ ਇਹ ਹੋ ਗਈ ਹੈ ਕਿ ਉਹ ਜਿਊਂਦੇ-ਜੀਅ ਆਪਣੀ ਜ਼ਰਾ ਅਵਸਥਾ (ਬੁਢੇਪੇ) ਵਿੱਚ, ਕਿਸੇ ਕਾਨੂੰਨੀ ਵਿਅਕਤੀ (ਨੋਟਰੀ) ਤੋਂ ਆਪਣੀ ਇਸ ਵਿੱਲ 'ਤੇ ਤਸਦੀਕੀ ਮੋਹਰ ਲੁਆ ਕੇ ਰੱਖ ਸਕਦਾ ਹੈ ਤਾਂਕਿ ਉਹ ਲੋੜ ਪਈ 'ਤੇ ਸਵੈਇੱਛਾ ਨਾਲ ਆਦਰ ਦੀ ਮੌਤ ਮਰ ਸਕੇ ਅਤੇ ਡਾਕਟਰੀ ਜੰਤਰਾਂ (ਵੈਂਟੀਲੇਟਰ) ਸਹਾਰੇ ਜੀਣ ਦਾ ਆਜ਼ਾਬ ਜਾਂ ਮੁਥਾਜੀ ਨਾ ਰਹੇ। ਹਰ ਸੂਝਵਾਨ ਵਿਅਕਤੀ ਨੂੰ ਇਸ ਕਾਨੂੰਨੀ ਫ਼ੈਸਲੇ ਦਾ ਸਵਾਗਤ ਕਰਨਾ ਚਾਹੀਦਾ ਹੈ।

# ਐਡਵੋਕੇਟ ਸਤਨਾਮ ਸਿੰਘ ਕਲੇਰ ਲੰਮੇ ਸਮੇਂ ਤੋਂ ਲੜ ਰਹੇ ਹਨ ਦਾਗ਼ੀ ਪੁਲਿਸ ਅਧਿਕਾਰੀਆਂ ਦੇ ਕੇਸ

**ਲਿਖਤ : ਕੁਲਤਰਨ ਸਿੰਘ ਪਧਿਆਣਾ**




ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਦੇ ਚੇਅਰਮੈਨ ਤੇ ਐਡਵੋਕੇਟ ਸਤਨਾਮ ਸਿੰਘ ਕਲੇਰ , ਜਿਨ੍ਹਾਂ ਨੇ ਹਾਲ ਦੇ ਹੀ ਦਿਨਾਂ ਵਿਚ ਚਾਰ ਚੁਫੇਰਿਓਂ ਹੁੰਦੀ ਆਲੋਚਨਾ ਦੇ ਚਲਦਿਆਂ ਸਾਬਕਾ ਡੀਜੀਪੀ ਸੁਮੇਧ ਸੈਣੀ ਦੇ ਵਕੀਲ ਵਜੋਂ ਕੇਸ ਲੜਨ ਤੋਂ ਮਨਾ ਕਰ ਦਿੱਤਾ ਸੀ ਬਾਰੇ ਹੋਰ ਬਹੁਤ ਕੁੱਝ ਸਾਹਮਣੇ ਆਇਆ ਹੈ। ਐਡਵੋਕੇਟ ਜਸਪਾਲ ਸਿੰਘ ਮੰਝਪੁਰ ਨੇ ਐਡਵੋਕੇਟ ਸਤਨਾਮ ਸਿੰਘ ਕਲੇਰ ਵੱਲੋਂ ਦਾਗ਼ੀ ਪੁਲਿਸ ਅਧਿਕਾਰੀਆਂ ਦੇ ਵਕੀਲ ਵਜੋਂ ਲੜੇ ਜਾ ਰਹੇ ਕੇਸਾਂ ਦੀ ਸੂਚੀ ਜਾਰੀ ਕੀਤੀ ਹੈ। ਇਹ ਵੀ ਦੱਸਣਾ ਬਣਦਾ ਹੈ ਕਿ ਐਡਵੋਕੇਟ ਸਤਨਾਮ ਸਿੰਘ ਕਲੇਰ ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਦੇ ਚੇਅਰਮੈਨ ਦੇ ਨਾਲ-ਨਾਲ ਬਾਦਲ ਪਰਿਵਾਰ ਦੇ ਅਤਿ ਨਜ਼ਦੀਕੀਆਂ ਚੋਂ ਹਨ। । ਐਡਵੋਕੇਟ ਸਤਨਾਮ ਸਿੰਘ ਕਲੇਰ ਹੇਠ ਲਿਖਤ ਫਰਜ਼ੀ ਮੁਕਾਬਲਿਆਂ ਦੇ ਕੇਸਾਂ ਵਿੱਚ ਵੱਖ-ਵੱਖ ਪੁਲਿਸ ਅਧਿਕਾਰੀਆਂ ਲਈ ਬਚਾਅ ਪੱਖ ਦੇ ਵਕੀਲ ਵਜੋਂ ਪੇਸ਼ ਹੋਏ: -

1: ਸੀਬੀਆਈ ਬਨਾਮ ਧਰਮ ਸਿੰਘ, 2017 ਦਾ ਐਸ.ਸੀ. -121, 1997 ਦੀ ਸੀ.ਬੀ.ਆਈ. ਆਰ.ਸੀ. ਨੰ. 12 (ਜ਼), ਕਰਨੇਸ਼ ਕੁਮਾਰ ਦੀ ਅਦਾਲਤ ਵਿਚ ਸੀ.ਬੀ.ਆਈ. ਕੋਰਟ, ਐਸ.ਏ.ਐੱਸ. ਨਗਰ ਮੁਹਾਲੀ.

2: ਸੀਬੀਆਈ ਬਨਾਮ ਐਸਆਈ ਨਰਿੰਦਰ ਸਿੰਘ ਮੱਲ੍ਹੀ, ਐਸਆਈ ਗਿਆਨ ਸਿੰਘ, ਐਸਸੀ -133 / 2017. ਸੀਬੀਆਈ ਆਰਸੀ ਨੰਬਰ 5 (ਐਸ) 2000. ਹਰਜੀਤ ਸਿੰਘ, ਸੀਬੀਆਈ ਕੋਰਟ, ਐਸ ਏ ਐਸ ਨਗਰ ਮੁਹਾਲੀ ਦੁਆਰਾ 29-09-2018 ਨੂੰ ਫੈਸਲਾ ਦਿੱਤਾ ਗਿਆ. 11-11-1992 ਨੂੰ ਸੁਲਤਾਨਵਿੰਡ, ਅੰਮ੍ਰਿਤਸਰ ਦੇ ਹਰਜੀਤ ਸਿੰਘ ਗੋਰਾ ਦੇ ਕਤਲ ਵਿਚ ਉਮਰ ਕੈਦ ਦੀ ਸਜਾ।

3: ਸੀਬੀਆਈ ਬਨਾਮ ਸੰਤ ਕੁਮਾਰ, ਗੁਰਬਚਨ ਸਿੰਘ, ਐਸ.ਸੀ.-104 2017, 1997 ਦੀ ਸੀ.ਬੀ.ਆਈ. ਆਰ.ਸੀ. ਨੰ. 3 (ਜ਼), ਸੀ.ਬੀ.ਆਈ. ਕੋਰਟ, ਐਸ.ਏ.ਐਸ.ਨਗਰ ਮੁਹਾਲੀ, ਹਰਿੰਦਰ ਸਿੱਧੂ ਦੀ ਅਦਾਲਤ ਵਿੱਚ ਵਿਚਾਰ ਅਧੀਨ ਹਨ।

4: ਸੀਬੀਆਈ ਬਨਾਮ ਭੁਪਿੰਦਰਜੀਤ ਸਿੰਘ ਡੀਐਸਪੀ, ਸੁਰਿੰਦਰਪਾਲ ਰੂਬੀ, ਏਐਸਆਈ ਤੇਜ ਬਹਾਦਰ, ਇੰਸਪ. ਰਾਮ ਨਾਥ, ਏਐਸਆਈ ਨਾਜਰ ਸਿੰਘ, ਐਸਸੀ -146 2017, 1999 ਦੀ ਸੀਬੀਆਈ ਆਰਸੀ ਨੰਬਰ 7 (ਐਸ), ਸੀ.ਬੀ.ਆਈ. ਕੋਰਟ, ਐਸ.ਏ.ਐਸ.ਨਗਰ ਮੁਹਾਲੀ, ਕਰਨੇਸ਼ ਕੁਮਾਰ ਦੀ ਅਦਾਲਤ ਵਿੱਚ ਵਿਚਾਰ ਅਧੀਨ ਹੈ।

5: ਸੀਬੀਆਈ ਬਨਾਮ ਹਰਜਿੰਦਰਪਾਲ ਸਿੰਘ, ਬਚਨ ਦਾਸ, ਐਸ.ਸੀ.-100/2017, 1997 ਦੇ ਸੀ.ਬੀ.ਆਈ. ਆਰ.ਸੀ. ਨੰ. 3 (ਐਸ). ਨਿਰਭੋ ਸਿੰਘ ਗਿੱਲ, ਸੀ.ਬੀ.ਆਈ. ਕੋਰਟ, ਐਸ.ਏ.ਐਸ.ਨਗਰ ਮੁਹਾਲੀ ਦੁਆਰਾ 27-02-2019 ਨੂੰ ਫੈਸਲਾ ਸੁਣਾਇਆ ਅਤੇ ਕਤਲ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਕੁਲਦੀਪ ਸਿੰਘ ਅਤੇ ਗੁਰਮੇਲ ਸਿੰਘ ਵਾਸੀ ਪਿੰਡ ਲੋਧੀ ਮਾਜਰਾ, ਰੋਪੜ।

6: ਸੀ.ਬੀ.ਆਈ. ਬਨਾਮ ਗੁਰਬਚਨ ਸਿੰਘ ਡੀ ਐਸ ਪੀ, ਐਸ.ਸੀ.-131 2017, ਕਰਨੇਸ਼ ਕੁਮਾਰ ਦੀ ਅਦਾਲਤ ਵਿਚ ਵਿਚਾਰ ਅਧੀਨ ਸੀ.ਬੀ.ਆਈ. ਕੋਰਟ, ਐਸ.ਏ.ਐਸ.ਨਗਰ ਮੁਹਾਲੀ.

7: ਸੀਬੀਆਈ ਬਨਾਮ ਜਰਨੈਲ ਸਿੰਘ, ਐਸ.ਸੀ.-190039 2008, 2007 ਦੀ ਸੀ.ਬੀ.ਆਈ. ਆਰ.ਸੀ. ਨੰ. 3 (ਐਸ), ਸੀ.ਬੀ.ਆਈ ਕੋਰਟ ਪਟਿਆਲਾ ਦੁਆਰਾ 09-12-2011 ਨੂੰ ਐਕਵਾਇਟ ਕੀਤਾ ਗਿਆ ਸੀ।

8: ਸੀਬੀਆਈ ਬਨਾਮ ਏਐਸਆਈ ਗੁਰਦੇਵ ਸਿੰਘ ਅਤੇ ਹੋਰ, 2004 ਦੇ ਐਸਸੀ -190032, 1995 ਦੀ ਸੀਬੀਆਈ ਆਰਸੀ ਨੰਬਰ 5 (ਐਸ), ਸੀਬੀਆਈ ਕੋਰਟ ਪਟਿਆਲਾ ਦੁਆਰਾ 24-12-2011 ਨੂੰ ਦੋਸ਼ੀ ਠਹਿਰਾਇਆ ਗਿਆ ਸੀ।

9: ਸੀਬੀਆਈ ਬਨਾਮ ਸਰਬਜੀਤ ਸਿੰਘ, ਐਸ.ਸੀ.-190043 2006, 2003 ਦੀ ਸੀ.ਬੀ.ਆਈ. ਆਰ.ਸੀ. ਨੰਬਰ 1 (ਐਸ), 29-07-2013

10: ਸੀ.ਬੀ.ਆਈ. ਬਨਾਮ ਪ੍ਰਿਤਪਾਲ ਸਿੰਘ ਵਿਰਕ ਅਤੇ ਹੋਰ, 2002 ਦੀ ਐਸ.ਸੀ. 19023 ਸੀ.ਬੀ.ਆਈ. ਆਰ.ਸੀ. ਨੰ. 5 (ਐਸ), 1995 ਦੀ ਸੀ.ਬੀ.ਆਈ ਕੋਰਟ ਪਟਿਆਲਾ ਨੇ 11-03-2013 ਨੂੰ ਸਿੱਖ ਫੁੱਟਬਾਲ ਖਿਡਾਰੀ ਤੇਜਿੰਦਰ ਸਿੰਘ ਬਿੱਲੂ ਨੂੰ ਅਗਵਾ ਕਰਨ ਦੇ ਇਰਾਦੇ ਨਾਲ 10 ਸਾਲ ਕੈਦ ਦੀ ਸਜਾ ਸੁਣਾਈ ਕਤਲ ਕਰਨ ਲਈ. ਜ਼ਿਕਰਯੋਗ ਹੈ ਕਿ ਪੰਜਾਬ ਵਿਚ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਮੌਜੂਦਾ ਸਰਕਾਰ ਨੇ ਪ੍ਰਿਤਪਾਲ ਸਿੰਘ ਵਿਰਕ ਨੂੰ ਮੁਆਫੀ ਦੇਣ ਤੋਂ ਬਾਅਦ ਰਿਹਾ ਕਰਨ ਦੇ ਆਦੇਸ਼ ਦਿੱਤੇ ਹਨ।

11: ਸੀਬੀਆਈ ਬਨਾਮ ਡੀਐਸਪੀ ਰਾਮ ਸਿੰਘ ਅਤੇ 19 ਹੋਰ, 2013 ਦੇ ਐਸਸੀ -12642, 1997 ਦੀ ਸੀਬੀਆਈ ਆਰਸੀ ਨੰਬਰ 4 (ਐਸ)। ਅਦਾਲਤ ਨੇ 5 ਪੁਲਿਸ ਅਧਿਕਾਰੀਆਂ ਨੂੰ ਦੋਸ਼ੀ ਕਰਾਰ ਦਿੱਤਾ ਅਤੇ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਅਤੇ ਹੋਰਾਂ ਨੂੰ ਬਰੀ ਕਰ ਦਿੱਤਾ। ਕੇਸ ਦਾ ਫੈਸਲਾ ਕੁਲਦੀਪ ਸਿੰਘ, ਵਿਸ਼ੇਸ਼ ਸੀਬੀਆਈ ਜੱਜ ਪਟਿਆਲਾ ਦੀ ਅਦਾਲਤ ਨੇ 31-03-2015 ਨੂੰ ਕੀਤਾ ਸੀ। ਇਹ ਕੇਸ ਦਿੱਲੀ ਦੇ 3 ਸਿੱਖ ਨੌਜਵਾਨ ਵਿਜੇਪਾਲ ਸਿੰਘ, ਰਾਜਵਿੰਦਰ ਸਿੰਘ ਅਤੇ ਮੁਖਤਿਆਰ ਸਿੰਘ ਦੀ ਗੈਰ ਕਾਨੂੰਨੀ ਹੱਤਿਆ ਨਾਲ ਸਬੰਧਤ ਸੀ।

12: ਸੀਬੀਆਈ ਬਨਾਮ ਏਐਸਆਈ ਹਰਿੰਦਰ ਸਿੰਘ ਅਤੇ 3 ਹੋਰ, 2013 ਦਾ ਐਸਸੀ -126868, 1998 ਦੀ ਸੀਬੀਆਈ ਆਰਸੀ ਨੰਬਰ 7 (ਐਸ)। ਇਸ ਕੇਸ ਨੂੰ ਕਮਲਜੀਤ ਸਿੰਘ, ਸੀਬੀਆਈ ਕੋਰਟ ਪਟਿਆਲਾ ਦੀ ਅਦਾਲਤ ਨੇ 01-12-2014 ਨੂੰ ਹਰਜੀਤ ਦੇ ਕਤਲ ਵਿੱਚ ਦੋਸ਼ੀ ਠਹਿਰਾਇਆ ਸੀ। ਸਿੰਘ ਆਰ / ਓ ਪਿੰਡ ਸਰਹਾਲਾ ਖੁਰਦ, ਖੰਨਾ। ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ। ਖਾਸ ਤੌਰ 'ਤੇ, ਕਾਂਗਰਸ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੇ 2019 ਵਿਚ ਸਾਰੇ ਪੁਲਿਸ ਅਧਿਕਾਰੀਆਂ ਨੂੰ ਮੁਆਫੀ ਦਿੱਤੀ ਸੀ। ਉਨ੍ਹਾਂ ਨੇ ਸਿਰਫ 3 ਤੋਂ 4 ਸਾਲ ਕੈਦ ਦੀ ਸਜ਼ਾ ਦਿੱਤੀ ਸੀ.

13: ਸੀਬੀਆਈ ਬਨਾਮ ਸੁਖਵੰਤ ਸਿੰਘ ਅਤੇ 3 ਹੋਰ, 2013 ਦੇ ਐਸ.ਸੀ.-12570, 1997 ਦੀ ਸੀ.ਬੀ.ਆਈ. ਆਰ.ਸੀ. ਨੰ. 4 (ਐੱਸ), ਕੁਲਦੀਪ ਸਿੰਘ ਦੀ ਅਦਾਲਤ ਨੇ 31-03-2015 ਨੂੰ ਬਲਜੀਤ ਦੇ ਕਤਲ ਦੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਸਿੰਘ ਗਈ ਸੀ।




## ਪ੍ਰਦੂਸ਼ਣ ਦੀ ਵਧੀ ਮਾਰ

# ਹਵਾ ਦਾ ਹੋਵੇਗਾ ਵਪਾਰ

ਲਿਖਤ : ਡਾ. ਅਮਨਪ੍ਰੀਤ ਸਿੰਘ ਬਰਾੜ



ਪਿਛਲੇ ਕੁਝ ਸਾਲਾਂ ਤੋਂ ਵਾਤਾਵਰਨ ਦੇ ਪ੍ਰਦੂਸ਼ਣ ਦੀਆਂ ਖ਼ਬਰਾਂ ਤੇ ਚਰਚਾ ਆਏ ਦਿਨ ਵੱਧ ਰਹੀਆਂ ਹਨ। ਇਸ ਦਾ ਪਿਛੋਕੜ ਯੂਨਾਈਟਿਡ ਨੇਸ਼ਨ ਫਰੇਮਵਰਕ ਕਨਵੈਨਸ਼ਨ ਆਨ ਕਲਾਈਮੇਟ ਚੇਂਜ ਨੂੰ 1992 ਵਿੱਚ ਅਪਣਾਉਣ ਨਾਲ ਸਬੰਧਤ ਹੈ। ਇਸ ਦਾ ਮੰਤਵ ਸੀ ਕਿ ਇਨਸਾਨਾਂ ਦੀਆਂ ਵਾਤਾਵਰਨ ਵਿੱਚ ਤਬਦੀਲੀਆਂ ਲਿਆਉਣ ਵਾਲੀਆਂ ਸਰਗਰਮੀਆਂ ਘਟਾਉਣੀਆਂ ਜਾਂ ਉਨ੍ਹਾਂ 'ਤੇ ਰੋਕ ਲਗਾਉਣੀ। ਇਸ ਸੰਸਥਾ ਨੂੰ ਬਲ ਮਿਲਿਆ 21 ਮਾਰਚ 1994 ਨੂੰ ਜਦੋਂ 198 ਦੇਸ਼ਾਂ ਨੇ ਇਸ ਕਨਵੈਨਸ਼ਨ (ਸੰਧੀ) ਨੂੰ ਅਪਣਾ ਲਿਆ ਜਿਸ ਨੂੰ ਛੋਟਾ ਨਾਮ 'ਕਨਵੈਨਸ਼ਨ ਆਫ ਪਾਰਟੀਸ' ਦਿੱਤਾ ਗਿਆ ਹੈ ਜਿਸ ਦਾ 28ਵਾਂ ਸਮਾਗਮ ਦੁੱਬਈ ਵਿੱਚ 30 ਨਵੰਬਰ ਤੋਂ 12 ਦਸੰਬਰ 2023 ਤੱਕ ਹੋਇਆ। ਇਸ ਤੋਂ ਪਹਿਲਾਂ ਮਾਂਟਰੀਅਲ (ਕੈਨੇਡਾ) ਵਿੱਚ 1987 ਵਿੱਚ ਵਿਸ਼ਵ ਪੱਧਰ 'ਤੇ ਇਕ ਖਰੜਾ ਅਪਣਾਇਆ ਗਿਆ ਜਿਸ ਵਿੱਚ ਇਹ ਤਹਿ ਕੀਤਾ ਗਿਆ ਕਿ ਵਾਯੂਮੰਡਲ ਵਿੱਚ ਓਜ਼ੋਨ ਦੀ ਤਹਿ ਨੂੰ ਬਚਾਉਣਾ ਜ਼ਰੂਰੀ ਹੈ। ਜਿਹੜੀਆਂ ਗੈਸਾਂ ਜਾਂ (ਕਲੋਰੋਫਲੋਰੋ ਕਾਰਬਨ) ਪਦਾਰਥ ਓਜ਼ੋਨ ਦੀ ਤਹਿ ਨੂੰ ਨੁਕਸਾਨ ਪਹੁੰਚਾਉਂਦੇ ਹਨ, ਉਨ੍ਹਾਂ ਦੀ ਵਰਤੋਂ ਘਟਾ ਕੇ ਬਦਲਵੇਂ ਪ੍ਰਬੰਧ ਕਰਨੇ ਚਾਹੀਦੇ ਹਨ। ਵਾਯੂਮੰਡਲ 'ਚ ਓਜ਼ੋਨ ਦੀ ਤਹਿ ਸੂਰਜ ਦੀਆਂ ਖ਼ਤਰਨਾਕ ਅਲਟਰਾਵਾਇਲਟ ਕਿਰਨਾਂ ਨੂੰ ਧਰਤੀ 'ਤੇ ਆਉਣ ਤੋਂ ਰੋਕਦੀ ਹੈ। 1997 ਵਿਚ ਇਕ ਹੋਰ ਸੰਧੀ ਕਯੋਟੋ (ਜਾਪਾਨ) ਵਿਚ ਕੀਤੀ ਗਈ ਸੀ ਜਿਸ ਤਹਿਤ ਦੁਨੀਆ ਦੇ 41 ਦੇਸ਼ਾਂ ਅਤੇ ਯੂਰਪੀਅਨ ਯੂਨੀਅਨ ਨੂੰ ਗਰੀਨ ਹਾਊਸ ਗੈਸਾਂ (ਕਾਰਬਨ ਡਾਈਆਕਸਾਈਡ, ਮੀਥੇਨ, ਨਾਈਟਰਸਆਕਸਾਈਡ, ਪਰਫਲੋਰੋ ਕਾਰਬਨ, ਹਾਈਡਰੋ ਕਲੋਰੋ ਫੋਲਰੋ ਕਾਰਬਨ ਅਤੇ ਸਲਫਰ ਹੈਕਸਾ ਫਲੋਰਾਈਡ ਨੂੰ 1990 ਦੇ ਮੁਕਾਬਲੇ, 2008-12 ਤੱਕ 5.2 ਪ੍ਰਤੀਸ਼ਤ ਘਟਾਉਣ ਲਈ ਕਿਹਾ ਗਿਆ। ਇਸ ਸੰਧੀ ਤਹਿਤ ਜੀਐੱਚਜੀ ਗੈਸਾਂ ਤਿੰਨ ਤਰ੍ਹਾਂ ਨਾਲ ਘਟਾਈਆ ਜਾ ਸਕਦੀਆਂ ਹਨ:

1 ਜੰਗਲ ਲਗਾ ਕੇ
2 ਸਾਫ਼ ਵਿਕਾਸ ਭਾਵ ਕੋਲੇ ਦੀ ਜਗ੍ਹਾ ਊਰਜਾ ਦੇ ਹੋਰ ਸਰੋਤ, ਕੁਦਰਤੀ ਗੈਸ, ਸੂਰਜ ਜਾਂ ਪੌਣ ਊਰਜਾ ਵਰਤ ਕੇ ਤੇ
3 ਕਾਰਬਨ ਦੇ ਨਿਕਾਸ ਦਾ ਵਪਾਰ ਭਾਵ ਜਿੰਨੀਆਂ ਇਹ ਗੈਸਾਂ ਕੋਈ ਕਾਰਖਾਨੇਦਾਰ ਜਾਂ ਦੇਸ਼ ਘਟਾਉਂਦਾ ਹੈ ਉਹ ਇਕ-ਦੂਜੇ ਨੂੰ ਵੇਚ-ਖ਼ਰੀਦ ਕੇ ਵੀ ਆਪਣੇ ਟੀਚੇ ਪੂਰੇ ਕਰ ਸਕਦਾ ਹੈ।ਇਹ ਸੰਧੀ ਚੀਨ 'ਤੇ ਲਾਗੂ ਨਹੀਂ ਹੁੰਦੀ ਸੀ ਕਿਉਂਕਿ ਉਹ ਵਿਕਾਸਸ਼ੀਲ ਦੇਸ਼ ਹੈ ਅਤੇ ਅਮਰੀਕਾ ਨੇ ਇਸ ਸੰਧੀ 'ਤੇ ਦਸਤਖ਼ਤ ਨਹੀਂ ਕੀਤੇ ਸਨ। ਭਾਵ ਦੋ ਸਭ ਤੋਂ ਵੱਧ ਜੀਐੱਚਜੀ ਗੈਸਾਂ ਪੈਦਾ ਕਰਨ ਵਾਲੇ ਦੇਸ਼ ਇਸ ਸੰਧੀ ਤੋਂ ਪਾਸੇ ਸਨ।ਸੰਨ 2015 ਵਿੱਚ ਪੈਰਿਸ ਵਿੱਚ ਇਕ ਹੋਰ ਸੰਧੀ 'ਤੇ ਸਹੀ ਪਾਈ ਗਈ ਜਿਸ ਤਹਿਤ ਧਰਤੀ ਦੇ ਵੱਧਦੇ ਤਾਪਮਾਨ ਨੂੰ 1850 ਵਾਲੇ ਤਾਪਮਾਨ ਤੋਂ ਵੀ ਘੱਟ ਤੱਕ ਰੋਕਣ ਦੀ ਕੋਸ਼ਿਸ ਕਰਨੀ ਚਾਹੀਦੀ ਹੈ। ਇਹ ਵੀ ਕਿਹਾ ਗਿਆ ਕਿ ਦਸ ਹਜ਼ਾਰ ਕਰੋੜ ਡਾਲਰ ਦਾ ਇਕ ਫੰਡ 2020 ਤੱਕ ਕਾਇਮ ਕੀਤਾ ਜਾਵੇ ਜਿਸ ਵਿੱਚੋਂ ਗ਼ਰੀਬ ਦੇਸ਼ਾਂ ਦੀ ਵਾਤਾਵਰਨ ਸੁਧਾਰ ਲਈ ਮਦਦ ਕੀਤੀ ਜਾਵੇ ਤਾਂ ਕਿ ਉਹ ਤਕਨੀਕਾਂ ਅਪਣਾਈਆਂ ਜਾਣ ਜਿਨ੍ਹਾਂ ਨਾਲ ਜੀਐੱਚਜੀ ਗੈਸਾਂ ਘੱਟ ਨਿਕਲਣ।

### ਊਰਜਾ ਦੀ ਖ਼ਪਤ

ਕਿਸੇ ਦੇਸ਼ ਦੀ ਤਰੱਕੀ ਉੱਥੋਂ ਦੇ ਵਾਸੀਆਂ ਦੀ ਊਰਜਾ ਦੀ ਖ਼ਪਤ ਨਾਲ ਵੀ ਜੋੜ ਕੇ ਵੇਖੀ ਜਾਂਦੀ ਹੈ। ਜਿੰਨੀ ਦੇਸ਼ ਤਰੱਕੀ ਕਰੇਗਾ ਓਨੀ ਹੀ ਊਰਜਾ ਦੀ ਖ਼ਪਤ ਵਧ ਹੋਵੇਗੀ। ਊਰਜਾ ਦੀ ਖ਼ਪਤ ਵਧੇਗੀ ਤਾਂ ਕਾਰਬਨ ਵੀ ਵੱਧ ਪੈਦਾ ਹੋਵੇਗੀ ਪਰ ਕਈ ਵਾਰ ਇਸ ਤਰ੍ਹਾਂ ਵੀ ਹੁੰਦਾ ਹੈ ਕਿ ਜਿਹੜਾ ਸਾਮਾਨ ਵਿਕਸਤ ਦੇਸ਼ ਵਿੱਚ ਬਣ ਕੇ ਬਾਹਰ ਜਾਂਦਾ ਹੈ, ਉਹ ਕਾਰਬਨ ਨਿਕਾਸੀ ਤਾਂ ਉਸ ਦੇਸ਼ ਦੇ ਖਾਤੇ ਪੈ ਜਾਂਦੀ ਹੈ ਜਿੱਥੇ ਸਮਾਨ ਬਣਦਾ ਹੈ ਪਰ ਵਰਤਦੇ ਉਸ ਨੂੰ ਵਿਕਸਤ ਦੇਸ਼ ਹਨ। ਓਧਰ ਵਿਕਸਤ ਦੇਸ਼ਾਂ ਨੇ ਇਹ ਐਲਾਨ ਕਰ ਦਿੱਤਾ ਹੈ ਕਿ ਜਿਹੜੇ ਦੇਸ਼ ਵੱਧ ਕਾਰਬਨ ਛੱਡਣ ਵਾਲੇ ਪਦਾਰਥ ਬਣਾਉਂਦੇ ਹਨ, ਉਨ੍ਹਾਂ 'ਤੇ ਵੱਧ ਟੈਕਸ ਲਗਾਵਾਂਗੇ। ਯਾਨੀ ਘੱਟ ਵਿਕਸਤ ਦੇਸ਼ਾਂ ਨੂੰ ਦੋਹਰੀ ਮਾਰ ਯਾਨੀ ਉਨ੍ਹਾਂ ਦੀ ਤਰੱਕੀ 'ਚ ਰੁਕਾਵਟ ਕਿ ਊਰਜਾ ਘੱਟ ਵਰਤੋ ਅਤੇ ਜਿਹੜੀ ਚੀਜ਼ ਊਰਜਾ ਵਰਤ ਕੇ ਬਣਾਈ ਉਸ ਦੀ ਵਿਕਰੀ 'ਤੇ ਟੈਕਸ ਲਾਉਣਾ ਜਾਂ ਕਹਿ ਲਓ ਕਿ ਉਸ ਦੇ ਪੂਰੇ ਪੈਸੇ ਨਾ ਦੇਣਾ।

ਜੇ ਊਰਜਾ ਖਣਿਜ ਪਦਾਰਥ (ਕੋਲਾ, ਤੇਲ, ਗੈਸ) ਤੋਂ ਨਹੀਂ ਲੈਣੀ ਫਿਰ ਕਿੱਥੋਂ ਲੈਣੀ ਹੈ। ਹੁਣ ਤੱਕ ਊਰਜਾ ਦਾ ਮੁੱਖ ਸਾਧਨ ਖਣਿਜ ਬਾਲਣ ਹੀ ਰਹੇ ਹਨ ਪਰ ਹੁਣ ਸੋਲਰ ਅਤੇ ਹਵਾ ਊਰਜਾ 'ਤੇ ਜ਼ੋਰ ਦਿੱਤਾ ਜਾਂਦਾ ਹੈ। ਦੇਸ਼ ਇਸ ਪਾਸੇ ਵੱਲ ਜਾਣ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਕਿਉਂਕਿ ਦੇਸ਼ ਦੀ ਆਬਾਦੀ ਵੀ ਵੱਧ ਰਹੀ ਹੈ ਅਤੇ ਤਰੱਕੀ ਵੀ ਹੋ ਰਹੀ ਹੈ, ਇਸ ਕਰਕੇ ਕਾਰਬਨ ਨਿਕਾਸੀ ਘੱਟ ਨਹੀਂ ਰਹੀ। ਛੇ ਵੱਧ ਕਾਰਬਨ ਪੈਦਾ ਕਰਨ ਵਾਲੇ ਦੇਸ਼ਾਂ ਵਿੱਚੋਂ ਉੱਪਰਲੇ ਤਿੰਨ ਦੇਸ਼ (ਚੀਨ, ਅਮਰੀਕਾ ਅਤੇ ਭਾਰਤ) ਦੀ ਕਾਰਬਨ ਡਾਈਆਕਸਾਈਡ ਨਿਕਾਸੀ 2021 ਦੇ ਮੁਕਾਬਲੇ 2022 ਵਿੱਚ ਵਧੀ ਪਰ ਸਭ ਤੋਂ ਵੱਧ 5 ਪ੍ਰਤੀਸ਼ਤ ਭਾਰਤ ਦੀ ਵਧੀ। ਜਦਕਿ ਬਾਕੀ ਦੇ ਤਿੰਨ ਦੇਸ਼ਾਂ ਦੀ ਘਟੀ ਅਤੇ ਰੂਸ ਦੀ-2.4 ਪ੍ਰਤੀਸ਼ਤ ਦੇ ਹਿਸਾਬ ਨਾਲ ਜ਼ਿਆਦਾ ਘਟੀ। ਖ਼ੁਰਾਕ ਜਿਹੜੀ ਸਭ ਤੋਂ ਜ਼ਰੂਰੀ ਚੀਜ਼ ਹੈ ਉਸ ਨੂੰ ਪੈਦਾ ਕਰਨ ਨਾਲ ਕਿੰਨੀ ਕਾਰਬਨ-ਡਾਈਆਕਸਾਈਡ ਬਣਦੀ ਹੈ, ਉਹ ਇਸ ਪ੍ਰਕਾਰ ਹੈ। ਬੀਫ਼ 34 ਕਿੱਲੋ ਕਾਰਬਨ ਡਾਈਆਕਸਾਈਡ ਦੇ ਬਰਾਬਰ ਜੀਐੱਚਜੀ (ਦੁਧਾਰੂ ਪਸ਼ੂਆਂ ਤੋਂ) ਪ੍ਰਤੀ ਕਿੱਲੋ ਬੀਫ਼, ਚਾਕਲੇਟ 46 ਕਿੱਲੋ/ਪ੍ਰਤੀ ਕਿੱਲੋ; ਬੱਕਰੇ ਦਾ ਮੀਟ 40 ਕਿੱਲੋ ਪ੍ਰਤੀ ਕਿੱਲੋ, ਮੁਰਗੇ ਦਾ ਮੀਟ 10 ਕਿੱਲੋ ਪ੍ਰਤੀ ਕਿੱਲੋ, ਚੌਲ 4.45 ਕਿੱਲੋ ਪ੍ਰਤੀ ਕਿੱਲੋ, ਮੱਕੀ 1.70 ਕਿੱਲੋ ਪ੍ਰਤੀ ਕਿੱਲੋ, ਕਣਕ 1.57 ਕਿੱਲੋ ਪ੍ਰਤੀ ਕਿੱਲੋ, ਫਲ 0.4 ਤੋਂ 0.9 ਕਿੱਲੋ ਪ੍ਰਤੀ ਕਿੱਲੋ। ਸੀਓਪੀ 21 ਜਿਹੜੀ ਪੈਰਿਸ ਵਿੱਚ ਹੋਈ ਸੀ ਜਿਸ ਨੂੰ ਪੈਰਿਸ ਐਗਰੀਮੈਂਟ ਵੀ ਕਿਹਾ ਜਾਂਦਾ ਹੈ, ਉਸ ਵਿੱਚ ਇਹ ਫ਼ੈਸਲਾ ਹੋਇਆ ਸੀ ਕਿ ਸਾਰੇ ਦੇਸ਼ ਸਮਾਂਬੱਧ ਤਰੀਕੇ ਨਾਲ ਕਾਰਬਨ ਨਿਕਾਸੀ ਘਟਾਉਣਗੇ ਅਤੇ ਨੈਟ ਜ਼ੀਰੋ 'ਤੇ ਲਿਆਉਣਗੇ। ਨੈੱਟ ਜ਼ੀਰੋ ਦਾ ਮਤਲਬ ਇਹ ਹੈ ਕਿ ਜਿੰਨੀ ਕਾਰਬਨ ਪੈਦਾ ਕਰਨਗੇ, ਓਨੀ ਹੀ ਜਮ੍ਹਾ ਕਰਨਗੇ ਤਾਂ ਕਿ ਹਿਸਾਬ-ਕਿਤਾਬ ਬਰਾਬਰ ਰਹੇ। ਅਮਰੀਕਾ ਨੂੰ ਇਹ ਟਾਰਗੈਟ ਸੰਨ 2050, ਚੀਨ ਨੂੰ ਸਾਲ 2060 ਅਤੇ ਭਾਰਤ ਨੂੰ 2070 ਦਾ ਦਿੱਤਾ ਗਿਆ ਸੀ।

### ਕਾਰਬਨ ਕ੍ਰੈਡਿਟ

ਇਸ ਵਿਚ ਇਹ ਵੀ ਫ਼ੈਸਲਾ ਹੋਇਆ ਸੀ ਕਿ ਜਿਹੜਾ ਦੇਸ਼ ਆਪ ਇਹ ਟੀਚਾ ਪੂਰਾ ਨਹੀਂ ਕਰ ਸਕਦਾ, ਉਹ ਦੂਜੇ ਦੇਸ਼ ਤੋਂ ਖ਼ਰੀਦ ਸਕਦਾ ਹੈ ਜਿਸ ਨੂੰ 'ਕਾਰਬਨ ਕ੍ਰੈਡਿਟ' ਕਿਹਾ ਜਾਂਦਾ ਹੈ। ਕਾਰਬਨ ਕ੍ਰੈਡਿਟ ਜਿਹੜਾ 1 ਟਨ ਕਾਰਬਨ ਡਾਈਆਕਸਾਈਡ ਦੇ ਬਰਾਬਰ ਹੈ, ਉਸ ਦੀ ਕੀਮਤ 20-40 ਡਾਲਰ ਹੈ। ਮਿਸਾਲ ਦੇ ਤੌਰ 'ਤੇ ਕਿਸੇ ਦੇਸ਼ ਨੇ ਅੱਗੋਂ ਕਿਸੇ ਥਰਮਲ ਪਲਾਂਟ ਨੂੰ 1000 ਟਨ ਕਾਰਬਨ ਡਾਈਆਕਸਾਈਡ ਘਟਾਉਣ ਦਾ ਟੀਚਾ ਦੇ ਦਿੱਤਾ, ਉਸ ਨੇ ਸੂਰਜੀ ਊਰਜਾ ਤੋਂ ਕੁਝ ਬਿਜਲੀ ਪੈਦਾ ਕਰ ਕੇ 1100 ਟਨ ਕਾਰਬਨ ਡਾਈਆਕਸਾਈਡ ਘਟਾ ਦਿੱਤੀ, ਉਸ ਦੇ 100 ਕ੍ਰੈਡਿਟ ਜਮ੍ਹਾਂ ਹੋ ਗਏ। ਕਿਸੇ ਹੋਰ ਕਾਰਖਾਨੇ ਤੋਂ ਇਸ ਤਰ੍ਹਾਂ ਕਾਰਬਨ ਨਿਕਾਸੀ ਨਹੀਂ ਘਟੀ, ਉਹ ਥਰਮਲ ਪਲਾਂਟ ਤੋਂ ਖ਼ਰੀਦ ਕੇ ਆਪਣੇ ਖਾਤੇ ਵਿਚ ਦਿਖਾ ਕੇ ਜੁਰਮਾਨੇ ਤੋਂ ਬਚ ਸਕਦਾ ਹੈ।

ਇਹੋ ਚੀਜ਼ ਵੱਡੇ ਪੈਮਾਨੇ 'ਤੇ ਦੋ ਦੇਸ਼ਾਂ ਵਿਚਕਾਰ ਵੀ ਹੋ ਸਕਦੀ ਹੈ। ਭਾਵ ਅਮਰੀਕਾ, ਕੈਨੇਡਾ, ਆਸਟ੍ਰੇਲੀਆ ਵਰਗੇ ਵੱਡੇ ਦੇਸ਼ ਜਿਨ੍ਹਾਂ ਕੋਲ ਘਣੇ ਜੰਗਲ ਵੀ ਹਨ, ਆਬਾਦੀ ਘੱਟ ਹੈ ਅਤੇ ਊਰਜਾ ਦੇ ਸਰੋਤ ਬਦਲਣ ਲਈ ਸਾਧਨ ਵੀ ਹਨ, ਉਹ ਕਾਰਬਨ ਕ੍ਰੈਡਿਟ ਬਣਾਉਣਗੇ ਅਤੇ ਭਾਰਤ ਵਰਗੇ ਦੇਸ਼ਾਂ ਨੂੰ ਵੇਚਣਗੇ। ਸਬੰਧਤ ਦੇਸ਼ ਅੱਗੇ ਲੋਕਾਂ ਤੋਂ ਟੈਕਸ ਰਾਹੀਂ ਉਗਰਾਹੇਗਾ। ਪ੍ਰਦੂਸ਼ਣ ਘਟਾਉਣਾ ਹਰ ਇਕ ਲਈ ਲਾਭਦਾਇਕ ਹੈ ਪਰ ਕਿਵੇਂ ਤੇ ਕਿੰਨਾ ਘਟਾਉਣਾ ਹੈ, ਇਹ ਇਕ ਨੀਤੀਗਤ ਤਰੀਕੇ ਨਾਲ ਹੋਣਾ ਚਾਹੀਦਾ ਹੈ ਤਾਂ ਕਿ ਦੇਸ਼ ਦੀ ਆਰਥਿਕਤਾ ਨੂੰ ਖੋਰਾ ਨਾ ਲੱਗੇ। ਜਿਹੜੀ 6 ਜਾਂ 7 ਫ਼ੀਸਦੀ ਜੀਡੀਪੀ ਦੇ ਵਾਧੇ ਦੇ ਗੱਲ ਹੋ ਰਹੀ ਹੈ, ਇਹ ਸਿਰਫ਼ ਆਰਗੇਨਾਈਜ਼ਡ ਖੇਤਰ ਦੇ ਅੰਕੜੇ ਹਨ ਜੋ 6-7 ਫ਼ੀਸਦੀ ਆਬਾਦੀ ਨੂੰ ਹੀ ਪ੍ਰਭਾਵਿਤ ਕਰਦੀ ਹੈ। ਬਾਕੀ ਦੀ 93-94 ਫ਼ੀਸਦੀ ਆਰਥਿਕਤਾ ਦੇ ਅੰਕੜੇ 2011 ਤੋਂ ਬਾਅਦ ਸਾਹਮਣੇ ਹੀ ਨਹੀਂ ਆਏ।

### ਗਰੀਨ ਹਾਊਸ ਗੈਸਾਂ ਵਾਲੇ ਮੁਲਕ

ਦੁਨੀਆ ਦੇ ਜਿਹੜੇ 6 ਦੇਸ਼ ਸਭ ਤੋਂ ਵੱਧ ਗਰੀਨ ਹਾਊਸ ਗੈਸਾਂ ਪੈਦਾ ਕਰਦੇ ਹਨ, ਉਹ ਹਨ ਕ੍ਰਮਵਾਰ ਚੀਨ, ਅਮਰੀਕਾ, ਭਾਰਤ, ਯੂਰਪੀਅਨ ਯੂਨੀਅਨ (27 ਦੇਸ਼), ਰੂਸ ਅਤੇ ਬ੍ਰਾਜ਼ੀਲ। ਇਨ੍ਹਾਂ ਛੇ ਦੇਸ਼ਾਂ ਵਿਚ ਦੁਨੀਆ ਦੀ 50.1 ਪ੍ਰਤੀਸ਼ਤ ਆਬਾਦੀ ਹੈ। 61.2 ਪ੍ਰਤੀਸ਼ਤ ਹਿੱਸਾ ਇਨ੍ਹਾਂ ਦੇਸ਼ਾਂ ਵਿੱਚ ਹੈ ਅਤੇ ਦੁਨੀਆ ਵਿੱਚ ਕੁੱਲ ਬਾਲੇ ਜਾਣ ਵਾਲੇ ਖਣਿਜ ਬਾਲਣ (ਕੋਲਾ, ਤੇਲ ਅਤੇ ਗੈਸ) ਦਾ 63.4 ਫ਼ੀਸਦੀ ਇਹ ਦੇਸ਼ ਬਾਲਦੇ ਹਨ ਅਤੇ ਦੁਨੀਆ ਵਿੱਚ ਪੈਦਾ ਹੋਣ ਵਾਲੀਆਂ ਗਰੀਨ ਹਾਊਸ ਗੈਸਾਂ (ਕਾਰਬਨ ਡਾਈਆਕਸਾਈਡ, ਮੀਥੇਨ, ਨਾਈਟਰਸ ਆਕਸਾਈਡ ਅਤੇ ਫਲੋਰੋ ਕਾਰਬਨ) ਦਾ 61.6 ਫ਼ੀਸਦੀ ਹਿੱਸਾ ਵੀ ਇਨ੍ਹਾਂ ਦੇਸ਼ਾਂ ਵਿੱਚ ਪੈਦਾ ਹੁੰਦਾ ਹੈ। ਅੱਗੋਂ ਇਨ੍ਹਾਂ ਦੇਸ਼ਾਂ ਵਿੱਚ ਗਰੀਨ ਹਾਊਸ ਗੈਸਾਂ ਦੀ ਵੰਡ ਇਸ ਤਰ੍ਹਾਂ ਹੈ : ਚੀਨ 30.9%, ਅਮਰੀਕਾ 13.5%, ਇੰਡੀਆ 7.3%, ਯੂਰਪੀਅਨ ਯੂਨੀਅਨ 5.0, ਰੂਸ 4.7%, ਬ੍ਰਾਜ਼ੀਲ 1.3% ਪਰ ਜੇ ਇਨ੍ਹਾਂ ਅੰਕੜਿਆਂ ਨੂੰ ਆਬਾਦੀ ਦੇ ਹਿਸਾਬ ਨਾਲ ਵੰਡੀਏ ਤਾਂ ਨਤੀਜੇ ਕੁਝ ਹੋਰ ਹੀ ਨਿਕਲਦੇ ਹਨ। ਭਾਵ ਪ੍ਰਤੀ ਜੀਅ ਸਭ ਤੋਂ ਘੱਟ ਗਰੀਨ ਹਾਊਸ ਗੈਸ ਭਾਰਤ ਪੈਦਾ ਕਰਦਾ ਹੈ ਅਤੇ ਸਭ ਤੋਂ ਵੱਧ ਰੂਸ 17985 ਕਿੱਲੋ ਕਾਰਬਨ ਡਾਈਆਕਸਾਈਡ ਪ੍ਰਤੀ ਜੀਅ ਪ੍ਰਤੀ ਸਾਲ। ਉਸ ਤੋਂ ਬਾਅਦ ਅਮਰੀਕਾ 17901, ਚੀਨ 10954, ਯੂਰਪ 7770 ਕਿੱਲੋ, ਬ੍ਰਾਜ਼ੀਲ 6049 ਕਿੱਲੋ ਅਤੇ ਭਾਰਤ 2794 ਕਿੱਲੋ।

### ਅਮਰੀਕਾ ਦਾ ਪੱਖ

ਅਮਰੀਕਾ ਦੇ ਸਟੈਂਡ ਦੀ ਗੱਲ ਕਰੀਏ ਤਾਂ ਅਮਰੀਕਾ ਦੇ ਤਤਕਾਲੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਵੀ ਅਪ੍ਰੈਲ, 2016 'ਚ ਇਸ ਐਗਰੀਮੈਂਟ 'ਤੇ ਦਸਤਖ਼ਤ ਕਰ ਦਿੱਤੇ ਤੇ 300 ਕਰੋੜ ਡਾਲਰ ਗਰੀਨ ਡਿਵੈਲਪਮੈਂਟ ਫੰਡ ਵਿੱਚ ਪਾਏ ਪਰ 1 ਜੂਨ 2017 ਨੂੰ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਐਲਾਨ ਕਰ ਦਿੱਤਾ ਕਿ ਅਮਰੀਕਾ ਇਸ ਸਮਝੌਤੇ ਵਿੱਚੋਂ ਨਿਕਲ ਰਿਹਾ ਹੈ ਕਿਉਂਕਿ ਇਸ ਦਾ ਅਸਰ ਅਮਰੀਕਾ ਦੀ ਆਰਥਿਕਤਾ 'ਤੇ ਪਵੇਗਾ ਤੇ ਅਮਰੀਕਾ ਦਾ ਨੁਕਸਾਨ ਪੱਕੇ ਤੌਰ 'ਤੇ ਹੋਵੇਗਾ ਪਰ ਕਿਉਂਕਿ ਐਗਰੀਮੈਂਟ ਦੀਆਂ ਸ਼ਰਤਾਂ ਅਨੁਸਾਰ ਕੋਈ ਦੇਸ਼ ਤਿੰਨ ਸਾਲ ਤੋਂ ਪਹਿਲਾਂ ਸਮਝੌਤੇ ਤੋਂ ਬਾਹਰ ਨਹੀਂ ਜਾ ਸਕਦਾ ਸੀ, ਇਸ ਕਰਕੇ ਅਮਰੀਕਾ ਅਮਲੀ ਤੌਰ 'ਤੇ 4 ਨਵੰਬਰ 2020 ਤੋਂ ਇਸ ਤੋਂ ਬਾਹਰ ਹੋਇਆ ਪਰ 20 ਜਨਵਰੀ 2021 ਨੂੰ ਅਮਰੀਕਾ ਦੇ ਨਵੇਂ ਰਾਸ਼ਟਰਪਤੀ ਜੋਅ ਬਾਇਡਨ ਨੇ ਦੁਬਾਰਾ ਨਾਲ ਰਲਣ ਦਾ ਫ਼ੈਸਲਾ ਲਿਆ ਜੋ 10 ਫਰਵਰੀ 2021 ਨੂੰ ਲਾਗੂ ਹੋ ਗਿਆ। ਭਾਰਤ ਨੇ ਇਸ ਐਗਰੀਮੈਂਟ ਮੁਤਾਬਕ ਤਿੰਨ ਗੱਲਾਂ ਮੰਨੀਆਂ ਹਨ।

(1) ਸਾਲ 2023 ਤੱਕ 2005 ਦੇ ਮੁਕਾਬਲੇ ਜੀਐੱਚਜੀ ਗੈਸਾਂ ਦਾ ਨਿਕਾਸ 33-35 ਫ਼ੀਸਦੀ ਘਟਾਉਣਾ
(2) 40 ਫ਼ੀਸਦੀ ਤੱਕ ਬਿਜਲੀ ਉਤਪਾਦਨ ਗ਼ੈਰ ਖਣਿਜ ਬਾਲਣ ਤੋਂ ਕਰਨਾ
(3) 2.5 ਤੋਂ 3 ਗਿਗਟਨ ਦੇ ਬਰਾਬਰ ਕਾਰਬਨ ਡਾਈਆਕਸਾਈਡ ਜਜ਼ਬ ਕਰਨ ਲਈ ਜੰਗਲ ਲਾਉਣਾ।

# ਮਨੁੱਖ ਨੂੰ ਸ੍ਰਿਸ਼ਟੀ ਦਾ ਮਕਸਦ ਸਮਝਣ ਦੀ ਲੋੜ

ਲਿਖਤ : ਡਾ. ਸੱਤਿਆ ਪ੍ਰਕਾਸ਼ ਮਿਸ਼ਰ

ਇਸ ਬ੍ਰਹਿਮੰਡ ਵਿਚ ਅਣਗਿਣਤ ਸੌਰ ਮੰਡਲ ਹਨ ਜਿਨ੍ਹਾਂ ਦਾ ਭੇਤ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਨਹੀਂ ਖੁੱਲ੍ਹ ਸਕਿਆ ਹੈ। ਇਹ ਵੀ ਪਤਾ ਨਹੀਂ ਲੱਗ ਸਕਿਆ ਹੈ ਕਿ ਧਰਤੀ ਤੋਂ ਇਲਾਵਾ ਜੀਵਨ ਕਿੱਥੇ-ਕਿੱਥੇ ਹੈ? ਅਜਿਹੇ ਵਿਚ ਵੱਖ-ਵੱਖ ਜੀਵਾਂ ਦਾ ਪੋਸ਼ਣ ਕਰਨ ਵਾਲੀ ਇਹ ਧਰਤੀ ਕਿੰਨੀ ਵਿਲੱਖਣ ਹੈ, ਇਸ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ।

ਇੰਨਾ ਤਾਂ ਪੱਕਾ ਹੈ ਕਿ ਇਸ ਸ੍ਰਿਸ਼ਟੀ ਦਾ ਮਕਸਦ ਸਭ ਜੀਵ-ਜੰਤੂਆਂ ਦਾ ਭਲਾ ਕਰਨਾ ਹੈ। ਇਸ ਮਕਸਦ ਦੀ ਪੂਰਤੀ ਵਿਚ ਇਹ ਧਰਤੀ ਮਾਂ ਆਪਣੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਉਂਦੀ ਹੈ। ਪਰ ਵਿਧਾਤਾ ਨੇ ਇਸ ਦਾ ਮੁੱਖ ਜ਼ਿੰਮਾ ਮਨੁੱਖ ਨੂੰ ਦਿੱਤਾ ਹੈ ਜਿਸ ਦੇ ਲਈ ਉਸ ਨੂੰ ਆਮ ਜੀਵਾਂ ਨਾਲੋਂ ਸ੍ਰੇਸ਼ਠ ਅਤੇ ਖ਼ਾਸ ਬਣਾਇਆ ਹੈ।

ਮਾਨਸ ਵਿਚ ਭਗਵਾਨ ਸ੍ਰੀਰਾਮ ਸਿੰਘਾਸਣ 'ਤੇ ਬੈਠੇ ਹੋਏ ਸਾਰਿਆਂ ਨੂੰ ਇਸ ਸੱਚ ਤੋਂ ਜਾਣੂ ਕਰਵਾਉਂਦੇ ਹੋਏ ਕਹਿੰਦੇ ਹਨ-ਇਹ ਅਨਮੋਲ ਮਨੁੱਖੀ ਸਰੀਰ ਸਾਰੇ ਸਾਧਨਾਂ ਦਾ ਧਾਮ ਅਤੇ ਮੁਕਤੀ ਦਾ ਦੁਆਰ ਹੈ। ਇਸ ਨੂੰ ਪਾ ਕੇ ਵੀ ਜਿਸ ਨੇ ਆਪਣਾ ਜੀਵਨ ਸਫਲ ਨਹੀਂ ਕੀਤਾ ਤਾਂ ਉਸ ਦਾ ਸੰਸਾਰ 'ਤੇ ਆਉਣਾ-ਨਾ ਆਉਣਾ ਇਕ ਸਮਾਨ ਹੈ। ਜੀਵ-ਜੰਤੂਆਂ ਦੀ ਭਲਾਈ ਵਿਚ ਸਾਧਕ ਬਣ ਕੇ ਮਨੁੱਖ ਆਪਣੇ ਜੀਵਨ ਨੂੰ ਸਫਲ ਕਰ ਸਕਦਾ ਹੈ।ਇਹ ਉਦੋਂ ਹੀ ਸੰਭਵ ਹੈ ਜਦ ਉਸ ਦੇ ਹਿਰਦੇ ਵਿਚ ਹਰੇਕ ਜੀਵ ਪ੍ਰਤੀ ਦਇਆ ਦਾ ਭਾਵ ਜਾਗ੍ਰਿਤ ਹੋਵੇ। ਇਸ ਵਾਸਤੇ ਗੀਤਾ ਵਿਚ ਭਗਵਾਨ ਸ੍ਰੀਕ੍ਰਿਸ਼ਨ ਕਹਿੰਦੇ ਹਨ-ਜੋ ਸਾਰੇ ਪ੍ਰਾਣੀਆਂ ਵਿਚ ਮੈਨੂੰ ਅਤੇ ਮੇਰੇ ਵਿਚ ਸਭ ਪ੍ਰਾਣੀਆਂ ਨੂੰ ਦੇਖਦਾ ਹੈ, ਉਹੀ ਅਸਲ ਵਿਚ ਮਨੁੱਖ ਕਹਾਉਣ ਦਾ ਹੱਕਦਾਰ ਹੈ। ਫਿਰ ਉਹ ਸਾਰੇ ਪ੍ਰਾਣੀਆਂ ਵਿਚ ਖ਼ੁਦ ਨੂੰ ਅਤੇ ਖ਼ੁਦ ਵਿਚ ਸਾਰੇ ਪ੍ਰਾਣੀਆਂ ਨੂੰ ਦੇਖਣ ਲੱਗਦਾ ਹੈ। ਅਜਿਹੇ ਮਨੁੱਖ ਦੇ ਮਨ 'ਚੋਂ ਨਫ਼ਰਤ-ਸਾੜੇ ਦੀਆਂ ਮੰਦਭਾਵਨਾਵਾਂ ਸਮਾਪਤ ਹੋ ਜਾਂਦੀਆਂ ਹਨ।

ਫਿਰ ਉਹ ਮਨੁੱਖਤਾ ਦਾ ਪੁਜਾਰੀ ਬਣ ਕੇ ਨਾ ਸਿਰਫ਼ ਸ੍ਰਿਸ਼ਟੀ ਦੇ ਮਕਸਦ ਪੂਰੇ ਕਰਨ ਵਿਚ ਸਾਧਕ ਬਣਦਾ ਹੈ ਸਗੋਂ ਅਨਮੋਲ ਮਨੁੱਖੀ ਸਰੀਰ ਨੂੰ ਵੀ ਸਾਰਥਕ ਕਰ ਲੈਂਦਾ ਹੈ। ਇਸੇ ਦ੍ਰਿਸ਼ਟੀਕੋਣ ਦਾ ਅਹਿਸਾਸ ਕਰ ਕੇ ਸਵਾਮੀ ਵਿਵੇਕਾਨੰਦ ਨੇ ਕਿਹਾ ਸੀ-'ਜਿਸ ਪਲ ਮੈਨੂੰ ਪਤਾ ਲੱਗਾ ਕਿ ਹਰੇਕ ਮਨੁੱਖ ਵਿਚ ਈਸ਼ਵਰ ਦਾ ਵਾਸ ਹੈ ਉਦੋਂ ਤੋਂ ਹੀ ਸਭ ਪ੍ਰਾਣੀ ਮੈਨੂੰ ਤੁਰਦੇ-ਫਿਰਦੇ ਰੱਬ ਪ੍ਰਤੀਤ ਹੋਣ ਲੱਗੇ। ਮੈਂ ਉਨ੍ਹਾਂ ਦੀ ਪੂਜਾ ਕਰਨ ਵਾਲਾ ਬਣ ਗਿਆ।' ਚੇਤੇ ਰੱਖੋ, ਇਸ ਸ੍ਰਿਸ਼ਟੀ 'ਤੇ ਜਿੰਨਾ ਹੱਕ ਮਨੁੱਖ ਦਾ ਹੈ, ਓਨਾ ਹੀ ਹੋਰ ਸਾਰੇ ਜੀਵ-ਜੰਤੂਆਂ ਦਾ ਵੀ ਹੈ। ਸੋ, 'ਆਤਮਵਤ ਸਰਵਭੂਤੇਸ਼ੁ' ਅਰਥਾਤ 'ਜਿਹੋ ਜਿਹਾ ਮੈਂ ਹਾਂ, ਉਹੋ ਜਿਹੇ ਹੀ ਸਾਰੇ ਮਨੁੱਖ ਹਨ' ਵਾਲੀ ਭਾਵਨਾ ਨਾਲ ਹੀ ਵਿਧਾਤਾ ਦਾ ਸ੍ਰਿਸ਼ਟੀ ਸਿਰਜਣ ਦਾ ਮਕਸਦ ਪੂਰਾ ਹੋ ਸਕਦਾ ਹੈ।

# ਸਕੂਲੀ ਸਿੱਖਿਆ ਦੀ ਤੰਦ-ਤਾਣੀ

ਸੁੱਚਾ ਸਿੰਘ ਖੱਟੜਾ, ਸੰਪਰਕ: 94176-52947

ਸਕੂਲੀ ਸਿੱਖਿਆ ਦੀ ਤਾਣੀ ਉਲਝਦੀ ਆ ਰਹੀ ਹੈ। ਉਹ ਸਮਾਂ ਗਿਆ ਜਦੋਂ ਧੜਾਧੜ ਨਵੀਆਂ ਅਸਾਮੀਆਂ ਸਿਰਜੀਆਂ ਜਾ ਰਹੀਆਂ ਸਨ। ਸਰਕਾਰ ਨਵੇਂ ਸਕੂਲ ਖੋਲ੍ਹ-ਖੋਲ੍ਹ ਕੇ ਇਲਾਕਿਆਂ ਤੋਂ ਵਾਹ-ਵਾਹ ਖੱਟਦੀ ਸੀ। ਆਮ ਪੇਂਡੂ ਲੋਕਾਂ ਦੇ ਬੱਚਿਆਂ ਨੂੰ ਇਹਨਾਂ ਸਰਕਾਰੀ ਸਕੂਲਾਂ ਵਿੱਚ ਅਧਿਆਪਨ ਦਾ ਕਾਰਜ ਮਿਲਦਾ ਸੀ। ਇਹ ਅਧਿਆਪਕ ਤੇ ਅਧਿਕਾਰੀ ਅਤੇ ਸਰਕਾਰ ਵਿਦਿਆ ਨੂੰ ਪਰਉਪਕਾਰੀ ਸਮਝਦੇ ਤੇ ਮੰਨਦੇ ਸਨ। ਸਕੂਲਾਂ ਦੇ ਸਾਲਾਨਾ ਨਿਰੀਖਣ ਹੁੰਦੇ ਸਨ। ਸਿੱਖਿਆ ਅਧਿਕਾਰੀ ਦਫਤਰਾਂ ਵਿੱਚ ਘੱਟ, ਫੀਲਡ ਵਿੱਚ ਵੱਧ ਸਮਾਂ ਬਿਤਾਉਂਦੇ ਸਨ। ਕਾਰਗੁਜ਼ਾਰੀ ਦਾ ਮੁਲੰਕਣ ਜਮਾਤਾਂ ਵਿੱਚ ਹੁੰਦਾ ਸੀ ਅਤੇ ਕੋਈ ਹੋਰ ਕਰਦਾ ਸੀ। ਅੱਜ ਆਪਣਾ ਮੁਲੰਕਣ ਆਪ ਹੀ ਕਰਨਾ ਹੈ। ਕਾਰਗੁਜ਼ਾਰੀ ਵਿਦਿਆਰਥੀਆਂ ਵਿੱਚ ਦੇਖੀ ਜਾਂਦੀ ਸੀ, ਅੱਜ ਵਾਂਗ ਅਧਿਆਪਕ ਵਲੋਂ ਆਪ ਹੀ ਸਜਾਏ ਅੰਕੜਿਆਂ ਵਿੱਚ ਨਹੀਂ ਸੀ ਦੇਖੀ ਜਾਂਦੀ। ਕਾਰਗੁਜ਼ਾਰੀ ਦੇ ਸੁਧਾਰ ਲਈ ਵਿਦਿਆਰਥੀਆਂ ਵਿੱਚ ਜਾਣਾ ਹੁੰਦਾ ਸੀ। ਹੁਣ ਵਾਂਗ ਕਾਰਗੁਜ਼ਾਰੀ ਵਿੱਚ ਸੁਧਾਰ, ਟੇਬਲ ਉੱਤੇ ਅੰਕੜਿਆਂ ਵਿੱਚ ਸੁਧਾਰ ਕਰ ਕੇ ਨਹੀਂ ਸੀ ਹੁੰਦਾ। ਅਧਿਆਪਕ ਆਪਣੇ ਕੰਮ ਲਈ ਆਜ਼ਾਦ ਸੀ। ਘੋੜੇ ਪੂਰੀ ਸਮਰੱਥਾ ਨਾਲ ਉਦੋਂ ਹੀ ਦੌੜਦੇ ਹਨ ਜਦੋਂ ਉਹਨਾਂ ਦੀਆਂ ਵਾਗਾਂ ਖੁੱਲ੍ਹੀਆਂ ਹੋਣ। ਕੱਸੀਆਂ ਵਾਗਾਂ ਵਾਲੇ ਤੇਜ਼ ਤਰਾਰ ਘੋੜੇ ਵੀ ਥਾਏਂ ਪੌੜ ਮਾਰਦੇ ਰਹਿੰਦੇ ਹਨ। ਦੌੜ ਦਾ ਸਮਾਂ (ਵਿਦਿਅਕ ਸੈਸ਼ਨ) ਸਮਾਪਤ ਹੋ ਜਾਂਦਾ ਹੈ। ਇਹ ਸੀ ਸਕੂਲੀ ਸਿੱਖਿਆ ਦਾ ਉਹ ਸਮਾਂ, ਇਹ ਹੈ ਸਕੂਲੀ ਸਿੱਖਿਆ ਦਾ ਅੱਜ ਦਾ ਸਮਾਂ।

ਇਹ ਸੀ ਉਹ ਸਮਾਂ ਜਦੋਂ ਸਰਕਾਰੀ ਸਿੱਖਿਆ ਨੇ ਯੋਗ, ਇਮਾਨਦਾਰ ਅਫਸਰਸ਼ਾਹੀ ਦਿੱਤੀ, ਬਹਾਦਰ ਜਰਨੈਲ ਅਤੇ ਜਾਂਬਾਜ਼ ਦਿੱਤੇ। ਦੂਰਅੰਦੇਸ਼ ਸਿਆਸਤਦਾਨ ਦਿੱਤੇ। ਇਹ ਹੈ ਉਹ ਸਮਾਂ ਜਦੋਂ ਸਿੱਖਿਆ ਤੰਤਰ ਦੋ ਭਾਗਾਂ ਵਿੱਚ ਟੁੱਟ ਕੇ ਵੀ ਬਿਖਰ ਚੁੱਕਾ ਹੈ। ਇਕ ਸਰਕਾਰੀ ਅਤੇ ਦੂਜਾ ਪ੍ਰਾਈਵੇਟ, ਪ੍ਰਾਈਵੇਟ ਵੀ ਭਾਂਤ-ਭਾਂਤ ਦਾ। ਸਰਕਾਰ, ਅਫਸਰਸ਼ਾਹੀ ਸਰਕਾਰੀ ਸਕੂਲਾਂ ਵਿੱਚ ਦਾਖਲਾ ਵਧਾਉਣ ਦੇ ਪੱਤਰ ਕੱਢਦੇ ਹਨ ਪਰ ਆਪਣੀ ਔਲਾਦ ਉਹਨਾਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਭੇਜਣੀ ਪੈਂਦੀ ਹੈ। ਇੱਧਰ ਜਿਹਨਾਂ ਅਧਿਆਪਕਾਂ ਨੇ ਸਰਕਾਰੀ ਸਕੂਲਾਂ ਵਿੱਚ ਦਾਖਲਾ ਵਧਾਉਣਾ ਹੈ, ਉਹਨਾਂ ਨੂੰ ਵੀ ਆਪਣੇ ਬੱਚੇ ਪ੍ਰਾਈਵੇਟ ਸਕੂਲਾਂ ਵਿੱਚ ਭੇਜਣੇ ਪੈਂਦੇ ਹਨ ਕਿਉਂਕਿ ਉਹ ਜਾਣਦੇ ਹਨ ਕਿ ਸਰਕਾਰੀ ਸਕੂਲਾਂ ਵਿੱਚ ਜਿਹੜੀ ਅਸਾਮੀ ਜਾਂ ਅਸਾਮੀਆਂ ਖਾਲੀ ਹਨ, ਉਹਨਾਂ ਨੂੰ ਭਰਨ ਦੇ ਕੋਈ ਸੰਕੇਤ ਤੇ ਸੰਭਾਵਨਾਵਾਂ ਨਹੀਂ ਹਨ। ਜਿਹੜੇ ਅਧਿਆਪਕ ਸਕੂਲ ਵਿੱਚ ਹਨ, ਉਹਨਾਂ ਨੂੰ ਪਾਠਕ੍ਰਮ ਮਰਜ਼ੀ ਅਤੇ ਸੁਤੰਤਰਤਾ ਨਾਲ ਪੜ੍ਹਾਉਣ ਨਹੀਂ ਦਿੱਤਾ ਜਾਂਦਾ। ਦਫਤਰਾਂ ਵਿੱਚ ਕਲਰਕ ਨਹੀਂ, ਮੁਖੀ ਨਹੀਂ; ਜਿੰਨੇ ਕੁ ਅਧਿਆਪਕ ਹਨ, ਉਹ ਵੀ ਦਫਤਰੀ ਕੰਮਾਂ ਵਿੱਚ ਉਲਝੇ ਰਹਿੰਦੇ ਹਨ। ਅਜਿਹੇ ਸਕੂਲਾਂ ਵਿੱਚ ਕੌਣ ਆਪਣਾ ਬੱਚਾ ਪੜ੍ਹਾਏਗਾ? ਦੂਜੇ ਪਾਸੇ ਪ੍ਰਾਈਵੇਟ ਸਕੂਲ ਵਿੱਚ ਪੜ੍ਹਾਉਣ ਵਾਲੇ ਅਧਿਆਪਕ ਪੂਰੇ ਹਨ। ਮੁਖੀ ਹੈ, ਕਲਰਕ ਹਨ। ਉਪਰੋਂ ਕੋਈ ਡਾਕ ਨਹੀਂ। ਸੂਬੇ ਦੇ ਅੱਧੇ ਬੱਚਿਆਂ ਦੀ ਪੜ੍ਹਾਈ ਇੱਥੇ ਹੁੰਦੀ ਹੈ। ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਕਿਵੇਂ ਹੋਵੇ? ਕੀ ਸਰਕਾਰ ਸਿਰ ਜੋੜ ਕੇ ਸੋਚੇਗੀ?



ਉਪਰੋਕਤ ਦਾ ਨਤੀਜਾ ਹੈ ਕਿ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਨੂੰ ਸੋਕਾ ਪੈ ਗਿਆ ਹੈ। ਇਸ ਦਾ ਸਰਕਾਰ ਵਲੋਂ ਹੱਲ ਹੈ, ਇਹਨਾਂ ਨੂੰ ਬੰਦ ਕਰ ਕੇ ਅਧਿਆਪਕਾਂ ਦੀਆਂ ਸੇਵਾਵਾਂ ਹੋਰ ਸਕੂਲੀਂ ਭੇਜ ਕੇ ਉੱਥੇ ਲੈਣੀਆਂ। ਅਧਿਆਪਕ ਜਥੇਬੰਦੀਆਂ ਦਾ ਤਰਕ ਹੈ ਕਿ ਸਰਕਾਰ ਨੇ ਅਧਿਆਪਕ ਨਹੀਂ ਦਿੱਤੇ, ਇਸ ਕਰ ਕੇ ਬੱਚੇ ਘਟ ਗਏ। ਤਰਕ ਗ਼ਲਤ ਨਹੀਂ ਪਰ ਜਿਥੇ ਅਧਿਆਪਕ ਪੂਰੇ ਹਨ, ਬੱਚੇ ਤਾਂ ਉੱਥੇ ਵੀ ਪੂਰੇ ਨਹੀਂ। ਸਚਾਈ ਇਹ ਹੈ ਕਿ ਸਰਕਾਰੀ ਸਕੂਲਾਂ ਦੀ ਹਵਾ ਖਰਾਬ ਹੋ ਚੁੱਕੀ ਹੈ। ਅਧਿਆਪਕਾਂ ਦੀ ਗਿਣਤੀ ਪੂਰੀ ਕਰ ਕੇ ਵੀ ਹੋਰ ਬੱਚੇ ਆਉਣੇ ਨਹੀਂ। ਹੱਲ ਇਹੀ ਹੈ ਕਿ ਜਿਥੇ ਬੱਚੇ ਪੂਰੇ ਹਨ, ਉਥੇ ਅਧਿਆਪਕ ਤੁਰੰਤ ਪੂਰੇ ਕਰਨੇ ਚਾਹੀਦੇ ਹਨ। ਜਿਥੇ ਬੱਚਿਆਂ ਨੂੰ ਪੂਰਾ ਕਰਨ ਦੀ ਉਮੀਦ ਨਹੀਂ, ਉਥੇ ਜਿਹੜੇ ਪੜ੍ਹਦੇ ਹਨ, ਉਹਨਾਂ ਨੂੰ ਉਥੇ ਰੱਖ ਕੇ ਪਾਪ ਨਾ ਕਰੋ। ਇਹ ਹਾਲਤ ਅੱਜ ਨਹੀਂ ਬਣੀ, ਦਹਾਕਿਆਂ ਦੇ ਅਮਲ ਦਾ ਸਿੱਟਾ ਹੈ। ਸਿੱਖਿਆ ਦੀ ਬਦਹਾਲੀ ਲਈ ਸਰਕਾਰਾਂ ਅਤੇ ਅਧਿਆਪਕ ਜ਼ਿੰਮੇਵਾਰ ਰਹੇ ਹਨ। ਆਉਣ ਵਾਲੇ ਦਿਨ ਵੀ ਕਿਸੇ ਸ਼ੁੱਭ ਸ਼ਗਨ ਦਾ ਸੰਕੇਤ ਨਹੀਂ ਦੇ ਰਹੇ ਕਿਉਂਕਿ ਇਹਨਾਂ ਸਰਕਾਰੀ ਸਕੂਲਾਂ ਵਿਚੋਂ ਵੀ ਪਿਆਰੇ ਅਤੇ ਦੁਪਿਆਰੇ ਸਕੂਲ ਨਿਖੇੜੇ ਜਾ ਰਹੇ ਹਨ। ਇਕ ਪਾਸੇ ਦੇਸ਼ ਦਾ ਪ੍ਰਧਾਨ ਮੰਤਰੀ ਆਪਣਾ ਨਾਂ ਅਮਰ ਕਰਨ ਲਈ 'ਪ੍ਰਧਾਨ ਮੰਤਰੀ ਸ੍ਰੀ ਸਕੂਲ' ਅਤੇ ਦੂਜੇ ਪਾਸੇ ਪੰਜਾਬ ਸਰਕਾਰ ਇਹਨਾਂ ਹੀ ਸਰਕਾਰੀ ਸਕੂਲਾਂ ਵਿਚੋਂ ਕੁਝ ਨੂੰ 'ਐਮੀਨੈਂਸ ਸਕੂਲ' ਦੇ ਨਾਂ ਉੱਤੇ ਆਪੋ-ਆਪਣੇ ਪਿਆਰੇ ਸਕੂਲਾਂ ਵਿੱਚ ਸ਼ਾਮਿਲ ਕਰ ਰਹੇ ਹਨ। ਇਹਨਾਂ ਸਕੂਲਾਂ ਵਿੱਚ ਦੂਜਿਆਂ ਨੂੰ ਪਿੱਛੇ ਕਰ ਕੇ ਅਧਿਆਪਕ ਅਤੇ ਦਫਤਰੀ ਅਮਲਾ ਪੂਰਾ ਕੀਤਾ ਜਾ ਰਿਹਾ ਹੈ। ਦੂਜੇ ਸਕੂਲਾਂ ਵਿੱਚ ਅਧਿਆਪਕਾਂ ਅਤੇ ਕਲਰਕਾਂ ਦੀਆਂ ਅਸਾਮੀਆਂ ਖਾਲੀ ਰਹਿ ਜਾਣ ਦੀ ਕੋਈ ਚਿੰਤਾ ਨਹੀਂ।

ਲੋਕ ਤਾਂ ਅਣਜਾਣ ਸਨ, ਅਧਿਆਪਕ ਵੀ ਅਣਜਾਣ ਬਣੇ ਰਹੇ। ਜਥੇਬੰਦੀਆਂ 2019-20 ਵਿੱਚ ਹੋਰ ਪਤਾ ਨਹੀਂ ਕਿਹੜੇ ਜ਼ਰੂਰੀ ਕੰਮਾਂ ਵਿੱਚ ਲੱਗੀਆਂ ਰਹੀਆਂ ਕਿ ਕੇਂਦਰ ਨੇ 2019 ਵਿੱਚ ਸਿੱਖਿਆ ਨਾਲ ਸਬੰਧਿਤ ਲੋਕਾਂ ਤੋਂ ਸੁਝਾਅ ਲੈਣ ਲਈ ਪਹਿਲਾਂ ਨਵੀਂ ਸਿੱਖਿਆ ਨੀਤੀ ਦਾ ਖਰੜਾ ਭੇਜਿਆ, ਫਿਰ 2020 ਵਿੱਚ ਨਵੀਂ ਸਿੱਖਿਆ ਨੀਤੀ ਤਿਆਰ ਕਰ ਕੇ ਐਕਟ ਵੀ ਬਣਾ ਦਿੱਤਾ। ਹੁਣ ਇਹ ਪੜਾਵਾਰ ਲਾਗੂ ਹੈ। ਮਿਡਲ ਸਕੂਲਾਂ ਵਿੱਚ ਪੀਟੀਆਈ ਤੇ ਡਰਾਇੰਗ ਅਸਾਮੀਆਂ ਨਾ ਦੇਣਾ, ਹਿੰਦੀ ਪੰਜਾਬੀ ਦੋ ਵਿਸ਼ਿਆਂ ਲਈ ਇਕ ਹੀ ਅਧਿਆਪਕ ਦੇਣਾ, 'ਪ੍ਰਧਾਨ ਮੰਤਰੀ ਸ੍ਰੀ ਸਕੂਲ' ਬਣਾਉਣਾ, ਨਾਰਮ ਤੋਂ ਘੱਟ ਵਿਦਿਆਰਥੀਆਂ ਵਾਲੇ ਸਕੂਲਾਂ ਨੂੰ ਬੰਦ ਕਰਨਾ, ਨਵੀਂ ਸਿੱਖਿਆ ਨੀਤੀ ਦਾ ਆਗਾਜ਼ ਹੈ। ਬੜੀ ਜਲਦੀ ਸਕੂਲਾਂ ਦੀ ਕੰਪਲੈਕਸ ਪ੍ਰਣਾਲੀ ਲਾਗੂ ਹੋਈ ਸਮਝੋ; ਕੰਪਲੈਕਸ ਸਕੂਲ ਮੁਖੀ ਕਿਸੇ ਵੀ ਅਧਿਆਪਕ ਨੂੰ ਕੰਪਲੈਕਸ ਅੰਦਰ ਪੈਂਦੇ ਕਿਸੇ ਵੀ ਲੋੜਵੰਦ ਸਕੂਲ ਵਿੱਚ ਭੇਜ ਸਕੇਗਾ। ਭਾਜਪਾ ਨੇ ਸਿੱਖਿਆ ਨੀਤੀ ਲਾਗੂ ਕਰਵਾਉਣ ਲਈ ਇੰਤਜ਼ਾਮ ਪਹਿਲਾਂ ਹੀ ਕੀਤਾ ਹੋਇਆ ਹੈ। ਸੂਬਿਆਂ ਨੂੰ ਵਿਤ ਪੱਖੋਂ ਇੰਨਾ ਕਮਜ਼ੋਰ ਕਰ ਦਿੱਤਾ ਹੈ ਕਿ ਬਾਂਹ ਮਰੋੜਨ ਲਈ ਫੰਡ ਰੋਕ ਲਏ ਜਾਂਦੇ ਹਨ। ਸੂਬੇ ਖਾਲੀ ਠੂਠਾ ਲੈ ਕੇ ਕੇਂਦਰ ਦੇ ਬੂਹੇ ਬੈਠੇ ਰਹਿੰਦੇ ਹਨ। ਕਿਹੜਾ ਸੂਬਾ ਨਹੀਂ ਚਾਹੁੰਦਾ, ਖਾਲੀ ਅਸਾਮੀਆਂ ਉੱਤੇ ਮੁਲਾਜ਼ਮ ਭਰਤੀ ਕਰ ਕੇ ਲੋਕਾਂ ਦੀ ਵਾਹ-ਵਾਹ ਖੱਟਣੀ। ਜੇਕਰ ਹਰ ਸੂਬਾ ਚਾਹੁੰਦਾ ਹੈ, ਹਰ ਵਿਭਾਗ ਦਾ ਮੰਤਰੀ ਚਾਹੁੰਦਾ ਹੈ, ਫਿਰ ਭਰਤੀਆਂ ਕਿਉਂ ਨਹੀਂ? ਕਿਉਂਕਿ ਫੰਡ ਨਹੀਂ। ਲਗਦਾ ਹੈ, ਲੋੜੀਂਦੀ ਮਨੁੱਖੀ ਸ਼ਕਤੀ ਭਰਤੀ ਕਰਨ ਲਈ ਨਵੇਂ ਢਾਂਚਿਆਂ/ਮਾਡਲਾਂ ਦੀ ਵਿਉਂਤਵੰਦੀ ਵੀ ਸੋਚੀ ਜਾ ਰਹੀ ਹੈ ਤਾਂ ਕਿ ਨਵੀਂ ਭਰਤੀ ਕੀਤੀ ਮਨੁੱਖੀ ਸ਼ਕਤੀ ਦੀ ਸੇਵਾ ਦੌਰਾਨ ਅਤੇ ਸੇਵਾ ਮੁਕਤੀ ਤੋਂ ਬਾਅਦ ਸਰਕਾਰ ਉੱਤੇ ਆਰਥਿਕ ਬੋਝ ਨਾ ਪਵੇ।

ਜਥੇਬੰਦੀਆਂ ਦੇ ਸਾਹਮਣੇ ਹੈ ਕਿ ਜਿਹੜੇ ਮੁੱਦੇ ਚੋਣ ਮੁੱਦੇ ਬਣਦੇ ਹਨ, ਉਹਨਾਂ ਉੱਤੇ ਹੀ ਕੁਝ ਲੋਕ ਪੱਖੀ ਹੋਣ ਦੀ ਸੰਭਾਵਨਾ ਬਣਦੀ ਹੈ। ਪੁਰਾਣੀ ਪੈਨਸ਼ਨ ਸਕੀਮ ਦਾ ਮੁੱਦਾ ਉਦਾਹਰਨ ਹੈ। ਕਿੰਨੇ ਹੀ ਦੇਸ਼ ਹਨ ਜਿਥੇ ਸਿੱਖਿਆ ਅਤੇ ਸਿਹਤ ਸਰਕਾਰੀ ਹਨ। ਉਨ੍ਹਾਂ ਦੇਸ਼ਾਂ ਵਿੱਚ ਤਾਂ ਹਰ ਇੱਕ ਨੂੰ ਬੁਢਾਪੇ ਵਿੱਚ ਮੁਕੰਮਲ ਸਮਾਜਿਕ ਸੁਰੱਖਿਆ (ਪੈਨਸ਼ਨ) ਵੀ ਦਿੱਤੀ ਜਾਂਦੀ ਹੈ। ਉਹਨਾਂ ਦੇਸ਼ਾਂ ਦੇ ਮੁਕਾਬਲੇ ਅਸੀਂ ਕਿੱਥੇ ਖੜ੍ਹੇ ਹਾਂ। ਅਸੀਂ ਮਿਆਰੀ ਅਤੇ ਬਰਾਬਰ ਸਿੱਖਿਆ ਨੂੰ ਵੀ ਚੁਣਾਵੀ ਮੁੱਦਾ ਨਹੀਂ ਬਣਾ ਸਕੇ। ਸਿਹਤ ਅਤੇ ਸਿੱਖਿਆ ਦੋ ਮੁੱਦੇ ਹਨ ਜਿਹਨਾਂ ਨੂੰ ਲੋਕ-ਸਮਰਥਨ ਨਾਲ ਚੁਣਾਵੀ ਮੁੱਦੇ ਬਣਾਇਆ ਜਾ ਸਕਦਾ ਹੈ ਪਰ ਬਹੁਤ ਯਤਨ ਕਰਨਾ ਪੈਣਾ ਹੈ ਜਿਸ ਦੀ ਫਿਲਹਾਲ ਤਾਂ ਉਮੀਦ ਨਹੀਂ ਕਿਉਂਕਿ ਵੋਟਾਂ ਲਈ ਨਵੀਆਂ ਰਿਓੜੀਆਂ ਵੰਡ ਕੇ ਲੋਕਾਂ ਦਾ ਧਿਆਨ ਉਹਨਾਂ ਦੇ ਦੂਰਾਡੇ ਭਵਿੱਖ ਦੀ ਥਾਂ ਉਹਨਾਂ ਨੂੰ ਆਪਣੇ ਨੱਕ ਤੱਕ ਹੀ ਦੇਖਣ ਲਈ ਸੀਮਤ ਕਰ ਦਿੱਤਾ ਹੈ।

ਸੋ ਹਾਲਾਤ ਅਜਿਹੇ ਹਨ ਕਿ ਸਿੱਖਿਆ ਦੇ ਸਰਕਾਰੀ ਅਦਾਰਿਆਂ ਵਿੱਚ ਫਰਜ਼ੀਬਾੜਾ ਵਧੇਗਾ। ਅਧਿਆਪਕ ਦੀ ਸਕੂਲ ਦੀ ਜਵਾਬਦੇਹੀ ਟੀਚਾਬੱਧ ਕਰਨ ਦਾ ਨੈਤਿਕ ਹੱਕ ਸਰਕਾਰਾਂ ਗੁਆ ਚੁੱਕੀਆਂ ਹਨ। ਸਰਕਾਰੀ ਅਧਿਆਪਕੋ, ਕਿੱਤੇ ਪ੍ਰਤੀ ਤੁਹਾਡੀ ਪ੍ਰਤੀਬੱਧਤਾ ਦੇ ਆਸਰੇ ਹੀ ਸਿੱਖਿਆ ਤੰਤਰ ਨੇ ਜੀਵਤ ਰਹਿਣਾ ਹੈ। ਦੁਪਹਿਰ ਦਾ ਖਾਣਾ, ਕਿਤਾਬਾਂ, ਵਰਦੀਆਂ, ਵਜ਼ੀਫ਼ੇ ਸਭ ਪ੍ਰਚਾਰ ਦੀ ਸਮੱਗਰੀ ਹੈ। ਇਹ ਇਸੇ ਤਰ੍ਹਾਂ ਰਹਿਣਗੇ ਪਰ ਇਹਨਾਂ ਨਾਲ ਸਰਕਾਰੀ ਸਕੂਲਾਂ ਦੀ ਐਨਰੋਲਮੈਂਟ ਨਾ ਹੁਣ ਤੱਕ ਵਧੀ ਹੈ, ਨਾ ਭਵਿੱਖ ਵਿੱਚ ਵਧੇਗੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਚੋਣਾਂ ਦੌਰਾਨ ਕਿਹਾ ਕਰਦੇ ਸਨ ਕਿ ਉਹ ਪੰਜਾਬ ਨੂੰ ਅਜਿਹਾ ਵਿਕਸਤ ਕਰਨਗੇ ਕਿ ਇੰਗਲੈਂਡ ਦੇ ਬੱਚੇ ਇੱਥੇ ਰੁਜ਼ਗਾਰ ਪ੍ਰਾਪਤ ਕਰਨ ਲਈ ਆਇਆ ਕਰਨਗੇ। ਇਹ ਤਾਂ ਹੋਇਆ ਨਾ, ਪਰ ਪੰਜਾਬ ਦੇ ਸਕੂਲਾਂ ਵਿੱਚ ਗੁਆਂਢੀ ਸੂਬਿਆਂ ਤੋਂ ਪਰਵਾਸੀ ਬੱਚੇ ਸਿੱਖਿਆ ਲੈਂਦੇ ਜ਼ਰੂਰ ਦਿਸਦੇ ਹਨ। ਪਰਵਾਸੀ ਬੱਚਿਆਂ ਵੱਲੋਂ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਲੈਣ ਨੂੰ ਤਾਂ ਹੀ ਸਹੀ ਕਿਹਾ ਜਾ ਸਕਦਾ ਹੈ ਜੇ ਪੰਜਾਬ ਦੇ ਆਪਣੇ ਬੱਚੇ ਵੀ ਇਹਨਾਂ ਸਕੂਲਾਂ ਵਿੱਚ ਸਿੱਖਿਆ ਲੈਣ। ਪੰਜਾਬ ਸਰਕਾਰ ਨੂੰ ਸਲਾਹ ਹੈ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪਰਵਾਸੀ ਬੱਚਿਆਂ ਦੀ ਗਿਣਤੀ ਦਾ ਅੰਕੜਾ ਜ਼ਰੂਰ ਪ੍ਰਾਪਤ ਕਰੇ ਅਤੇ ਜਥੇਬੰਦੀਆਂ ਨੂੰ ਵੀ ਇਹ ਸਰਵੇਖਣ ਕਰਾਉਣਾ ਚਾਹੀਦਾ ਹੈ। ਇਸ ਨਾਲ ਆਉਣ ਵਾਲੇ ਸਮੇਂ ਲਈ ਸਰਕਾਰ ਨੂੰ ਨੀਤੀਆਂ ਬਣਾਉਣ 'ਚ ਸਹਾਇਤਾ ਮਿਲੇਗੀ। ਸਰਕਾਰ ਅਤੇ ਅਧਿਆਪਕ ਪਰਵਾਸੀ ਬੱਚਿਆਂ ਦੀ ਗਿਣਤੀ ਉੱਤੇ ਆਪਣੀ ਪਿੱਠ ਵੀ ਥਾਪੜ ਸਕਣਗੇ। ਪੰਜਾਬ ਵਿਕਾਸ ਕਰ ਗਿਆ ਹੈ।

Passport Photos
Family Partrait
Graduation
Fashion | Glamour
Photo Restoration
Photography
for all occasions

ਪਾਸਪੋਰਟ ਫੋਟੋ 2 ਫੋਟੋ $5 ਦੀਆਂ
ROYAL PHOTO STUDIO
ਵਿਆਹ ਜਾਂ ਕਿਸੇ ਵੀ ਫੰਕਸ਼ਨ ਤੇ ਵੀਡੀਓ ਦੀ ਸੇਵਾ
HD Blu-Ray, Cinematography
#171-8138 128 Street, Surrey (Payal Business Centre)
8140-120 Street, Surrey ( ਇੰਡੀਆ ਕੌਂਸਲੇਟ ਦੇ ਥੱਲੇ)
Mandeep S. Dhillon 604-594-2131, 778-840-4600

ਕੀ ਤੁਸੀਂ ਕਰਜ਼ੇ ਤੋਂ ਪ੍ਰੇਸ਼ਾਨ ਹੋ ? ARE YOU IN DEBT?
ਤੁਸੀਂ ਕਰਜ਼ੇ ਤੇ ਟੈਕਸ ਤੋਂ ਬੱਚ ਸਕਦੇ ਹੋ।ਅਸੀਂ ਵੱਧ ਤੋਂ ਵੱਧ ਕਰਜ਼ਾ ਮੁਆਫ਼ ਕਰਵਾ ਸਕਦੇ ਹਾਂ।
ਕਿਸੇ ਤਰ੍ਹਾਂ ਦੀ ਵੀ ਫਾਈਨੈਂਸ਼ਲ ਪ੍ਰੋਬਲਮ ਹੋਵੇ
- ਕ੍ਰੈਡਿਟ ਕਾਰਡ - ਲਾਈਨ ਆਫ਼ ਕ੍ਰੈਡਿਟ
- ਜੀ.ਐਸ.ਟੀ. - ਕੋਲੈਕਸ਼ਨ ਕਾਲਜ
- ਟੈਕਸ ਸਬੰਧੀ ਕੋਈ ਵੀ ਪ੍ਰੋਬਲਮ
- ਅਸੀਂ ਬੈਂਕਰਪਸੀ ਵਿੱਚ ਵੀ ਮਦਦ ਕਰਦੇ ਹਾਂ।
Any type Unsecured Debt WE CAN REDUCE YOU DEBT BY 70%
ਸਾਡੇ ਰੇਟ ਕਾਫੀ ਵਾਜ਼ਿਬ ਹਨ।
Any type of Financial Problems?
- Personal or Business Loan
- Canada Revenue Debt
- Credit Cards - Line of Credits
- Student Loan
- We help you in Bankruptcy and Proposals
Kulwinder Bains
Certified Credit Couneller
778-998-9402
DDS: Diverse Debt Solutions Ltd.
unit # 205-12899-76 Ave. Surrey

# ਆਖ਼ਰ ਕਦੋਂ ਤੱਕ ਸਿਆਸਤਦਾਨਾਂ ਦੇ ਮੋਹਰੇ ਬਣਦੇ ਰਹਿਣਗੇ ਲੋਕ?

**ਲਿਖਤ : ਗਿਆਨੀ ਕੇਵਲ ਸਿੰਘ**

ਆਮ ਭਾਰਤੀ ਨੂੰ ਸਿਆਸਤਦਾਨ ਸੱਤਾ ਲਈ 1947 ਤੋਂ ਵਰਤਦੇ ਆ ਰਹੇ ਹਨ। ਵੱਡੀਆਂ ਭੀੜਾਂ, ਜਲਸੇ-ਜਲੂਸ ਵਿਚ ਇਨ੍ਹਾਂ ਦੀ ਢੋਆ-ਢੁਆਈ ਆਮ ਹੈ। ਸਿਰਾਂ ਦੀ ਗਿਣਤੀ ਲਈ ਸਭ ਸਿਆਸਤਦਾਨਾਂ ਦਾ ਇਹ ਖਾਜਾ ਹਨ। ਇਕ-ਦੂਜੇ ਦੇ ਵਿਰੋਧ ਲਈ ਵੀ ਇਹ ਮੋਹਰੇ ਬਣਾਏ ਜਾਂਦੇ ਹਨ। ਭਾਰਤ ਦਾ ਕੋਈ ਸੂਬਾ ਜਾਂ ਇਲਾਕਾ ਹੋਵੇ, ਵਰਤੇ ਜਾਣ ਵਾਲੇ ਆਮ ਭਾਰਤੀ ਗ਼ਰੀਬ ਲੋਕ ਹੀ ਹਨ। ਇਨ੍ਹਾਂ ਦੀਆਂ ਜੀਵਨ ਲੋੜਾਂ ਦੀ ਗਿਣਤੀ ਆਏ ਦਿਨ ਵਧਦੀ ਜਾਂਦੀ ਹੈ ਪਰ ਪੂਰਤੀ ਲਈ ਸੱਤਾਧਾਰੀ ਹਮੇਸ਼ਾ ਬੇ-ਧਿਆਨੇ ਕਰਕੇ ਰੱਖਦੇ ਹਨ। ਇਨ੍ਹਾਂ ਲੋਕਾਂ ਵੱਲੋਂ ਸਿਆਸਤਦਾਨਾਂ ਦੀ ਭੁੱਖ ਪੂਰੀ ਕਰਨ ਲਈ ਖਾਧੇ ਧੱਕੇ, ਕੀਤੀ ਜ਼ਿੰਦਾਬਾਦ-ਮੁਰਦਾਬਾਦ ਕਿਸੇ ਖਾਤੇ ਨਹੀਂ ਪੈਂਦੇ। ਲੋੜਾਂ ਲਈ ਇਹ ਜਿੰਨਾ ਮਰਜ਼ੀ ਚੀਕ-ਚਿਹਾੜਾ ਪਾ ਲੈਣ। ਸੱਤਾ ਹਥਿਆਉਣ ਵਾਲਿਆਂ ਦੇ ਕੰਨ 'ਤੇ ਜੂੰ ਨਹੀਂ ਸਰਕਦੀ। ਆਮ ਲੋਕਾਂ ਦੇ ਧੜੇ ਨੇ, ਕਹਿਣ ਲਈ ਆਗੂ ਵੀ ਨੇ। ਫਿਰ ਕਦਰ-ਕੀਮਤ ਕਿਉਂ ਨਹੀਂ? ਇਹ ਵੱਡਾ ਸਵਾਲ ਹੈ ਜੋ ਨਾ ਕੋਈ ਉਠਾ ਰਿਹਾ ਹੈ, ਨਾ ਹੀ ਕਿਸੇ ਦਿਲੋ-ਦਿਮਾਗ ਵਿਚ ਨੇਕ-ਨੀਅਤੀ ਨਾਲ ਆਪਣੇ-ਆਪ ਉੱਠਿਆ ਹੈ। ਅਖ਼ਬਾਰਾਂ, ਟੀਵੀ ਆਦਿ ਦੇ ਪੱਤਰਕਾਰ ਸਭ ਇਨ੍ਹਾਂ ਦੀ ਭੀੜ ਜਾਂ ਇਕੱਠ ਦੀਆਂ ਤਸਵੀਰਾਂ ਦਿਖਾਉਣਗੇ। ਸਿਆਸਤਦਾਨਾਂ ਦੀ ਹਉਮੈ ਹੋਰ ਪਸਰਦੀ ਹੈ। ਪਰ ਇਨ੍ਹਾਂ ਦੀਆਂ ਜੀਵਨ ਨਾਲ ਜੁੜੀਆਂ ਜੋ ਬੁਨਿਆਦੀ ਮੰਗਾਂ ਹਨ, ਉਨ੍ਹਾਂ ਦੀ ਸਹੀ ਤੇ ਠੋਸ ਆਵਾਜ਼ ਨਹੀਂ ਉੱਠਦੀ। ਭਾਰਤੀ ਆਮ ਲੋਕਾਂ ਦਾ ਦਹਾਕਿਆਂ ਤੋਂ ਭਾਰਤੀ ਸਿਆਸਤਦਾਨ ਸ਼ੋਸ਼ਣ ਕਰ ਰਹੇ ਹਨ। ਸਿਆਸਤਦਾਨ ਵਰਗ ਭਾਰਤੀ ਕਿਰਤੀ ਸਮਾਜ ਦੀ ਗ਼ਰੀਬੀ ਦਾ, ਉਨ੍ਹਾ ਦੇ ਭੋਲੇਪਨ ਦਾ ਤੇ ਘੱਟ ਸਮਝ ਦਾ ਨਾਜਾਇਜ਼ ਫ਼ਾਇਦਾ ਨਿਰੰਤਰ ਲੈਂਦਾ ਆ ਰਿਹਾ ਹੈ ਅਤੇ ਨਿਕਟ ਭਵਿੱਖ ਵਿਚ ਇਸ ਖੇਤਰ ਦੇ ਭਾਈਚਾਰੇ ਨਾਲ ਇਸੇ ਤਰ੍ਹਾਂ ਵਾਪਰਦੇ ਰਹਿਣ ਦੇ ਵੱਡੇ ਆਸਾਰ ਹਨ। ਭਾਰਤ ਅੰਦਰ ਜਾਤ-ਬਰਾਦਰੀ ਆਦਿ ਕਬੀਲਿਆਂ



ਦੀ ਹਾਲਤ ਸਦੀਆਂ ਤੋਂ ਬਦ ਤੋਂ ਬਦਤਰ ਤੁਰੀ ਆ ਰਹੀ ਹੈ। ਸੰਨ 1947 ਤੋਂ ਮਗਰੋਂ ਵੀ ਉਸੇ ਗੁਲਾਮੀ ਦੀਆਂ ਨਵੀਆਂ ਜ਼ੰਜੀਰਾਂ ਇਨ੍ਹਾਂ ਲਈ ਮੁਸੀਬਤ ਹਨ। ਇਨ੍ਹਾਂ ਵਿੱਚੋਂ ਵੱਡੀਆਂ ਸਿਆਸੀ ਧਿਰਾਂ ਦੀ ਡੰਗੋਰੀ ਫੜ ਕੇ ਕੁਝ ਆਗੂ ਵੇਖਣ ਲਈ ਤੇ ਕਹਿਣ ਲਈ ਇਨ੍ਹਾਂ ਭਾਈਚਾਰਿਆਂ ਵਿੱਚੋਂ ਸਮੇਂ-ਸਮੇਂ ਉੱਭਰਦੇ ਤੇ ਸੱਤਾ ਦੇ ਭਾਈਵਾਲਾਂ ਦੇ ਹੱਥਾਂ ਦੇ ਖਿਡੌਣੇ ਬਣਦੇ ਆਏ ਹਨ ਤੇ ਇਸ ਤਰ੍ਹਾਂ ਹੁੰਦਾ ਰਹੇਗਾ। ਨਵੀਆਂ ਸਿਆਸੀ ਜਮਾਤਾਂ ਵੀ ਇਨ੍ਹਾਂ ਭਾਈਚਾਰਿਆਂ ਦੀਆਂ ਦੁਖਦੀਆਂ ਰਗਾਂ 'ਤੇ ਹੱਥ ਰੱਖ ਕੇ ਲੋਕ ਲਹਿਰ ਉਸਾਰ ਕੇ ਸੱਤਾ 'ਤੇ ਪਹੁੰਚਣ ਲਈ ਇਨ੍ਹਾਂ ਦੀ ਬਾਖ਼ੂਬੀ ਵਰਤੋਂ ਕਰਦੀਆਂ ਹਨ ਤੇ ਮਗਰੋਂ ਇਨ੍ਹਾਂ ਦਾ ਹਮਦਰਦ ਬਣ ਕੇ ਕੋਈ ਨਾਲ ਖੜ੍ਹਾ ਨਹੀਂ ਹੁੰਦਾ। ਇਨ੍ਹਾਂ ਲਈ ਹਾਅ ਦਾ ਨਾਅਰਾ ਕੋਈ ਨਹੀਂ ਮਾਰਦਾ? ਪਿਛਲੇ ਦਿਨੀਂ ਆਂਧਰ ਪ੍ਰਦੇਸ਼ ਦੀ ਧਰਤੀ 'ਤੇ ਵਿਜੇਵਾੜਾ ਵਿਖੇ ਗੁਰਪੁਰਬ ਸਮਾਗਮ ਵਾਸਤੇ ਜਾਣ ਦਾ ਸਬੱਬ ਬਣਿਆ। ਜਦੋਂ ਜਹਾਜ਼ ਜ਼ਮੀਨ 'ਤੇ ਉਤਰਨ ਲਈ ਟਿਕਾਣੇ ਵੱਲ ਵਧ ਰਿਹਾ ਸੀ ਤਾਂ ਹੇਠਾਂ ਸਕੂਲਾਂ ਦੀ ਪੀਲੀਆਂ ਬੱਸਾਂ ਹੀ ਬੱਸਾਂ ਦਿਖਾਈ ਦੇ ਰਹੀਆਂ ਸਨ। ਇਕ ਥਾਂ 'ਤੇ ਲੋਕਾਂ ਦਾ ਜਮਘਟਾ ਵੀ ਦਿਸ ਰਿਹਾ ਸੀ ਤਾਂ ਬਹੁਤੀ ਸਮਝ ਨਹੀਂ ਸੀ ਆਈ। ਜਦੋਂ ਸਰਦਾਰ ਹਰਮਿੰਦਰ ਸਿੰਘ ਜੀ ਨੇ ਹਵਾਈ ਅੱਡੇ ਤੋਂ ਗੱਡੀ ਵਿਚ ਬੈਠਾ ਲਿਆ ਤਾਂ ਕਹਿਣ ਲੱਗੇ ਕਿ ਅੱਜ ਭਾਜਪਾ ਵੱਲੋਂ ਰੈਲੀ ਕੀਤੀ ਗਈ ਹੈ। ਸਾਰਾ ਸ਼ਹਿਰ ਤੰਗੀ ਭੋਗ ਰਿਹਾ ਹੈ। ਸੜਕਾਂ ਜਾਮ ਹਨ। ਰਾਹ ਵਿਚ ਗੁਜ਼ਰਦਿਆਂ ਸਭ ਕੁਝ ਅੱਖੀਂ ਵੇਖਿਆ! ਨਹੀਂ ਰਿਹਾ ਗਿਆ ਤੇ ਇਹ ਦੋ ਅੱਖਰ ਲਿਖਣ ਲਈ ਆਤਮਾ ਨੇ ਲਾ ਦਿੱਤਾ। ਭਾਰਤੀ ਸੂਬਾ ਕੋਈ ਵੀ ਹੋਵੇ, ਸਿਆਸਤਦਾਨਾਂ ਦੀ ਭੀੜ ਦਾ ਆਧਾਰ ਗ਼ਰੀਬ ਹੀ ਹੁੰਦਾ ਹੈ। ਇਹੀ 'ਜ਼ਿੰਦਾਬਾਦ ਮੁਰਦਾਬਾਦ' ਦੇ ਨਾਅਰੇ ਲਾਉਂਦਾ ਡਾਂਗਾ ਖਾਂਦਾ, ਪਾਣੀ ਦੀਆਂ ਬਾਛੜਾਂ ਖਾਂਦਾ ਹੈ। ਢਿੱਡ ਵੱਡੇ ਸਿਆਸਤਦਾਨਾਂ ਦਾ ਭਰਦਾ ਹੈ। ਨੇਤਾ ਦੋਸਤੀ ਇਨ੍ਹਾਂ ਕਿਰਤੀ ਧਿਰਾਂ ਨੂੰ ਲੁੱਟਣ ਵਾਲੀਆਂ ਜਮਾਤਾਂ ਨਾਲ ਲਾਉਂਦੇ ਤੇ ਨਿਭਾਉਂਦੇ ਹਨ। ਵੇਖਣ ਲਈ ਇਨ੍ਹਾਂ ਵਰਤੇ ਜਾਣ ਵਾਲਿਆਂ ਦੀਆਂ ਕਈਆਂ ਸਹਾਇਕ ਜਥੇਬੰਦੀਆਂ, ਯੂਨੀਅਨਾਂ ਹਨ। ਬੜੀ ਵੱਡੀ ਲੋੜ ਹੈ ਭਾਰਤ ਵਿਚ ਇਨ੍ਹਾਂ ਭਾਈਚਾਰਿਆਂ ਨਾਲ ਸੱਚੇ ਦਿਲੋਂ ਹਮਦਰਦੀ ਰੱਖਣ ਵਾਲੀ ਇਮਾਨਦਾਰ ਸਿਆਸੀ ਧਿਰ ਦੀ ਜੋ ਰਾਜਨੀਤੀ ਲਈ ਰਾਜਨੀਤੀ ਨਾ ਕਰੇ ਸਗੋਂ ਸੱਚੇ ਮਨ ਨਾਲ ਐਸੀ ਜਥੇਬੰਦ ਲਹਿਰ ਸਾਹਮਣੇ ਆਵੇ ਜੋ ਸਮਾਜ ਦੇ ਲੋੜਵੰਦਾਂ ਲਈ ਰਾਜ ਪ੍ਰਬੰਧ ਇਨ੍ਹਾਂ ਦੀ ਹਕੀਕੀ ਭਾਈਵਾਲੀ ਵਾਲਾ ਦੇਵੇ। ਜੋ ਦੇਸ਼ ਦੇ ਸਮੂਹਿਕ ਨਾਗਰਿਕਾਂ ਦੇ ਹੱਕਾਂ-ਅਧਿਕਾਰਾਂ ਲਈ ਅਜਿਹਾ ਲੋਕਤੰਤਰ ਉਸਾਰੇ ਜਿਸ ਰਾਹੀਂ ਹਰ ਪ੍ਰਕਾਰ ਦੀ ਚੋਰ-ਬਾਜ਼ਾਰੀ ਲੁੱਟ-ਖਸੁੱਟ ਬੰਦ ਕਰ ਕੇ 'ਲੋਕਾਂ ਦਾ ਰਾਜ, ਲੋਕਾਂ ਲਈ, ਲੋਕਾਂ ਰਾਹੀਂ' ਵਾਲਾ ਹੋਵੇ। ਬੇਰੁਜ਼ਗਾਰੀ ਦਾ ਪੱਕਾ ਹੱਲ ਕਰੇ। ਸਹੀ ਅਰਥਾਂ ਵਿਚ ਰੁਜ਼ਗਾਰ ਦੇ ਸਾਧਨ ਵਧਾ ਕੇ ਲੋੜਵੰਦਾਂ ਲਈ ਕਿਰਤ ਦੇ ਦਰਵਾਜ਼ੇ ਖੁੱਲ੍ਹ ਜਾਣ। ਵਿਧਾਨਪਾਲਿਕਾ, ਕਾਰਜਪਾਲਿਕਾ ਤੇ ਨਿਆਂਪਾਲਿਕਾ ਲੋਕ ਹਿਤੈਸ਼ੀ ਪਹੁੰਚ ਨਾਲ ਕੰਮ ਕਰਨ।

# ਹਿੰਮਤੀ ਔਰਤ

**ਲਿਖਤ : ਭੁਪਿੰਦਰ ਕੌਰ ਸਾਢੌਰਾ**



ਕਾਜਲ ਦੀ ਸ਼ਾਦੀ ਹੋਏ ਦੱਸ ਦਿਨ ਹੋ ਗਏ ਸਨ। ਉਹ ਜਦੋਂ ਸਹੁਰੇ ਘਰ ਆਈ ਘਰ ਬਹੁਤ ਹੀ ਖਿਲਰਿਆ ਹੋਇਆ ਸੀ। ਉਸਨੇ ਇਨ੍ਹਾਂ ਦਿਨਾਂ ਵਿੱਚ ਘਰ ਨੂੰ ਸੁੰਦਰ ਰੂਪ ਵਿੱਚ ਬਦਲ ਦਿੱਤਾ ਸੀ। ਉਹ ਖਾਣਾ ਬਹੁਤ ਹੀ ਸੁਆਦ ਬਣਾਉਂਦੀ ਸਾਰੇ ਉਸਦੀਆਂ ਤਰੀਫਾਂ ਕਰਦੇ ਨਾ ਥਕਦੇ।

ਸ਼ਾਮ ਦੇ ਸਮੇਂ ਠੰਡੀ ਠੰਡੀ ਹਵਾ ਚਲ ਰਹੀ ਸੀ। ਬਿਜਲੀ ਕੜਕੀ ਤੇ ਬੂੰਦਾਂ ਬਾਂਦੀ ਹੋਣ ਲੱਗੀ ਮੌਸਮ ਬਹੁਤ ਹੀ ਖੁਸ਼ਨੁਮਾਂ ਹੋ ਗਿਆ। ਕਾਜਲ ਗੋਭੀ, ਆਲੂ, ਪਿਆਜ਼ ਦੇ ਪਕੌੜੇ ਤੇ ਚਟਨੀ ਬਣਾ ਕੇ ਲੈ ਆਈ।ਨਾਲ ਚਾਹ ਵੀ ਲੈ ਆਈ।

ਸਾਰਿਆਂ ਨੇ ਬੜੇ ਸੁਆਦ ਨਾਲ ਚਟਨੀ ਤੇ ਪਕੌੜੇ ਖਾਂਦੇ। ਉਸਦੀ ਨਨਾਣ ਨੇ ਕਿਹਾ, "ਭਾਬੀ, ਤੁਸੀਂ ਤਾਂ ਕਮਾਲ ਹੀ ਕਰ ਦਿੱਤੀ।' ਪਕੌੜੇ ਤੇ ਚਟਨੀ ਤਾਂ ਬਹੁਤ ਹੀ ਸੁਆਦ ਬਣੇ ਹਨ। ਕਲ੍ਹ ਮੈਂ ਸਹੁਰੇ ਜਾ ਰਹੀ ਹਾਂ ਮੈਨੂੰ ਨਾਲ ਲਈ ਵੀ ਚਟਨੀ ਬਣਾ ਕੇ ਦੇਣਾ। ਕਾਜਲ ਮੁਸਕਰਾਉਣ ਲੱਗੀ ਤੇ ਕਿਹਾ "ਹੁਣੇ ਹੀ ਬਣਾ ਦਿੰਦੀ ਹਾਂ।"

ਕਾਜਲ ਹਰ ਵੇਲੇ ਖੁਸ਼ ਰਹਿੰਦੀ। ਉਸਦੇ ਪਤੀ ਕਮਲ ਨੂੰ ਬਹੁਤ ਚੰਗੀ ਲੱਗਦੀ।

ਰਾਤ ਨੂੰ ਖਾਣਾ ਬਣਾ ਕੇ ਪਿਤਾ ਜੀ ਨੂੰ ਦੇਣ ਗਈ ਤਾਂ ਉਸਦੇ ਹੱਥੋ ਪਲੇਟ ਡਿੱਗ ਗਈ।ਉਸਦੀਆਂ ਅੱਖਾਂ ਅੱਡੀਆਂ ਹੀ ਰਹਿ ਗਈਆਂ। ਉਸਦੇ ਮੂੰਹੋ ਅਵਾਜ਼ ਨਾ ਨਿਕਲੀ। ਪਲੇਟ ਦਾ ਖੜਾਕ ਸੁਣਕੇ ਕਮਲ ਉਸਦੀ ਨਨਾਣ ਅੰਦਰ ਆ ਗਏ।ਕਮਲ ਨੇ ਜਲਦੀ ਨਾਲ ਉਨ੍ਹਾਂ ਦੇ ਗਲ ਵਿਚੋਂ ਰੱਸਾ ਕੱਢਿਆ ਤੇ ਮੰਜੇ ਤੇ ਲਿਟਾ ਦਿੱਤਾ। ਕਾਜਲ ਨੂੰ ਪਿਤਾ ਜੀ ਦੇ ਕਮਰੇ ਵਿੱਚ ਆਣ ਲਈ ਇਕ ਮਿੰਟ ਵੀ ਦੇਰੀ ਲੱਗ ਜਾਂਦੀ ਤਾਂ ਉਹ ਪਿਤਾ ਜੀ ਨੂੰ ਗਵਾ ਦਿੰਦੇ। ਉਸਨੇ ਪਿਤਾ ਜੀ ਨੂੰ ਪਾਣੀ ਪਿਲਾਇਆ ਤੇ ਕਮਲ ਨੇ ਪਿਆਰ ਨਾਲ ਪੁੱਛਿਆ "ਤੁਸੀਂ ਆਪਣੇ ਆਪ ਨੂੰ ਫਾਂਸੀ ਕਿਉਂ ਲਗਾਣ ਜਾ ਰਹੇ ਸੀ?" ਹੁਣ ਤਾਂ ਮੁਸ਼ਕਲ ਸਮੇਂ ਦੇ ਪਲ ਬੀਤ ਗਏ ਹਨ। ਉਹ ਮੁਸ਼ਕਲ ਸਮਾਂ ਤਾਂ ਤੁਸੀਂ ਖੁਸ਼ੀ - ਖੁਸ਼ੀ ਬਤਾ ਦਿੱਤਾ ਜਦੋਂ ਮਾਂ ਨੂੰ ਕੈਂਸਰ ਹੋ ਗਿਆ ਸੀ। ਮਾਂ ਹਸਪਤਾਲ ਵਿੱਚ ਦਮ ਤੋੜ ਗਈ ਸੀ। ਸਾਰਿਆਂ ਨੇ ਤੁਹਾਨੂੰ ਦੂਜੀ ਸ਼ਾਦੀ ਕਰਨ ਤੇ ਬਹੁਤ ਜੋਰ ਦਿੱਤਾ ਸੀ। ਦਾਦੀ ਮਾਂ ਨੇ ਤੁਹਾਨੂੰ ਲੜਕੀ ਦੀ ਫੋਟੋ ਵੀ ਦਿਖਾਈ ਸੀ। ਤੁਸੀਂ ਇਹ ਕਹਿ ਕੇ ਮਨ੍ਹਾ ਕਰ ਦਿੱਤਾ ਸੀ ਕਿ ਪਤਾ ਨਹੀਂ ਨਵੀਂ ਕਿਹੋ ਜਿਹੀ ਹੋਵੇਗੀ ਮੈਂ ਆਪ ਬੱਚਿਆਂ ਨੂੰ ਪਾਲ ਲਵਾਂਗਾ।

"ਹੁਣ ਐਸਾ ਕੀ ਹੋ ਗਿਆ, ਪਿਤਾ ਜੀ।" ਪਿਤਾ ਜੀ ਇਵੇਂ ਹੋ ਗਏ ਸਨ ਜਿਵੇਂ ਉਦਾਸੀ ਦੀ ਡੂੰਘੀ ਖਾਈ ਵਿੱਚ ਡਿੱਗੇ ਹੋਣ। ਉਨ੍ਹਾਂ ਨੇ ਚੁੱਪੀ ਸਾਧ ਲਈ। ਕਮਲ ਤੇ ਕਾਜਲ ਦੇ ਬਾਰ-ਬਾਰ ਪੁਛਣ ਤੇ ਪਿਤਾ ਜੀ ਬੜੀ ਮੁਸ਼ਕਲ ਨਾਲ ਬੋਲ ਹੀ ਪਏ, "ਤੇਰੀ ਭੈਣ ਦੇ ਵਿਆਹ ਲਈ ਕਰਜ਼ ਲਿਆ ਸੀ। ਉਹ ਮੋੜ ਨਹੀਂ ਹੋਇਆ। ਬੈਂਕ ਤੋਂ ਰੋਜ਼ ਫੋਨ ਆਉਂਦੇ ਜ਼ਮੀਨ ਕੁੜਕ ਹੋਏਗੀ।"

"ਪਿਤਾ ਜੀ ਕਰਜਾ ਕਿੰਨਾ ਹੈ?" ਕਾਜ਼ਲ ਨੇ ਪੁਛਿਆ।

"ਤਿੰਨ ਲੱਖ......।"

"ਤਿੰਨ ਲੱਖ ਲਈ ਤੁਸੀਂ ਆਪਣੀ ਕੀਮਤੀ ਜਾਨ ਦੇਣ ਲੱਗੇ ਸੀ।"

"ਕੀ ਆਤਮਹੱਤਿਆ ਇਸ ਮਸਲੇ ਦਾ ਹੱਲ ਹੈ?"

"ਮਸਲੇ ਦਾ ਹੱਲ ਤਾਂ ਸੋਚ ਵਿਚਾਰ ਨਾਲ ਨਿਕਲਦਾ ਹੈ। ਮੈਂ ਹੁਣੇ ਆਈ ਕਹਿ ਕੇ ਕਾਜਲ ਆਪਣੇ ਕਮਰੇ ਵਿੱਚ ਚਲੀ ਗਈ।"

"ਕੁੱਝ ਪਲਾਂ ਵਿੱਚ ਆਪਣੇ ਹੱਥ ਵਿੱਚ ਕੀਮਤੀ ਗਹਿਣੇ ਲੈ ਕੇ ਵਾਪਸ ਆ ਗਈ।" "ਪਿਤਾ ਜੀ ਇਨ੍ਹਾਂ ਗਹਿਣਿਆਂ ਦੀ ਕੀਮਤ ਤਿੰਨ ਲੱਖ ਤੋਂ ਜਿਆਦਾ ਹੋਣੀ ਹੈ।" "ਨਾ ਧੀਏ...... ਨਾ, ਮੈਂ ਤੇਰੇ ਗਹਿਣੇ ਨਹੀਂ ਲੈ ਸਕਦਾ। ਤੂੰ ਇਹ ਆਪਣੇ ਕੋਲ ਰੱਖ।

ਗਹਿਣੇ ਮੁਸ਼ਕਲ ਵਿੱਚ ਕੰਮ ਆਉਂਦੇ ਹਨ।"

ਗਹਿਣੇ ਪਿਤਾ ਜੀ ਦੇ ਹੱਥ ਵਿੱਚ ਪਕੜਾ ਕਿ ਕਾਜਲ ਨੇ ਮੁਸਕੁਰਾਹਟ ਨਾਲ ਕਿਹਾ, "ਜਦੋਂ ਚੰਗਾ ਸਮਾਂ ਆਵੇਗਾ ਤਾਂ ਗਹਿਣੇ ਨਵੇਂ ਬਣ ਜਾਣਗੇ।"

ਗਹਿਣਿਆਂ ਦਾ ਡੱਬਾ ਵਾਪਸ ਕਰਦੇ ਪਿਤਾ ਜੀ ਨੇ ਕਿਹਾ, "ਤੇਰੇ ਪੇਕਿਆਂ ਦੀ ਅਮਾਨਤ ਹੈ, ਤੂੰ ਆਪਣੇ ਕੋਲ ਰੱਖ ਲੈ।"

"ਨਹੀਂ ਪਿਤਾ ਜੀ, ਜੇ ਤੁਸੀਂ ਮੈਨੂੰ ਆਪਣੀ ਬੇਟੀ ਮੰਨਦੇ ਹੋ ਤਾਂ ਫੇਰ ਇਨ੍ਹਾਂ ਗਹਿਣਿਆਂ 'ਤੇ ਤੁਹਾਡਾ ਹੱਕ ਹੈ। ਇਨ੍ਹਾਂ ਨੂੰ ਵੇਚ ਕੇ ਕਰਜ਼ ਲਾਹ ਦਿਉ।"

ਅਗਲੇ ਦਿਨ, ਕਾਜਲ ਸਰੋਂ ਦਾ ਸਾਗ ਤੇ ਮੱਕੀ ਦੀ ਰੋਟੀ ਬਣਾ ਕੇ ਨਾਲ ਲੱਸੀ ਦਾ ਡੱਬਾ ਲੈ ਕੇ ਖੇਤਾਂ ਵਿੱਚ ਚਲੀ ਗਈ। ਉਸ ਨੇ ਦੇਖਿਆ ਕਿ ਲਾਲ ਟਮਾਟਰਾਂ ਤੇ ਹੱਲ ਚੱਲਣ ਲੱਗਾ ਹੈ, ਉਸਨੇ ਇਸ਼ਾਰੇ ਨਾਲ ਹੱਲ ਵਾਹਣ ਤੋਂ ਮਨ੍ਹਾਂ ਕਰ ਦਿੱਤਾ।

ਪਿਤਾ ਜੀ ਨੇ ਕਾਜਲ ਨੂੰ ਕਿਹਾ, "ਪੁੱਤ ਇਨ੍ਹਾਂ ਦਾ ਮੰਡੀ 'ਚ ਵੀ ਕੁੱਝ ਖਾਸ ਭਾਅ ਨਹੀਂ ਮਿਲਣਾ। ਮਿਹਨਤ ਕਰਨ ਤੋਂ ਅੱਛਾ ਹੈ ਕਿ ਅਸੀਂ ਇਨ੍ਹਾਂ ਤੇ ਹਲ ਚਲਾ ਦਈਏ, ਬਚਾ ਕਿ ਇਨ੍ਹਾਂ ਦਾ ਅਸੀਂ ਕੀ ਕਰ ਲਵਾਂਗੇ।"

"ਪਿਤਾ ਜੀ, ਮਿਹਨਤ 'ਤੇ ਪਾਣੀ ਫੇਰਨ ਦਾ ਕੋਈ ਫਾਇਦਾ ਨਹੀਂ। ਤੁਸੀਂ ਹੀ ਕਹਿੰਦੇ ਹੋ ਕਿ ਮੈਂ ਬੜੀ ਸੁਆਦ ਚਟਨੀ ਬਣਾਉਂਦੀ ਹਾਂ ਤੇ ਫੇਰ ਕਿਉਂ ਨਾ ਅਸੀਂ ਟਮਾਟਰਾਂ ਦੀ ਚਟਨੀ ਬਣਾ ਕੇ ਸ਼ਹਿਰ ਵਿਚ ਵੇਚੀਏ। ਮੁੱਲ ਵੀ ਵਧੀਆ ਮਿਲ ਜਾਏਗਾ।" ਰੋਟੀ ਦਾ ਡੱਬਾ ਖੋਲ੍ਹਦੇ ਹੋਏ ਕਾਜਲ ਨੇ ਕਿਹਾ

ਉਨਾਂ ਨੇ ਮਿਲ ਕੇ ਖਾਣਾ ਖਾਦਾ ਫੇਰ ਕੁੱਝ ਟਮਾਟਰ ਤੋੜ ਕੇ ਘਰ ਲੈ ਗਈ ਤੇ ਘਰ ਜਾ ਕਿ ਚਟਨੀ ਬਣਾਉਣੀ ਸ਼ੁਰੂ ਕਰ ਦਿੱਤੀ।

ਉਸ ਦਿਨ ਕਾਜਲ ਦੀ ਗਵਾਂਢਣ ਮੀਨੂੰ ਉਸਦੇ ਘਰ ਉਸਨੂੰ ਮਿਲਣ ਆਈ ਤੇ ਆਉਂਦੇ ਹੀ ਕਹਿਣ ਲੱਗੀ, "ਕੀ ਗੱਲ ਕਾਜਲ, ਬਹੁਤ ਖੁਸ਼ਬੂ ਆ ਰਹੀ ਹੈ?"

"ਦੀਦੀ, ਅੱਜ ਮੈਂ ਖੇਤੋਂ ਟਮਾਟਰ ਲਿਆਂਦੇ ਸੀ 'ਤੇ ਬਸ ਟਮਾਟਰਾਂ ਦੀ ਚਟਨੀ ਹੀ। ਬਣਾ ਰਹੀ ਸੀ।"

" ਕਾਜਲ, ਮੈਨੂੰ ਵੀ ਚਟਨੀ ਦਾ ਸਵਾਦ ਦਿਖਾ, ਕਿਵੇਂ ਦੀ ਬਣੀ ਹੈ।", ਮੀਨੂੰ ਨੇ ਕਿਹਾ।

"ਹਾਂ ਜੀ ਦੀਦੀ, ਤੁਸੀਂ ਕਮਰੇ 'ਚ ਬੈਠੋ ਮੈਂ ਹੁਣੇ ਲਿਆਉਂਦੀ ਆਂ।" ਮੀਨੂੰ ਕਮਰੇ 'ਚ ਜਾ ਕਿ ਬੈਠ ਗਈ।

"ਲਉ ਦੀਦੀ, ਦੱਸੋ ਸਵਾਦ ਬਣੀ ਏ ਨਾ?", ਕਾਜਲ ਨੇ ਚਟਨੀ ਦਿੰਦੇ ਹੋਏ ਮੀਨੂੰ ਨੂੰ ਕਿਹਾ।

"ਕਾਜਲ ਤੇਰੇ ਹੱਥ ਵਿੱਚ ਤਾ ਜਾਦੂ ਹੈ... ਜਾਦੂ। ਮੈਨੂੰ ਵੀ ਚਟਨੀ ਬਣਾਉਣੀ ਸਿਖਾਈਂ।", ਮੀਨੂੰ ਨੇ ਚਟਨੀ ਦੀ ਤਾਰੀਫ ਕਰਦੇ ਕਿਹਾ।

"ਕਿਉਂ ਨਹੀਂ ਦੀਦੀ, ਜਰੂਰ ਚਟਨੀ ਬਣਾਉਣਾ ਸਿਖਾਵਾਂਗੀ।"

ਕਾਜਲ ਨੇ ਮੀਨੂੰ ਨੂੰ ਗੱਲਾਂ ਕਰਦਿਆਂ ਖੇਤ 'ਤੇ ਜੋ ਹੋਇਆ, ਸਭ ਦੱਸਿਆ।

"ਕਾਜਲ ਤੂੰ ਚਟਨੀ ਬਹੁਤ ਸਵਾਦ ਬਣਾਉਂਦੀ ਏਂ, ਕੁੱਝ ਦਿਨਾਂ ਬਾਅਦ ਸੋਨੂੰ ਦੇ ਬਰਥ-ਡੇ ਦੀ ਅਸੀਂ ਪਾਰਟੀ ਰੱਖੀ ਹੈ ਤੇ ਤੂੰ ਬਚਿਆਂ ਨੂੰ ਲੈ ਕਿ ਜਰੂਰ ਆਉਣਾ ਹੈ। 10 ਕਿਲੋ ਚਟਨੀਬਣਾ ਕੇ ਪਹਿਲਾਂ ਦੇ ਦੇਵੀ। ਉਸ ਦਿਨ ਮੈਂ ਇਹ ਹੀ ਚਟਨੀ ਵਰਤਾਂਗੀ।

"ਕਿਉਂ ਨਹੀਂ ਦੀਦੀ ਜਰੂਰ", ਕਾਜਲ ਨੇ ਮੁਸਕਰਾਉਂਦੇ ਹੋਏ ਕਿਹਾ।

ਕਾਜਲ ਕੋਲ ਬਹੁਤ ਆਡਰ ਆਣ ਲੱਗੇ। ਉਹ ਖੁਸ਼ੀ-ਖੁਸ਼ੀ ਸਮੇਂ ਤੇ ਸਾਰੇ ਆਡਰ ਪੂਰੇ ਕਰ ਦਿੰਦੀ।

ਉਸ ਕੋਲ ਕਾਫੀ ਰੁਪਏ ਇਕੱਠੇ ਹੋ ਗਏ ਸਨ।ਉਹ ਪਿਤਾ ਜੀ ਨੂੰ ਰੁਪਏ ਦੇ ਦਿੰਦੀ। ਘਰ ਵਿੱਚ ਖੁਸ਼ੀ ਪਸਰੀ ਹੋਈ ਸੀ। ਕਾਜਲ ਦੇ ਚਿਹਰੇ ਤੇ ਮੁਸਕਾਨ ਬਿਖਰੀ ਹੋਈ ਸੀ।

ਉਹ ਸਾਰਿਆ ਦੀ ਪਸੰਦ ਦਾ ਖਾਣਾ ਬਣਾ ਰਹੀ ਹੈ। ਪਿਤਾ ਜੀ ਘਰ ਵਿੱਚ ਪ੍ਰਵੇਸ਼ ਕਰਦੇ ਹਨ। ਉਹ ਕਾਜਲ ਨੂੰ ਅਵਾਜ਼ ਲਗਾਦੇ ਹਨ ਬੇਟੀ ਜਲਦੀ ਆਉ।ਦੇਖੋ ਤੁਹਾਡੇ ਲਈ ਕੀ ਲੈ ਕੇ ਆਇਆ। ਕਾਜਲ ਭੱਜਦੀ ਹੋਈ ਜਾਂਦੀ ਹੈ। ਆਪਣੇ ਗਹਿਣਿਆਂ ਵਾਲਾ ਡੱਬਾ ਦੇਖ

ਕੇ ਖੁਸ਼ ਹੋ ਜਾਂਦੀ ਹੈ। "ਮੇਰੇ ਗਹਿਣੇ", ਕਹਿੰਦੀ ਡੱਬਾ ਖੋਲ ਕੇ ਦੇਖਦੀ ਹੈ।

ਤੇਰੀ ਅਮਾਨਤ ਵੇਚਣ ਨੂੰ ਮੇਰਾ ਦਿਲ ਨਹੀਂ ਕੀਤਾ ਸੀ। ਮੈਂ ਗਿਰਵੀ ਰੱਖ ਦਿੱਤੇ ਸੀ। ਕਾਜਲ ਆਪਣੇ ਗਹਿਣੇ ਦੇਖ ਕੇ ਖੁਸ਼ ਹੋ ਗਈ।

ਤੇਰੇ ਗਹਿਣੇ ਤੇਰੇ ਕਰਕੇ ਹੀ ਤੈਨੂੰ ਵਾਪਸ ਮਿਲੇ ਹਨ। ਤੇਰੀ ਕਮਾਈ ਦੇ ਰੁਪਏ ਜਿਹੜੇ ਤੂੰ ਦੇਂਦੀ ਮੈਂ ਬੈਂਕ ਵਿੱਚ ਜਮਾ ਕਰਵਾ ਦਿੰਦਾ। ਸੱਚ ਧੀਏ ਤੇਰੇ ਗੁਣਾਂ ਦੇ ਕਰਕੇ ਸਾਡਾ ਪਰਿਵਾਰ ਉਦਾਸੀ ਦੀਆਂ ਘੁੰਮਣ-ਘੇਰੀਆਂ ਵਿੱਚੋਂ ਨਿਕਲ ਕੇ ਖੁਸ਼ੀਆਂ ਦੇ ਮਹਿਲ ਉਸਾਰ ਲਏ ਹਨ।

# ਸੇਵਾ ਸਿੰਘ ਠੀਕਰੀਵਾਲਾ

ਲਿਖਤ : ਦਲਜੀਤ ਰਾਏ ਕਾਲੀਆ
ਸੰਪਰਕ: 97812-00168

ਸੇਵਾ ਸਿੰਘ ਠੀਕਰੀਵਾਲਾ ਸਰਗਰਮ ਅਕਾਲੀ ਆਗੂ ਅਤੇ ਰਿਆਸਤੀ ਪਰਜਾ ਮੰਡਲ ਦੇ ਬਾਨੀਆਂ 'ਚੋਂ ਸਨ। ਉਨ੍ਹਾਂ ਦਾ ਜਨਮ 24 ਅਗਸਤ, 1882 ਨੂੰ ਪਟਿਆਲਾ ਰਿਆਸਤ ਦੇ ਪਿੰਡ ਠੀਕਰੀਵਾਲਾ ਵਿੱਚ ਦੇਵਾ ਸਿੰਘ ਅਤੇ ਹਰਿ ਕੌਰ ਦੇ ਘਰ ਹੋਇਆ। ਦੇਵਾ ਸਿੰਘ ਪਟਿਆਲਾ ਰਿਆਸਤ ਦੇ ਅਹਿਲਕਾਰ ਸਨ। ਸੇਵਾ ਸਿੰਘ ਦੇ ਤਿੰਨ ਭਰਾ ਗੁਰਬਖਸ਼ ਸਿੰਘ, ਨੱਥਾ ਸਿੰਘ ਅਤੇ ਮੇਵਾ ਸਿੰਘ ਸਨ। ਸੇਵਾ ਸਿੰਘ ਦਾ ਮੁੱਢਲਾ ਜੀਵਨ ਪਟਿਆਲਾ ਵਿੱਚ ਹੀ ਬੀਤਿਆ। ਉਨ੍ਹਾਂ ਮਾਡਲ ਸਕੂਲ ਪਟਿਆਲਾ 'ਚੋਂ ਸੱਤਵੀਂ ਜਾਂ ਅੱਠਵੀਂ ਜਮਾਤ ਪਾਸ ਕੀਤੀ। ਉਨ੍ਹਾਂ ਉਰਦੂ, ਪੰਜਾਬੀ ,ਫ਼ਾਰਸੀ ਅਤੇ ਥੋੜ੍ਹਾ-ਬਹੁਤਾ ਅੰਗਰੇਜ਼ੀ ਦਾ ਗਿਆਨ ਹਾਸਲ ਕੀਤਾ। ਬਾਅਦ ਵਿੱਚ ਉਨ੍ਹਾਂ ਨੂੰ ਮਹਾਰਾਜਾ ਪਟਿਆਲਾ ਰਜਿੰਦਰ ਸਿੰਘ ਦਾ ਅਹਿਲਕਾਰ ਨਿਯੁਕਤ ਕੀਤਾ ਗਿਆ। 1905 ਵਿੱਚ ਜਦੋਂ ਇਲਾਕੇ ਵਿੱਚ ਪਲੇਗ ਫੈਲੀ ਤਾਂ ਉਨ੍ਹਾਂ ਨੂੰ ਜ਼ਿਲ੍ਹਾ ਬਰਨਾਲਾ ਦਾ ਪਲੇਗ ਅਫਸਰ ਨਿਯੁਕਤ ਕੀਤਾ ਗਿਆ। ਇਸ ਸਮੇਂ ਉਨ੍ਹਾਂ ਨੇ ਇਲਾਕੇ ਦੇ ਲੋਕਾਂ ਦੀ ਅਣਥਕ ਸੇਵਾ ਕੀਤੀ।

ਸਮੇਂ ਦੇ ਰਿਵਾਜ ਅਨੁਸਾਰ ਉਨ੍ਹਾਂ ਦਾ ਪਹਿਲਾ ਵਿਆਹ 13 ਸਾਲ ਦੀ ਉਮਰ ਵਿੱਚ ਬੀਬੀ ਕਰਤਾਰ ਕੌਰ ਨਾਲ ਹੋਇਆ। ਉਨ੍ਹਾਂ ਦੀ ਕੁੱਖੋਂ ਕੋਈ ਔਲਾਦ ਨਹੀਂ ਹੋਈ। ਦੂਜਾ ਵਿਆਹ ਪਿੰਡ ਕਾਤਰੋਂ ਦੀ ਬੀਬੀ ਭਗਵਾਨ ਕੌਰ ਨਾਲ ਹੋਇਆ, ਜਿਨ੍ਹਾਂ ਦੀ ਕੁੱਖੋਂ ਦੋ ਪੁੱਤਰਾਂ ਅਤੇ ਇੱਕ ਧੀ ਗੁਰਚਰਨ ਕੌਰ ਦਾ ਜਨਮ ਹੋਇਆ। ਸੇਵਾ ਸਿੰਘ ਦੇ ਦੋਵੇਂ ਪੁੱਤਰ ਛੋਟੀ ਉਮਰੇ ਹੀ ਚੜ੍ਹਾਈ ਕਰ ਗਏ।

ਸੇਵਾ ਸਿੰਘ 1911 ਵਿੱਚ ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਆਏ । ਉਨ੍ਹਾਂ ਪੰਜ ਪਿਆਰਿਆਂ ਤੋਂ ਅੰਮ੍ਰਿਤ ਛੱਕ ਕੇ ਆਪਣਾ ਜੀਵਨ ਕੌਮੀ ਸੇਵਾ ਨੂੰ ਸਮਰਪਿਤ ਕਰ ਦਿੱਤਾ। 1915 ਵਿੱਚ ਉਨ੍ਹਾਂ ਆਪਣੇ ਪਿੰਡ ਵਿੱਚ ਸਿੰਘ ਸਭਾ ਦਾ ਵੱਡਾ ਦੀਵਾਨ ਸਜਾਇਆ, ਜਿਸ ਵਿੱਚ ਗੁਰਮਤਾ ਪਾਸ ਕੀਤਾ ਗਿਆ ਕਿ ਜਿਸ ਸਥਾਨ 'ਤੇ 18ਵੀਂ ਸਦੀ ਦੇ ਉੱਘੇ ਸਿੱਖ ਆਗੂ ਨਵਾਬ ਕਪੂਰ ਸਿੰਘ ਬਿਰਾਜਮਾਨ ਹੋਏ ਸਨ, ਉੱਥੇ ਉਨ੍ਹਾਂ ਦੀ ਯਾਦ ਵਿੱਚ ਗੁਰਦੁਆਰੇ ਦੀ ਉਸਾਰੀ ਕਰਵਾਈ ਜਾਵੇ। ਸੇਵਾ ਸਿੰਘ ਨੇ ਸੰਗਤ ਦੇ ਸਹਿਯੋਗ ਨਾਲ ਇਹ ਕਾਰਜ ਨੇਪਰੇ ਚਾੜ੍ਹਿਆ। ਬਾਅਦ ਵਿੱਚ ਇਹੋ ਗੁਰਦੁਆਰਾ ਅਕਾਲੀ ਅਤੇ ਪਰਜਾ ਮੰਡਲ ਲਹਿਰਾਂ ਦੀਆਂ ਸਰਗਰਮੀਆਂ ਦਾ ਕੇਂਦਰ ਬਣਿਆ।

1919 ਦੇ ਜੱਲ੍ਹਿਆਂਵਾਲੇ ਬਾਗ ਦੇ ਸਾਕੇ ਅਤੇ ਨਨਕਾਣਾ ਸਾਹਿਬ ਦੇ ਸਾਕਿਆਂ ਨਾਲ ਉਨ੍ਹਾਂ ਦਾ ਹਿਰਦਾ ਵਲੂੰਧਰਿਆ ਗਿਆ। ਉਨ੍ਹਾਂ ਜੱਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ ਦੀ ਯਾਦ ਵਿੱਚ ਆਪਣੇ ਪਿੰਡ ਦੇ ਗੁਰਦੁਆਰੇ 'ਚ ਪੰਜ ਅਖੰਡ ਪਾਠ ਕਰਵਾਏ। ਦਸੰਬਰ 1920 ਵਿੱਚ ਜਦੋਂ ਅਕਾਲੀ ਦਲ ਦੀ ਸਥਾਪਨਾ ਹੋਈ ਤਾਂ ਉਨ੍ਹਾਂ ਨੂੰ ਅਕਾਲੀ ਦਲ ਦਾ ਮੀਤ ਪ੍ਰਧਾਨ ਬਣਾਇਆ ਗਿਆ ਅਤੇ ਕਾਰਜਕਾਰਨੀ ਵਿਚ ਸ਼ਾਮਲ ਕੀਤਾ ਗਿਆ । ਨਨਕਾਣਾ ਸਾਹਿਬ ਦੇ ਸਾਕੇ ਸਮੇਂ ਉਹ 20 ਸਿੰਘਾਂ ਦਾ ਜਥਾ ਲੈ ਕੇ ਨਨਕਾਣਾ ਸਾਹਿਬ ਪੁੱਜੇ। 1922 ਦੇ ਸ਼ੁਰੂ ਵਿੱਚ ਜਦੋਂ ਮੁਕਤਸਰ ਸਾਹਿਬ ਦੇ ਗੁਰਦੁਆਰੇ ਨੂੰ ਮਹੰਤਾਂ ਦੇ ਚੁੰਗਲ 'ਚੋਂ ਛਡਵਾਉਣ ਲਈ ਮੋਰਚਾ ਲਾਇਆ ਗਿਆ ਤਾਂ ਉਨ੍ਹਾਂ ਨੂੰ ਮੋਰਚੇ ਦਾ ਪ੍ਰਬੰਧਕ ਥਾਪਿਆ ਗਿਆ ਅਤੇ ਉਹ ਕਈ ਮਹੀਨੇ ਮੁਕਤਸਰ ਸਾਹਿਬ ਰਹੇ ਤੇ ਮੋਰਚੇ ਨੂੰ ਸਰ ਕੀਤਾ। ਜੈਤੋ ਦੇ ਮੋਰਚੇ ਸਮੇਂ ਅਕਤੂਬਰ 1923 ਵਿੱਚ ਸੇਵਾ ਸਿੰਘ ਠੀਕਰੀਵਾਲਾ ਨੂੰ ਮੁਕਤਸਰ ਸਾਹਿਬ ਤੋਂ ਗ੍ਰਿਫਤਾਰ ਕਰਕੇ ਪਟਿਆਲੇ ਲਿਆਂਦਾ ਗਿਆ, ਜਿੱਥੋਂ ਉਨ੍ਹਾਂ ਨੂੰ ਹੋਰ ਲੀਡਰਾਂ ਨਾਲ ਲਾਹੌਰ ਭੇਜ ਕੇ ਸ਼ਾਹੀ ਕਿਲ੍ਹੇ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਜੁਲਾਈ 1925 ਵਿੱਚ ਸਰਕਾਰ ਨੇ ਗੁਰਦੁਆਰਾ ਐਕਟ ਪਾਸ ਕਰ ਦਿੱਤਾ। ਇਸ ਵੇਲੇ ਸਰ ਮੈਲਕਮ ਹੈਲੀ ਗਵਰਨਰ ਪੰਜਾਬ ਨੇ ਗ੍ਰਿਫਤਾਰ ਅਕਾਲੀ ਆਗੂਆਂ ਦੀ ਰਿਹਾਈ ਲਈ ਸ਼ਰਤਾਂ ਰੱਖ ਦਿੱਤੀਆਂ। ਅਕਾਲੀ ਦਲ ਦੇ ਦੋ ਧੜੇ ਬਣ ਗਏ। ਕੁਝ ਆਗੂਆਂ ਨੇ ਗਵਰਨਰ ਦੀਆਂ ਸ਼ਰਤਾਂ ਪ੍ਰਵਾਨ ਕਰਕੇ ਰਿਹਾਅ ਹੋਣਾ ਮੰਨ ਲਿਆ ਪਰ ਸੇਵਾ ਸਿੰਘ ਸ਼ਰਤਾਂ ਨਾ ਪ੍ਰਵਾਨ ਕਰਨ



ਵਾਲੇ ਆਗੂਆਂ 'ਚ ਸ਼ਾਮਲ ਸਨ। 13 ਸਤੰਬਰ 1926 ਨੂੰ ਸਰਕਾਰ ਨੇ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਨੂੰ ਕਾਨੂੰਨ ਵਿਰੁੱਧ ਕਰਾਰ ਦੇਣ ਦਾ ਐਲਾਨ ਵਾਪਸ ਲੈ ਲਿਆ। 27 ਸਤੰਬਰ 1926 ਨੂੰ ਅੰਗਰੇਜ਼ ਸਰਕਾਰ ਨੇ ਸ਼੍ਰੋਮਣੀ ਕਮੇਟੀ ਦੇ ਆਗੂਆਂ ਦਾ ਮੁਕੱਦਮਾ ਵਾਪਸ ਲੈ ਲਿਆ। ਇਸ ਸਮੇਂ ਹੋਰਨਾਂ ਅਕਾਲੀ ਆਗੂਆਂ ਨਾਲ ਸੇਵਾ ਸਿੰਘ ਦੀ ਰਿਹਾਈ ਵੀ ਹੋ ਗਈ। ਪਰ ਜਿਉਂ ਹੀ ਸੇਵਾ ਸਿੰਘ ਰਿਹਾਅ ਹੋ ਕੇ ਕਿਲ੍ਹੇ ਤੋਂ ਬਾਹਰ ਆਏ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਲਈ ਪਹਿਲਾਂ ਤੋਂ ਹੀ ਤਿਆਰ ਖੜ੍ਹੀ ਰਿਆਸਤ ਪਟਿਆਲਾ ਦੀ ਪੁਲੀਸ ਨੇ ਗ੍ਰਿਫਤਾਰ ਕਰ ਲਿਆ। ਉਨ੍ਹਾਂ ਖ਼ਿਲਾਫ਼ ਡੇਰਾ ਬਾਬਾ ਗਾਂਧਾ ਸਿੰਘ ਬਰਨਾਲਾ 'ਚੋਂ ਗੜਵੀ ਚੁੱਕਣ ਦਾ ਝੂਠਾ ਦੋਸ਼ ਲਾ ਕੇ ਮੁਕੱਦਮਾ ਚਲਾਇਆ ਗਿਆ। ਡੇਰੇ ਦੇ ਮਹੰਤ ਰਘਬੀਰ ਸਿੰਘ ਨੇ ਅਦਾਲਤ ਵਿੱਚ ਬਿਆਨ ਦਿੱਤਾ ਕਿ ਉਸ ਦੀ ਕੋਈ ਗੜਵੀ ਚੋਰੀ ਨਹੀਂ ਹੋਈ। ਮੁਕੱਦਮਾ ਖਾਰਜ ਹੋ ਗਿਆ, ਪਰ ਇਸ ਦੇ ਬਾਵਜੂਦ ਉਨ੍ਹਾਂ ਨੂੰ ਰਿਹਾਅ ਕਰਨ ਦੀ ਥਾਂ ਮਹਾਰਾਜਾ ਭੁਪਿੰਦਰ ਸਿੰਘ ਦੇ ਹੁਕਮਾਂ ਨਾਲ ਬਿਨਾਂ ਮੁਕੱਦਮਾ ਚਲਾਏ ਪਟਿਆਲੇ ਜੇਲ੍ਹ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਉਨ੍ਹਾਂ ਦੀ ਇਸ ਨਜ਼ਰਬੰਦੀ ਵਿਰੁੱਧ ਸਾਰੇ ਪੰਜਾਬ ਵਿੱਚ ਰੋਹ ਜਾਗ ਪਿਆ। 1927 ਵਿੱਚ ਉਨ੍ਹਾਂ ਦੀ ਰਿਹਾਈ ਲਈ ਠੀਕਰੀਵਾਲਾ ਵਿੱਚ ਦੀਵਾਨ ਰੱਖਿਆ ਗਿਆ। ਇਸ ਵਿੱਚ ਅਕਾਲੀ ਦਲ ਦੇ ਪ੍ਰਧਾਨ ਬਾਬਾ ਖੜਕ ਸਿੰਘ ਅਤੇ ਸਕੱਤਰ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਉਚੇਚੇ ਤੌਰ 'ਤੇ ਸ਼ਾਮਲ ਹੋਏ। ਅਕਾਲੀ ਅਤੇ ਪਰਦੇਸੀ ਅਖ਼ਬਾਰ ਵਿੱਚ ਮਹਾਰਾਜਾ ਪਟਿਆਲਾ ਵਿਰੁੱਧ ਕਈ ਲੇਖ ਲਿਖੇ ਗਏ, ਜਿਨ੍ਹਾਂ ਵਿੱਚ ਉਸ ਦੀਆਂ ਧੱਕੇਸ਼ਾਹੀਆਂ ਦੇ ਪਾਜ ਖੋਲ੍ਹੇ ਗਏ। 24 ਫਰਵਰੀ 1929 ਨੂੰ ਅਕਾਲ ਤਖਤ ਵਿਖੇ ਸਰਬ ਪਾਰਟੀ ਸਿੱਖ ਕਾਨਫਰੰਸ ਬੁਲਾਈ ਗਈ। ਇਸ ਕਾਨਫਰੰਸ ਵਿੱਚ ਵੀ ਸੇਵਾ ਸਿੰਘ ਦੀ ਰਿਹਾਈ ਲਈ ਵਿਚਾਰਾਂ ਕੀਤੀਆਂ ਗਈਆਂ। 25 ਅਗਸਤ 1929 ਨੂੰ ਸੇਵਾ ਸਿੰਘ ਦਿਵਸ ਮਨਾਉਣ ਦਾ ਫੈਸਲਾ ਕੀਤਾ ਗਿਆ। ਜਨਤਕ ਦਬਾਅ ਸਦਕਾ ਮਹਾਰਾਜਾ ਪਟਿਆਲਾ ਨੇ ਸੇਵਾ ਸਿੰਘ ਨੂੰ 45 ਸਾਥੀਆਂ ਸਮੇਤ 24 ਅਗਸਤ 1929 ਨੂੰ ਰਿਹਾਅ ਕਰ ਦਿੱਤਾ। ਰਿਹਾਈ ਉਪਰੰਤ ਰਿਆਸਤੀ ਅਕਾਲੀ ਦਲ ਵੱਲੋਂ ਬਰਨਾਲਾ ਦੇ ਰੇਲਵੇ ਸਟੇਸ਼ਨ 'ਤੇ ਪਹੁੰਚਣ 'ਤੇ ਸੇਵਾ ਸਿੰਘ ਠੀਕਰੀਵਾਲਾ ਦਾ ਸਵਾਗਤ ਕੀਤਾ ਗਿਆ।

ਰਿਆਸਤ ਪਟਿਆਲਾ ਵਿੱਚ ਪਰਜਾ ਮੰਡਲ ਦੀ ਸਥਾਪਨਾ ਫਰਵਰੀ 1928 ਵਿੱਚ ਹੋ ਚੁੱਕੀ ਸੀ। ਸੇਵਾ ਸਿੰਘ ਨੂੰ ਜੇਲ੍ਹ ਵਿੱਚ ਬੈਠਿਆਂ ਹੀ ਇਸ ਦਾ ਪ੍ਰਧਾਨ ਚੁਣ ਲਿਆ ਗਿਆ ਸੀ। 17 ਜੁਲਾਈ 1928 ਨੂੰ ਮਾਨਸਾ ਵਿੱਚ ਸਾਰੀਆਂ ਰਿਆਸਤਾਂ 'ਚੋਂ ਇਕੱਠੇ ਹੋਏ ਲੋਕਾਂ ਨੇ ਸਮੁੱਚਾ ਰਿਆਸਤੀ ਪਰਜਾ ਮੰਡਲ ਬਣਾਇਆ, ਜਿਸ ਦੇ ਪ੍ਰਧਾਨ ਸੇਵਾ ਸਿੰਘ ਠੀਕਰੀਵਾਲਾ ਅਤੇ ਜਨਰਲ ਸਕੱਤਰ ਜਸਵੰਤ ਸਿੰਘ ਦਾਨੇਵਾਲੀਆ ਨੂੰ ਚੁਣਿਆ ਗਿਆ। ਰਿਆਸਤੀ ਪਰਜਾ ਮੰਡਲ ਵੱਲੋਂ ਰਜਵਾੜਾ ਸ਼ਾਹੀ ਦੇ ਖਾਤਮੇ ਲਈ ਘੋਲ ਸ਼ੁਰੂ ਕੀਤਾ ਗਿਆ। ਦਸੰਬਰ 1929 ਵਿੱਚ ਲਾਹੌਰ ਦੇ ਬ੍ਰੈਡਲਾ ਹਾਲ ਵਿੱਚ ਪੰਜਾਬ ਰਿਆਸਤੀ ਪਰਜਾ ਮੰਡਲ ਦੀ ਪਹਿਲੀ ਕਾਨਫਰੰਸ ਹੋਈ। ਇਸ ਕਾਨਫਰੰਸ ਵਿੱਚ ਰਿਆਸਤੀ ਦੁਨੀਆ ਨਾਂ ਦਾ ਪਰਚਾ ਉਰਦੂ ਵਿੱਚ ਪ੍ਰਕਾਸ਼ਿਤ ਕਰਨ ਦਾ ਫੈਸਲਾ ਵੀ ਹੋਇਆ। 12 ਅਕਤੂਬਰ 1930 ਨੂੰ ਰਿਆਸਤੀ ਪਰਜਾ ਮੰਡਲ ਦੀ ਦੂਸਰੀ ਕਾਨਫਰੰਸ ਲੁਧਿਆਣਾ ਵਿੱਚ ਹੋਈ। ਇਸ ਕਾਨਫਰੰਸ ਦੇ ਪ੍ਰਧਾਨ ਪ੍ਰੋਫੈਸਰ ਰਵਿੰਦਰ ਰਾਓ ਪੂਨਾ ਅਤੇ ਸਵਾਗਤੀ ਕਮੇਟੀ ਦੇ ਪ੍ਰਧਾਨ ਸੇਵਾ ਸਿੰਘ ਠੀਕਰੀਵਾਲਾ ਸਨ। ਸਵਾਗਤੀ ਭਾਸ਼ਣ ਵਿੱਚ ਸੇਵਾ ਸਿੰਘ ਠੀਕਰੀਵਾਲਾ ਨੇ ਮਹਾਰਾਜਾ ਪਟਿਆਲਾ ਦੀਆਂ ਆਪਹੁਦਰੀਆਂ ਖ਼ਿਲਾਫ਼ ਅਤੇ ਲੋਕਾਂ ਦੀਆਂ ਦੁੱਖਾਂ-ਤਕਲੀਫਾਂ ਬਾਰੇ ਵਿਸਥਾਰ ਨਾਲ ਜ਼ਿਕਰ ਕੀਤਾ।

ਲੁਧਿਆਣਾ ਕਾਨਫਰੰਸ ਤੋਂ ਵਾਪਸ ਮੁੜਦਿਆਂ ਹੀ ਪੁਲੀਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। 20 ਨਵੰਬਰ 1930 ਨੂੰ ਬਰਨਾਲਾ ਦੇ ਮੈਜਿਸਟਰੇਟ ਪ੍ਰੀਤਮ ਸਿੰਘ ਸਿੱਧੂ ਦੀ ਅਦਾਲਤ ਵਿੱਚ ਕੇਸ ਚੱਲਿਆ। ਇਸ ਵਿੱਚ ਠੀਕਰੀਵਾਲਾ ਨੂੰ 10 ਸਾਲ ਕੈਦ ਅਤੇ 10 ਹਜ਼ਾਰ ਰੁਪਏ ਜੁਰਮਾਨੇ ਦੀ ਸਜ਼ਾ ਹੋਈ। ਪਰਜਾ ਮੰਡਲ ਵੱਲੋਂ ਹਾਈ ਕੋਰਟ ਵਿੱਚ ਅਪੀਲ ਕਰਨ 'ਤੇ ਉਨ੍ਹਾਂ ਦੀ ਸਜ਼ਾ ਪੰਜ ਸਾਲ ਕੈਦ ਅਤੇ 5000 ਰੁਪਏ ਜੁਰਮਾਨੇ ਦੀ ਰਹਿ ਗਈ। ਪਟਿਆਲਾ ਰਿਆਸਤ ਦੀਆਂ ਆਪ ਹੁਦਰੀਆਂ ਵਿਰੁੱਧ ਪਰਜਾ ਮੰਡਲ ਵੱਲੋਂ ਵਾਇਸਰਾਏ ਨੂੰ ਯਾਦ ਪੱਤਰ ਦਿੱਤਾ ਗਿਆ, ਜਿਸ ਵਿੱਚ ਮਹਾਰਾਜਾ ਭੁਪਿੰਦਰ ਸਿੰਘ ਦੇ ਜਬਰ-ਜ਼ੁਲਮ ਦਾ ਪਰਦਾਫਾਸ਼ ਕੀਤਾ ਗਿਆ। ਜਦੋਂ 1931 ਵਿੱਚ ਮਹਾਰਾਜਾ ਨੇ ਲੰਡਨ ਵਿੱਚ ਹੋਣ ਵਾਲੀ ਗੋਲਮੇਜ ਕਾਨਫਰੰਸ 'ਚ ਸ਼ਾਮਲ ਹੋਣ ਲਈ ਮੁੰਬਈ ਤੋਂ ਜਹਾਜ਼ ਚੜ੍ਹਨਾ ਸੀ ਤਾਂ ਪਰਜਾ ਮੰਡਲ ਦੇ ਵਰਕਰਾਂ ਨੇ ਕਾਲੀਆਂ ਝੰਡੀਆਂ ਨਾਲ ਮੁਜ਼ਾਹਰੇ ਕੀਤੇ। 12 ਮਾਰਚ 1931 ਨੂੰ ਸੇਵਾ ਸਿੰਘ ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ।

ਪੰਜਾਬ ਰਿਆਸਤੀ ਪਰਜਾ ਮੰਡਲ ਦੀ ਤੀਜੀ ਕਾਨਫਰੰਸ ਸ਼ਿਮਲਾ ਵਿੱਚ 24, 25 ਤੇ 26 ਜੁਲਾਈ 1931 ਨੂੰ ਰੱਖੀ ਗਈ। ਇਸ ਕਾਨਫਰੰਸ ਵਿੱਚ ਠੀਕਰੀਵਾਲਾ ਨੇ ਪਰਜਾ ਮੰਡਲ ਦੇ 1000 ਵਲੰਟੀਅਰਾਂ ਸਮੇਤ ਸ਼ਾਮਲ ਹੋਣ ਲਈ ਪੈਦਲ ਹੀ ਚਾਲੇ ਪਾ ਦਿੱਤੇ। ਸਰਕਾਰ ਨੇ ਸ਼ਿਮਲਾ ਕਾਨਫਰੰਸ ਫੇਲ੍ਹ ਕਰ ਦਿੱਤੀ, ਪਰ ਇਸ ਕਾਨਫਰੰਸ ਸਦਕਾ ਪਰਜਾ ਮੰਡਲ ਅੰਦਰ ਗੁੱਸਾ ਹੋਰ ਭੜਕ ਉੱਠਿਆ।

ਨਵੰਬਰ 1931 ਵਿੱਚ ਰਿਆਸਤ ਜੀਂਦ ਦੇ ਹਾਕਮਾਂ ਦੀ ਧੱਕੇਸ਼ਾਹੀ ਵਿਰੁੱਧ ਅੰਦੋਲਨ ਸ਼ੁਰੂ ਹੋਇਆ। ਪੰਜ ਨਵੰਬਰ 1931 ਨੂੰ ਸੰਗਰੂਰ ਦੀ ਪੁਲੀਸ ਨੇ ਉਨ੍ਹਾਂ ਨੂੰ ਫਿਰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਨੂੰ ਜਨਵਰੀ 1932 ਵਿੱਚ ਰਿਹਾਅ ਕੀਤਾ ਗਿਆ। 15 ਮਈ 1932 ਨੂੰ ਉਨ੍ਹਾਂ ਨੇ ਖੁਡਿਆਲਾ ਵਿੱਚ ਹੋਈ ਅਕਾਲੀ ਕਾਨਫਰੰਸ ਦੀ ਪ੍ਰਧਾਨਗੀ ਕੀਤੀ। 16 ਜੁਲਾਈ 1932 ਨੂੰ ਉਹ ਕੁਠਾਲੇ ਦੇ ਸ਼ਹੀਦਾਂ ਦੀ ਯਾਦ 'ਚ ਹੋ ਰਹੇ ਸਮਾਗਮ ਵਿੱਚ ਸ਼ਾਮਲ ਹੋਣ ਲਈ ਜਾ ਰਹੇ ਸਨ ਤਾਂ ਮਾਲੇਰਕੋਟਲਾ ਪੁਲੀਸ ਵੱਲੋਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਕੁਠਾਲਾ ਵਿੱਚ 17 ਜੁਲਾਈ 1927 ਨੂੰ 18 ਨਿਹੱਥੇ ਕਿਸਾਨ ਪੁਲੀਸ ਵੱਲੋਂ ਚਲਾਈਆਂ ਗਈਆਂ ਗੋਲੀਆਂ ਨਾਲ ਮਾਰੇ ਗਏ ਸਨ। ਇਸ ਸਮੇਂ ਉਹ ਤਿੰਨ ਮਹੀਨੇ ਜੇਲ੍ਹ ਵਿੱਚ ਰਹੇ। ਅਪਰੈਲ 1933 ਵਿੱਚ ਪਰਜਾ ਮੰਡਲ ਦੀ ਦਿੱਲੀ ਵਿੱਚ ਹੋਈ ਚੌਥੀ ਕਾਨਫਰੰਸ ਸਮੇਂ ਸੇਵਾ ਸਿੰਘ ਮੁੜ ਪੰਜਾਬ ਰਿਆਸਤੀ ਪਰਜਾ ਮੰਡਲ ਦੇ ਪ੍ਰਧਾਨ ਚੁਣੇ ਗਏ। ਇਸ ਪਿੱਛੋਂ ਅੰਮ੍ਰਿਤਸਰ ਵਿੱਚ ਰਿਆਸਤੀ ਪਰਜਾ ਮੰਡਲ ਦਾ ਤਕੜਾ ਇਕੱਠ ਹੋਇਆ।

7 ਜੁਲਾਈ 1933 ਨੂੰ ਪੰਜਾਬ ਸਰਕਾਰ ਵੱਲੋਂ ਸੇਵਾ ਸਿੰਘ ਨੂੰ 24 ਘੰਟੇ ਦੇ ਅੰਦਰ-ਅੰਦਰ ਅੰਮ੍ਰਿਤਸਰ ਸ਼ਹਿਰ ਛੱਡਣ ਦਾ ਹੁਕਮ ਦੇ ਦਿੱਤਾ। ਦੋ ਮਹੀਨਿਆਂ ਲਈ ਲਾਹੌਰ ਤੇ ਅੰਮ੍ਰਿਤਸਰ ਸ਼ਹਿਰ ਵਿੱਚ ਉਨ੍ਹਾਂ ਦੀ ਆਮਦ 'ਤੇ ਪਾਬੰਦੀ ਲਗਾ ਦਿੱਤੀ ਗਈ। ਪਰਜਾ ਮੰਡਲ ਦੀ ਅੰਤਰਿਮ ਕਮੇਟੀ ਦੀ 21 ਅਗਸਤ 1933 ਨੂੰ ਉਨ੍ਹਾਂ ਦੇ ਪ੍ਰਧਾਨਗੀ ਹੇਠ ਮੀਟਿੰਗ ਹੋਈ, ਜਿਸ ਵਿੱਚ ਪਰਜਾ ਮੰਡਲ ਦੇ ਮੋਰਚੇ ਦੀ ਤਿਆਰੀ ਸਬੰਧੀ ਵਿਚਾਰ ਹੋਏ। 25 ਅਗਸਤ 1933 ਨੂੰ ਉਨ੍ਹਾਂ ਨੂੰ ਅੰਤਿਮ ਵਾਰ ਗ੍ਰਿਫਤਾਰ ਕੀਤਾ ਗਿਆ। ਇਸ ਸਮੇਂ ਉਨ੍ਹਾਂ ਨੂੰ ਦਿੱਲੀ ਅਤੇ ਖੁਡਿਆਲਾ ਦੀਆਂ ਕਾਨਫਰੰਸਾਂ ਵਿਚ ਹਿੱਸਾ ਲੈਣ ਦੇ ਜੁਰਮ ਹੇਠ ਗ੍ਰਿਫਤਾਰ ਕੀਤਾ ਗਿਆ। ਉਨ੍ਹਾਂ ਉੱਪਰ ਮਹਾਰਾਜਾ ਪਟਿਆਲਾ ਵਿਰੁੱਧ ਪ੍ਰਚਾਰ ਕਰਨ ਦਾ ਦੋਸ਼ ਲਾ ਕੇ ਬਰਨਾਲੇ ਦੇ ਮੈਜਿਸਟਰੇਟ ਪ੍ਰੀਤਮ ਸਿੰਘ ਸਿੱਧੂ ਦੀ ਅਦਾਲਤ ਵਿੱਚ ਮੁਕੱਦਮਾ ਚਲਾਇਆ ਗਿਆ, ਜੋ ਕਈ ਮਹੀਨੇ ਚੱਲਦਾ ਰਿਹਾ। ਸੇਵਾ ਸਿੰਘ ਦਾ ਅਦਾਲਤਾਂ ਤੋਂ ਵਿਸ਼ਵਾਸ਼ ਉੱਠ ਚੁੱਕਿਆ ਸੀ। ਉਨ੍ਹਾਂ ਮੁਕੱਦਮੇ ਵਿੱਚ ਕੋਈ ਦਿਲਚਸਪੀ ਨਾ ਲਈ। 11 ਜਨਵਰੀ 1934 ਨੂੰ ਉਨ੍ਹਾਂ ਨੂੰ ਛੇ ਸਾਲ, ਛੇ ਮਹੀਨੇ ਕੈਦ ਦੀ ਸਜ਼ਾ ਅਤੇ 2000 ਜੁਰਮਾਨਾ ਕਰ ਦਿੱਤਾ ਅਤੇ ਨਾਲ ਹੀ ਉਨ੍ਹਾਂ ਦੀ ਜੇਲ੍ਹ ਬਦਲੀ ਕਰਕੇ ਬਰਨਾਲੇ ਤੋਂ ਸੈਂਟਰਲ ਜੇਲ੍ਹ ਪਟਿਆਲੇ ਭੇਜ ਦਿੱਤਾ। ਜੇਲ੍ਹ 'ਚ ਉਨ੍ਹਾਂ ਨਾਲ ਬਹੁਤ ਮਾੜਾ ਸਲੂਕ ਕੀਤਾ ਗਿਆ। ਰੋਸ ਵਜੋਂ ਉਨ੍ਹਾਂ 18 ਅਪਰੈਲ 1934 ਨੂੰ ਜੇਲ੍ਹ ਵਿੱਚ ਭੁੱਖ ਹੜਤਾਲ ਕਰ ਦਿੱਤੀ, ਜੋ ਉਨ੍ਹਾਂ ਦੀ ਸ਼ਹੀਦੀ ਤੱਕ ਨੌਂ ਮਹੀਨੇ ਚੱਲਦੀ ਰਹੀ।

ਭੁੱਖ ਹੜਤਾਲ ਕਰਕੇ ਉਨ੍ਹਾਂ ਦਾ ਭਾਰ 145 ਪੌਂਡ ਤੋਂ ਘਟ ਕੇ 80 ਪੌਂਡ ਰਹਿ ਗਿਆ। ਕਰਮਚਾਰੀ ਉਨ੍ਹਾਂ ਨੂੰ ਜ਼ਬਰਦਸਤੀ ਨਾਲੀ ਰਾਹੀਂ ਖੁਰਾਕ ਦਿੰਦੇ ਰਹੇ, ਪਰ ਉਨ੍ਹਾਂ ਨੇ ਆਪਣਾ ਸਿਰੜ ਨਹੀਂ ਛੱਡਿਆ। 18 ਜਨਵਰੀ ਨੂੰ ਉਨ੍ਹਾਂ ਨੂੰ ਖੂਨ ਦੀਆਂ ਉਲਟੀਆਂ ਲੱਗ ਗਈਆਂ। ਲੋਕ ਦਿਖਾਵੇ ਵਜੋਂ ਉਨ੍ਹਾਂ ਨੂੰ 19 ਜਨਵਰੀ ਨੂੰ ਰਾਜਿੰਦਰਾ ਹਸਪਤਾਲ, ਪਟਿਆਲਾ ਲਿਆਂਦਾ ਗਿਆ। ਇੱਥੇ ਹੀ ਉਹ 20 ਜਨਵਰੀ ਨੂੰ ਸਵੇਰੇ ਡੇਢ ਵਜੇ ਸ਼ਹੀਦੀ ਪ੍ਰਾਪਤ ਕਰ ਗਏ। ਰਜਿੰਦਰਾ ਹਸਪਤਾਲ ਦੇ ਨੇੜੇ ਹੀ ਮਾਲ ਰੋਡ 'ਤੇ ਚੌਕ ਵਿੱਚ ਉਨ੍ਹਾਂ ਦਾ ਬੁੱਤ ਲੱਗਾ ਹੋਇਆ ਹੈ। ਪਿੰਡ ਠੀਕਰੀ ਵਾਲਾ ਵਿੱਚ ਵੀ ਉਨ੍ਹਾਂ ਦੀ ਯਾਦਗਾਰ ਬਣਾਈ ਗਈ ਹੈ। ਠੀਕਰੀਵਾਲਾ ਤੋਂ ਬਰਨਾਲਾ ਨੂੰ ਜਾਣ ਵਾਲੀ ਸੜਕ ਦਾ ਨਾਂ ਸ਼ਹੀਦ ਸੇਵਾ ਸਿੰਘ ਦੇ ਨਾਂ ਉੱਪਰ ਰੱਖਿਆ ਹੋਇਆ ਹੈ।



# ਆਰਟੀਫੀਸ਼ੀਅਲ ਇੰਟੈਲੀਜੈਂਸ - ਵਰ ਕਿ ਸਰਾਪ

*ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ।*

**ਲਿਖਤ : ਡਾ. ਗੁਰਬਖਸ਼ ਸਿੰਘ ਭੰਡਾਲ**
**ਸੰਪਰਕ** : 216-556-2080

ਪਿਛਲੇ ਕੁਝ ਸਾਲਾਂ ਵਿਚ ਆਧੁਨਿਕ ਟੈਕਨਾਲੋਜੀ ਦੀ ਤਰੱਕੀ ਨੇ ਮਨੁੱਖ ਨੂੰ ਹੈਰਾਨ ਅਤੇ ਪ੍ਰੇਸ਼ਾਨ ਕੀਤਾ ਹੈ ਅਤੇ ਗੰਭੀਰ ਪ੍ਰਸ਼ਨ ਵੀ ਪੈਦਾ ਕੀਤੇ ਹਨ। ਕੀ ਇਹ ਆਧੁਨਿਕ ਟੈਕਨਾਲੋਜੀ ਜਿਥੇ ਮਨੁੱਖ ਲਈ ਬਹੁਤ ਸਾਰੀਆਂ ਸਹੂਲਤਾਂ ਪੈਦਾ ਕਰ ਰਹੀ ਹੈ ਉਥੇ ਇਹ ਮਨੁੱਖ ਲਈ ਕਿਧਰੇ ਸਰਾਪ ਤਾਂ ਨਹੀਂ ਬਣ ਰਹੀ? ਭਾਵੇਂ ਇਹ ਸੋਸ਼ਲ ਮੀਡੀਆ ਹੋਵੇ, ਸਮਾਰਟ ਫ਼ੋਨ ਹੋਣ ਜਾਂ ਸੁੱਖਸਹੂਲਤਾਂ ਵਾਲੀਆਂ ਵਸਤਾਂ ਜਿਹੜੀਆਂ ਅਸੀਂ ਆਮ ਜੀਵਨ ਵਿਚ ਵਰਤਦੇ ਹਾਂ। ਪਰ ਖੋਜ ਇਥੇ ਵੀ ਨਹੀਂ ਰੁਕੀ ਅਤੇ ਹੁਣ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਦੀ ਆਮਦ ਨੇ ਮਨੁੱਖ ਨੂੰ ਸੋਚਾਂ ਵਿਚ ਜ਼ਰੂਰ ਪਾ ਦਿਤਾ ਹੈ ਕਿ ਇਸ ਨਾਲ ਜੀਵਨ ਵਿਚ ਕਿਸ ਤਰ੍ਹਾਂ ਦੀ ਉਥਲ-ਪੁਥਲ ਪੈਦਾ ਹੋਵੇਗੀ? ਪਿਛਲੇ ਕੁਝ ਸਾਲਾਂ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ ਅਸਾਧਾਰਨ ਰਫ਼ਤਾਰ ਨਾਲ ਅੱਗੇ ਵਧੀ ਹੈ। ਅੱਜ ਇਹ ਅਵਾਰਡਜੇਤੂ, ਕਲਾਮਈ ਸਕ੍ਰਿਪਟਾਂ ਲਿਖਣ ਦੇ ਸਮਰੱਥ ਹੈ ਜਿਨ੍ਹਾਂ ਨੂੰ ਅਸਲ ਫਿਲਮਾਂ ਵਿਚ ਬਦਲਿਆ ਜਾ ਸਕਦਾ ਹੈ। ਚੈਟਜੀਪੀਟੀ (ਛਹਓਟਘਫਠ) ਨਵੀਨਤਮ ਐਪ ਹੈ ਜਿਸਨੇ ਤਕਨੀਕੀ ਅਤੇ ਮੀਡੀਆ ਦੇ ਲੋਕਾਂ ਨੂੰ ਹੈਰਾਨ ਕਰ ਦਿੱਤਾ ਹੈ। ਇਹ ਐਪ ਅਜੇਹੀ ਲਿਖਤ ਤਿਆਰ ਕਰਦਾ ਹੈ ਕਿ ਇਹ ਦੱਸਣਾ ਅਸੰਭਵ ਹੁੰਦਾ ਹੈ ਕਿ ਕੀ ਇਹ ਲਿਖਤ ਮਨੁੱਖ ਜਾਂ ਮਸ਼ੀਨ ਦੁਆਰਾ ਤਿਆਰ ਕੀਤੀ ਗਈ ਹੈ? ਕੁਝ ਸਮਾਂ ਪਹਿਲਾਂ, ਖੋਜ ਕੰਪਨੀ ਓਪਨਏਆਈ ਨੇ ਚੈਟਜੀਪੀਟੀ (ਚਹਓਟਘਫਠ) ਨੂੰ ਜਾਰੀ ਕੀਤਾ। ਇਹ ਇੱਕ ਭਾਸ਼ਾ ਮਾਡਲ ਹੈ ਜੋ ਇੱਕ ਉਪਭੋਗਤਾ ਦੁਆਰਾ ਪ੍ਰਦਾਨ ਕੀਤੇ ਖਾਸ ਵਿਚਾਰਾਂ ਦੇ ਆਧਾਰ 'ਤੇ ਸ਼ਾਨਦਾਰ ਢੰਗ ਨਾਲ ਢਾਂਚਾਗਤ ਦਲੀਲਾਂ ਦਾ ਨਿਰਮਾਣ ਕਰ ਸਕਦਾ ਹੈ। ਅਜੇਹਾ ਸਿਸਟਮ ਜੋ ਅੱਗੇ ਆਉਣ ਵਾਲੇ ਸ਼ਬਦਾਂ ਦੀ ਭਵਿੱਖਬਾਣੀ ਕਰਨ ਲਈ ਔਨਲਾਈਨ ਟੈਕਸਟ ਦੇ ਇੱਕ ਵਿਸ਼ਾਲ ਭੰਡਾਰ ਦੀ ਵਰਤੋਂ ਕਰਦਾ ਹੈ। ਇਹ ਐਪ ਮਸ਼ਹੂਰ ਲੇਖਕਾਂ ਦੀ ਸ਼ੈਲੀ ਵਿਚ ਨਵੀਆਂ ਕਹਾਣੀਆਂ ਲਿਖਣ, ਅਤੇ ਉਨ੍ਹਾਂ ਵਿਦਿਆਰਥੀਆਂ ਲਈ ਲੇਖ ਲਿਖਣ ਦੇ ਯੋਗ ਹੈ ਜੋ ਅੰਗਰੇਜ਼ੀ ਦੇ ਪੇਪਰ, ਆਈਲੈਟਸ ਜਾਂ ਟੌਫ਼ਲ ਵਰਗੇ ਇਮਤਿਹਾਨਾਂ ਵਿਚ ਆਸਾਨੀ ਨਾਲ ਪਾਸ ਹੋ ਸਕਦੇ ਹਨ। ਇਸ ਐਪ ਦੀ ਵਰਤੋਂ ਨੇ ਅਧਿਆਪਕਾਂ ਵਿਚ ਚਿੰਤਾ ਪੈਦਾ ਕਰ ਦਿੱਤੀ ਹੈ, ਜੋ ਅਸਾਨੀ ਨਾਲ ਆਮ ਵਿਦਿਆਰਥੀ ਵਰਗੀ ਲਿਖਤ ਨੂੰ ਪੈਦਾ ਕਰ ਸਕਦਾ ਹੈ। ਸਕੂਲ ਵਿਚ ਨਕਲ ਮਾਰਨਾ ਕੋਈ ਨਵੀਂ ਗੱਲ ਨਹੀਂ ਹੈ, ਪਰ ਚੈਟਜੀਪੀਟੀ (chatGPT) ਵਰਗੇ ਐਪ ਪਿਛਲੇ ਸਮੇਂ ਵਿਚ ਵਿਦਿਆਰਥੀਆਂ ਦੁਆਰਾ ਵਰਤੇ ਗਏ ਢੰਗ ਤਰੀਕਿਆਂ ਤੋਂ ਸਪਸ਼ਟ ਤੌਰ 'ਤੇ ਵੱਖਰੇ ਹਨ। ਇਨ੍ਹਾਂ ਐਪਾਂ ਦੁਆਰਾ ਤਿਆਰ ਕੀਤੀ ਗਈ ਲਿਖਤ ਪੂਰੀ ਤਰ੍ਹਾਂ ਅਸਲੀ ਲੱਗਦੀ ਹੈ ਜਿਸਨੂੰ ਸਭ ਤੋਂ ਵਧੀਆ ਸਾਹਿਤਕ ਚੋਰੀ ਦੇ ਸੌਫ਼ਟਵੇਅਰ ਦੁਆਰਾ ਵੀ ਪਕੜਿਆ ਨਹੀਂ ਜਾ ਸਕਦਾ। ਇਹ ਐਪ ਵਿਦਿਆਰਥੀਆਂ ਨੂੰ ਉਹ ਜਾਣਕਾਰੀ ਵੀ ਪ੍ਰਦਾਨ ਕਰਦਾ ਹੈ ਜੋ ਉਨ੍ਹਾਂ ਨੂੰ ਆਪਣੇ ਆਪ ਲੱਭਣੀ ਚਾਹੀਦੀ ਹੈ। ਪਰ ਕੁਝ ਅਧਿਆਪਕ ਛਹਓਟਘਫਠ ਨੂੰ ਇੱਕ ਸੰਕੇਤ ਦੇ ਤੌਰ 'ਤੇ ਦੇਖਦੇ ਹਨ ਜੋ ਹਰ ਪੱਧਰ 'ਤੇ ਸਕੂਲਾਂ ਵਿਚ ਵਰਤਿਆ ਜਾਵੇਗਾ। ਉਨ੍ਹਾਂ ਦੀ ਦਲੀਲ ਹੈ ਕਿ ਧੋਖਾਧੜੀ ਨੂੰ ਜੜ੍ਹੋਂ ਪੁੱਟਣਾ ਅਸੰਭਵ ਹੋਵੇਗਾ, ਕਿਉਂਕਿ ਇਹ ਨਿਰਧਾਰਤ ਕਰਨ ਲਈ ਕੋਈ ਅਜੇਹਾ ਤਰੀਕਾ ਨਹੀਂ ਹੋਵੇਗਾ ਕਿ ਇਹ ਲਿਖਤ ਪ੍ਰਮਾਣਿਕ ਹੈ ਜਾਂ ਮਸ਼ੀਨ ਦੁਆਰਾ ਬਣਾਈ ਗਈ ਹੈ। ਪਰ ਇਸ ਐਪ ਨਾਲ ਲਿਖਣ ਦੀ ਕਲਾ ਜਿਵੇਂ ਕਿ ਵਿਸ਼ਲੇਸ਼ਣ, ਆਲੋਚਨਾਤਮਕ ਸੋਚ, ਰਚਨਾਤਮਕਤਾ ਅਤੇ ਵਿਸ਼ੇਸ਼ ਦਲੀਲ ਨੂੰ ਲਿਖਤ ਵਿਚ ਪੇਸ਼ ਕਰਨ ਦੀ ਯੋਗਤਾ ਖਤਮ ਹੋ ਜਾਵੇਗੀ । ਕੁਝ ਦਾ ਕਹਿਣਾ ਹੈ ਕਿ ਇਹ ਚਿੰਤਾਵਾਂ ਬੇਲੋੜੀਆਂ ਹਨ। ਉਹ ਕਹਿੰਦੇ ਹਨ ਕਿ ਇਸ ਐਪ ਦੁਆਰਾ ਲਿਖੀ ਗਈ ਲਿਖਤ ਵਿਚ ਕੁਝ ਖਾਲੀ ਥਾਵਾਂ ਵਿਦਿਆਰਥੀ ਵਲੋਂ ਭਰਨੀਆਂ ਹੁੰਦੀਆਂ ਹਨ ਜਿਸ ਨਾਲ ਅਧਿਆਪਕ ਪਤਾ ਲਗਾ ਸਕਦਾ ਕਿ ਇਹ ਲਿਖਤ ਐਪ ਨੇ ਤਿਆਰ ਕੀਤੀ ਹੈ ਜਾਂ ਵਿਦਿਆਰਥੀ ਦੀ ਮੂਲ ਲਿਖਤ ਹੈ। ਕੁਝ ਮਾਪੇ ਇਸ ਐਪ 'ਤੇ ਖੁਸ਼ ਹਨ ਅਤੇ ਇਸਨੂੰ ਬੱਚਿਆਂ ਦੀ ਲਿਖਣ-ਕਲਾ ਅਤੇ ਭਾਸ਼ਾ ਨੂੰ ਵਧੇਰੇ ਪਹੁੰਚਯੋਗ ਬਣਾਉਣ ਦੇ ਤਰੀਕੇ ਵਜੋਂ ਦੇਖਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਟੈਕਸਟ ਜਨਰੇਟਰ ਉਨ੍ਹਾਂ ਵਿਦਿਆਰਥੀਆਂ ਦੀ ਮਦਦ ਕਰਨ ਲਈ ਪ੍ਰਮੁੱਖ ਸਾਧਨ ਹੋ ਸਕਦਾ ਹੈ ਜੋ ਲਿਖਣ ਲਈ ਸੰਘਰਸ਼ ਕਰਦੇ ਹਨ, ਕਿਉਂਕਿ ਅੰਗਰੇਜ਼ੀ ਉਨ੍ਹਾਂ ਦੀ ਪਹਿਲੀ ਭਾਸ਼ਾ ਨਹੀਂ ਹੈ। ਕੁਝ ਦਾ ਤਰਕ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਸਕੂਲਾਂ ਨੂੰ ਇਸ ਬਾਰੇ ਹੋਰ ਰਚਨਾਤਮਕ ਢੰਗ ਨਾਲ ਸੋਚਣ ਲਈ ਮਜਬੂਰ ਕਰੇਗਾ ਕਿ ਉਹ ਵਿਦਿਆਰਥੀਆਂ ਨੂੰ ਲਿਖਣਾ ਕਿਵੇਂ ਸਿਖਾਉਂਦੇ ਹਨ? ਇਹ ਐਪ ਵਿਦਿਅਕ ਅਦਾਰਿਆਂ ਨੂੰ ਪਾਠਕ੍ਰਮ ਵਿਚ ਸੁਧਾਰ ਕਰਨ ਲਈ ਪ੍ਰੇਰਿਤ ਵੀ ਕਰ ਸਕਦਾ ਹੈ। ਇਹ ਪੁੱਛੇ ਜਾਣ 'ਤੇ ਕੀ ਆਰਟੀਫੀਸ਼ੀਅਲ ਇੰਟੈਲੀਜੈਂਸ ਅਕਾਦਮਿਕ ਲੇਖ ਲਿਖਣ ਨੂੰ ਖਤਮ ਕਰ ਦੇਵੇਗਾ, ਚੈਟਜੀਪੀਟੀ ਤਿਆਰ ਕਰਨ ਵਾਲਿਆਂ ਨੇ ਕੋਈ ਚਿੰਤਾ ਨਹੀਂ ਜ਼ਾਹਰ ਕੀਤੀ। ਉਨ੍ਹਾਂ ਦਾ ਕਹਿਣਾ ਹੈ ਕਿ ਹਾਲਾਂਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਤਕਨਾਲੋਜੀ ਨੇ ਕੁਦਰਤੀ ਭਾਸ਼ਾ ਦੀ ਪ੍ਰਕਿਰਿਆ ਵਿਚ ਬਹੁਤ ਤਰੱਕੀ ਕੀਤੀ ਹੈ ਅਤੇ ਪਰੂਫ ਰੀਡਿੰਗ ਅਤੇ ਵਿਆਕਰਣ ਦੀ ਜਾਂਚ ਵਰਗੇ ਕੰਮਾਂ ਵਿਚ ਸਹਾਇਤਾ ਕਰ ਸਕਦੀ ਹੈ। ਇਹ ਵਰਤਮਾਨ ਵਿਚ ਅਕਾਦਮਿਕ ਲਿਖਤ ਦਾ ਮੁੱਖ ਹਿੱਸਾ ਹੈ, ਪਰ ਇਹ ਗੰਭੀਰ ਸੋਚ ਅਤੇ ਵਿਸ਼ਲੇਸ਼ਣ ਨੂੰ ਪੂਰੀ ਤਰ੍ਹਾਂ ਦੁਹਰਾਉਣ ਦੇ ਸਮਰੱਥ ਨਹੀਂ ਹੈ। ਪਰ ਇਹ ਸਪੱਸ਼ਟ ਹੋਣ ਵਿਚ ਕਈ ਸਾਲ ਲੱਗ ਸਕਦੇ ਹਨ ਕਿ ਕੀ ਆਰਟੀਫੀਸ਼ੀਅਲ ਇੰਟੈਲੀਜੈਂਸ ਨਵਸਿਖਿਆਰਥੀਆਂ ਲਈ ਵਰ ਹੈ ਜਾਂ ਸਰਾਪ। ਇਕ ਵਿਦਿਅਕ ਅਦਾਰੇ ਦੇ ਮੁਖੀ ਦਾ ਮੰਨਣਾ ਹੈ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ ਇਕ ਧੋਖੇਬਾਜ਼ ਅਕਾਦਮਿਕ ਖ਼ਤਰਾ ਦਰਪੇਸ਼ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਵਿਚ ਕ੍ਰਾਂਤੀ ਨੇ ਨਵੇਂ ਸ਼ਕਤੀਸ਼ਾਲੀ ਆਟੋਮੈਟਿਕ ਲਿਖਣ ਦੇ ਸਾਧਨ ਬਣਾਏ ਹਨ। ਇਹ ਉਹ ਮਸ਼ੀਨਾਂ ਹਨ ਜੋ ਸਕੂਲ ਅਤੇ ਯੂਨੀਵਰਸਿਟੀ ਦੇ ਪੇਪਰਾਂ ਵਿਚ ਧੋਖਾਧੜੀ ਕਰਨ ਦੇ ਅਨੁਕੂਲ ਹਨ ਜਿਸ ਨੂੰ ਫੜਨਾ ਮੁਸ਼ਕਲ ਹੈ ਭਾਵੇਂ ਪੂਰੀ ਤਰ੍ਹਾਂ ਅਸੰਭਵ ਨਹੀਂ ਹੈ। ਯਾਦ ਰਹਿਣਾ ਚਾਹੀਦਾ ਹੈ ਕਿ ਮਨੁੱਖੀ ਸਿਰਜਣਾਤਮਕਤਾ ਕਿਤੇ ਜ਼ਿਆਦਾ ਸ਼ਕਤੀਸ਼ਾਲੀ ਹੈ, ਅਤੇ ਕੌਣ ਜਾਣਦਾ ਹੈ ਕਿ ਭਵਿੱਖ ਵਿਚ ਅਜਿਹੀ ਰਚਨਾਤਮਕਤਾ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ ਨਾਲ ਹੋਰ ਵੀ ਵਧਾਇਆ ਜਾ ਸਕੇ। ਹੁਣ ਆਰਟੀਫੀਸ਼ੀਅਲ ਇੰਟੈਲੀਜੈਂਸ ਤਾਂ ਸਦਾ ਰਹੇਗੀ ਭਾਵੇਂ ਸਾਨੂੰ ਇਹ ਪਸੰਦ ਹੋਵੇ ਜਾਂ ਨਾ। ਬੇਈਮਾਨ ਵਿਦਿਆਰਥੀਆਂ ਨੂੰ ਇਨ੍ਹਾਂ ਸ਼ਾਰਟਕੱਟਾਂ ਦੀ ਵਰਤੋਂ ਕਰਨ ਦੀ ਯੋਗਤਾ ਪ੍ਰਦਾਨ ਕਰੇਗੀ। ਇਹ ਸਿੱਧੇ ਤੌਰ 'ਤੇ ਸਾਹਿਤਕ ਚੋਰੀ, ਅਤੇ ਉਨ੍ਹਾਂ ਕੰਪਨੀਆਂ ਲਈ ਇਕ ਵਪਾਰਕ ਨੁਸਖਾ ਵੀ ਹੈ ਜੋ ਪੇਪਰ, ਹੋਮਵਰਕ, ਅਤੇ ਟੈਸਟ ਦੇ ਜਵਾਬ ਵੇਚਦੀਆਂ ਹਨ। ਆਰਟੀਫੀਸ਼ੀਅਲ ਇੰਟੈਲੀਜੈਂਸ ਸਦਕਾ ਹੀ ਸਾਈਬਰ ਕ੍ਰਾਈਮ ਵਿਚ ਵਾਧਾ ਹੋ ਰਿਹਾ ਹੈ ਕਿਉਂਕਿ ਕਿਸੇ ਵੀ ਵਿਅਕਤੀ ਦੀ ਆਵਾਜ਼ ਦੀ ਕਾਪੀ ਕਰ ਕੇ, ਹੂਬਹੂ ਉਸਦੀ ਆਵਾਜ਼ ਤੇ ਲਹਿਜ਼ੇ ਵਿਚ ਉਸਦੇ ਨੇੜਲੇ ਸਕੇ ਸਬੰਧੀ ਨੂੰ ਫ਼ੋਨ ਕਰ ਕੇ ਠੱਗੀ ਮਾਰਨ ਦੇ ਕੇਸ ਵੀ ਆਉਣੇ ਸ਼ੁਰੂ ਹੋ ਗਏ ਹਨ। ਹੈ। ਉੜੀਸਾ ਵਿਚ ਤਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਇਕ ਐਂਕਰ ਉੜੀਆ ਵਿਚ ਖ਼ਬਰਾਂ ਵੀ ਪੜ੍ਹਨ ਲੱਗ ਪਈ ਹੈ। ਕਰਨਾਟਕਾ ਵਿਚ ਇਕ ਐਨਜੀਓ ਆਰਟੀਫੀਸ਼ੀਅਲ ਇੰਟੈਲੀਜੈਂਸ ਨੂੰ ਲੋਕਾਂ ਰਾਹੀਂ ਲੋਕਾਂ ਵਾਸਤੇ ਵਰਤੋਂ ਕਰਨ ਦਾ ਅਨੋਖਾ ਤਜਰਬਾ ਕਰ ਰਹੀ ਹੈ ਜਿਸ ਰਾਹੀਂ ਵੱਖ ਵੱਖ ਕਬੀਲਿਆਂ ਦੀਆਂ ਉਪ-ਬੋਲੀਆਂ ਦਾ ਡਾਟਾ ਬਣਾ ਕੇ ਵੱਡੇ ਕਾਰਪੋਰੇਟ ਅਦਾਰਿਆਂ ਨੂੰ ਵੇਚ ਕੇ, ਇਸਦਾ ਕੁਝ ਹਿੱਸਾ ਆਮ ਲੋਕਾਂ ਨੂੰ ਦੇ ਕੇ ਆਮ ਲੋਕਾਂ ਦੀ ਆਮਦਨੀ ਵਧਾਈ ਜਾ ਰਹੀ ਹੈ। ਪਰ ਫ਼ਿਕਰ ਵਾਲੀ ਗੱਲ ਇਹ ਹੈ ਕਿ ਜੇਕਰ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਫ਼ਿਲਮਾਂ ਦੀਆਂ ਸਕ੍ਰਿਪਟਾਂ ਲਿਖੀਆਂ ਜਾਣ ਲੱਗੀਆਂ ਅਤੇ ਐਕਟਰਾਂ ਦੀਆਂ ਅਵਾਜ਼ਾਂ ਵਿਚ ਡਾਇਲਾਗ ਬੋਲੇ ਜਾਣ ਲੱਗ ਪਏ ਤਾਂ ਫ਼ਿਲਮਾਂ ਦੇ ਲੇਖਕ, ਗੀਤਕਾਰ, ਐਕਟਰ ਆਦਿ ਸਾਰੇ ਵਿਹਲੇ ਹੋ ਜਾਣਗੇ। ਹੁਣ ਤਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਕਈ ਮਰਹੂਮ ਗਾਇਕਾਂ ਦੇ ਗੀਤ ਵੀ ਮਾਰਕਿਟ ਵਿਚ ਆ ਰਹੇ ਜਿਨ੍ਹਾਂ ਵਿਚ ਉਨ੍ਹਾਂ ਗਾਇਕਾਂ ਦੀ ਡਿਜੀਟਲ ਫੋਟੋ ਰਾਹੀਂ ਫ਼ਿਲਮਾਂਕਣ ਕੀਤਾ ਹੁੰਦਾ ਹੈ। ਆਰਟੀਫੀਸ਼ੀਅਲ ਇੰਟੈਲੀਜੈਂਸ ਇਸ ਕਦਰ ਕਾਰਪੋਰੇਟ ਅਦਾਰਿਆਂ ਵਿਚ ਦਾਖ਼ਲ ਹੋ ਗਈ ਹੈ ਕਿ ਐਮਾਜ਼ੋਨ ਅਦਾਰਾ ਇਕ ਲੱਖ ਤੋਂ ਵੱਧ ਰੋਬੋਟਾਂ ਦੀ ਵਰਤੋਂ ਨਾਲ ਕਾਮਿਆਂ ਦੀਆਂ ਹੜਤਾਲਾਂ ਅਤੇ ਕੰਮ ਦੇ ਸੀਮਤ ਘੰਟਿਆਂ ਤੋਂ ਸੁਰਖ਼ਰੂ ਹੋ ਗਿਆ ਹੈ ਕਿਉਂਕਿ ਰੋਬੋਟ ਤਾਂ 24/7 ਕੰਮ ਕਰਦੇ ਹਨ। ਇਹ ਵੀ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਹੀ ਵਰਤੋਂ ਹੈ ਕਿ ਅਸੀਂ ਹੁਕਮ ਕਰਦੇ ਹਾਂ ਕਿ ਹੇ ਸੀਰੀ! ਇਸ ਕਮਰੇ ਦਾ ਪੱਖਾ ਚਲਾ ਦੇ, ਉਸ ਕਮਰੇ ਦੀਆਂ ਲਾਈਟਾਂ ਜਗਾ ਦੇ, ਟੀਵੀ ਆਨ ਕਰਦੇ, ਫ਼ਲਾਨਾ ਚੈਨਲ ਲਗਾ ਦੇ ਤੇ ਫਲਾਨੇ ਨੂੰ ਫ਼ੋਨ ਮਿਲਾ ਦੇ। ਆਈਫ਼ਲ ਟਾਵਰ ਕਦੋਂ ਬਣਿਆ ਸੀ? ਜੀਪੀਐਸ ਵਿਚ ਵੀ ਤਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਰਾਹੀਂ ਸਟੋਰ ਕੀਤੀ ਜਾਣਕਾਰੀ, ਬੋਲ ਕੇ ਸਾਡਾ ਮਾਰਗ ਦਰਸ਼ਕ ਕਰਦੀ ਹੈ। ਇਕੱਲਤਾ ਭੋਗ ਰਹੇ ਵਿਅਕਤੀ ਤਾਂ ਸੀਰੀ ਨਾਲ ਹਰ ਤਰ੍ਹਾਂ ਦੀਆਂ ਗੱਲਾਂ ਕਰ ਕੇ ਆਪਣਾ ਸਮਾਂ ਪਾਸ ਕਰਦੇ ਹਨ ਕਿਉਂਕਿ ਸੀਰੀ ਨਾਲ ਤੁਸੀਂ ਕਿਸੇ ਵੀ ਵਿਸ਼ੇ ਬਾਰੇ ਗੱਲ ਕਰ ਸਕਦੇ ਹੋ। ਹੁਣ ਤਾਂ ਆਰਟੀਫੀਸ਼ੀਅਲ ਇੰਟੈਲੀਜੈਂਸ ਹੀ ਸਾਥੀ ਬਣ ਰਹੀ ਏ ਦਿਲ ਦੀਆਂ ਗੱਲਾਂ ਕਰਨ ਲਈ। ਪਰ ਸਭ ਤੋਂ ਜ਼ਿਆਦਾ ਮਹੱਤਵਪੂਰਨ ਹੈ ਕਿ ਜਦੋਂ ਵੀ ਕੋਈ ਨਵੀਂ ਟੈਕਨਾਲੌਜੀ ਆਉਂਦੀ ਹੈ ਤਾਂ ਘਬਰਾਹਟ ਹੋਣੀ ਲਾਜ਼ਮੀ ਹੁੰਦੀ ਹੈ। ਇਹ ਤਾਂ ਵਰਤਣ ਵਾਲੇ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਸਿਹਤਮੰਦ ਤਰੀਕੇ ਨਾਲ ਇਸ ਨੂੰ ਵਰਤਣ ਲਈ ਤਿਆਰ ਰਹੇ ਤਾਂ ਕਿ ਨਵੀਂ ਤਕਨਾਲੋਜੀ ਨੂੰ ਉਸਾਰੂ ਅਤੇ ਚੰਗੇਰੇ ਰੂਪ ਵਿਚ ਵਰਤਿਆ ਜਾਵੇ।


# ਪੰਜਾਬ 'ਚ ਪੀਣਯੋਗ ਪਾਣੀ ਦੇ ਸੰਕਟ ਨੇ ਚਿੰਤਾ ਵਧਾਈ

**ਲਿਖਤ : ਜਸਵਿੰਦਰ ਧੂਹਰਾ**

ਪੰਜਾਬ ਦੇ ਬਹੁਤੇ ਇਲਾਕਿਆਂ 'ਚ ਧਰਤੀ ਹੇਠਲਾ ਪਾਣੀ ਹੁਣ ਇੰਨਾ ਜ਼ਿਆਦਾ ਦੂਸ਼ਿਤ ਹੋ ਚੁੱਕਾ ਹੈ ਕਿ ਇਹ ਪੀਣਯੋਗ ਨਹੀਂ ਰਿਹਾ ਤੇ ਮਨੁੱਖੀ ਤੇ ਜੀਵ-ਜੰਤੂਆਂ ਦੀ ਸਿਹਤ ਲਈ ਵੱਡਾ ਖ਼ਤਰਾ ਵੀ ਬਣ ਗਿਆ ਹੈ। ਇਹ ਪ੍ਰਗਟਾਵਾ ਹਿਮਾਚਲ ਪ੍ਰਦੇਸ਼ ਦੇ ਮੰਡੀ ਸਥਿਤ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਵੱਲੋਂ ਕੀਤੀ ਗਈ ਇਕ ਤਾਜ਼ਾ ਖੋਜ 'ਚ ਕੀਤਾ ਗਿਆ ਹੈ। ਇਹ ਖੋਜ ਕਰਨ ਲਈ ਪੰਜਾਬ 'ਚ 315 ਥਾਵਾਂ ਤੋਂ ਪਾਣੀ ਦੇ ਸੈਂਪਲ ਲਏ ਗਏ ਸਨ। ਇਹ ਖੋਜ 'ਐਨਵਾਇਰਨਮੈਂਟਲ ਸਾਇੰਸ ਐਂਡ ਪੋਲਿਊਸ਼ਨ ਰਿਸਰਚ' ਨਾਂ ਦੇ ਇਕ ਰਸਾਲੇ 'ਚ ਛਪੀ ਹੈ। ਇਸ ਖੋਜ ਮੁਤਾਬਕ ਪਿਛਲੇ ਦੋ ਦਹਾਕਿਆਂ ਦੌਰਾਨ ਮੌਨਸੂਨ ਕਮਜ਼ੋਰ ਰਹਿਣ ਕਾਰਨ ਜ਼ਮੀਨਦੋਜ਼ ਪਾਣੀ ਦੀ ਮੰਗ ਬਹੁਤ ਜ਼ਿਆਦਾ ਵਧ ਗਈ ਹੈ। ਇਸੇ ਲਈ ਜਲ-ਸਪਲਾਈ ਵਿਭਾਗ ਤੇ ਪੰਜਾਬ ਦੇ ਕਿਸਾਨਾਂ ਨੂੰ ਹੁਣ ਧਰਤੀ 'ਚ ਡੂੰਘੇ ਬੋਰ ਕਰ ਕੇ ਪਾਣੀ ਲੈਣਾ ਪੈ ਰਿਹਾ ਹੈ ਪਰ ਉਸ ਪਾਣੀ 'ਚ ਭਾਰੀ ਧਾਤਾਂ ਵੀ ਮੌਜੂਦ ਹੁੰਦੀਆਂ ਹਨ ਜਿਨ੍ਹਾਂ 'ਚੋਂ ਕੁਝ ਤਾਂ ਰੇਡੀਓਐਕਟਿਵ ਵੀ ਹੁੰਦੀਆਂ ਹਨ ਅਤੇ ਮਨੁੱਖੀ ਸਿਹਤ 'ਤੇ ਉਨ੍ਹਾਂ ਦਾ ਬਹੁਤ ਮਾੜਾ ਪ੍ਰਭਾਵ ਪੈਂਦਾ ਹੈ। ਸੂਬੇ 'ਚ ਕੁਝ ਥਾਵਾਂ 'ਤੇ ਧਰਤੀ ਹੇਠਲੇ ਪਾਣੀ 'ਚੋਂ ਨਾਈਟਰੇਟ ਤੇ ਫਲੋਰਾਈਡ ਦੇ ਅੰਸ਼ ਮਿਲੇ ਹਨ। ਪੰਜਾਬ ਦੇ ਦੱਖਣ-ਪੱਛਮੀ ਹਿੱਸਿਆਂ 'ਚ ਧਰਤੀ ਹੇਠਲੇ ਪਾਣੀ ਦਾ ਬਹੁਤ ਮਾੜਾ ਹਾਲ ਹੈ। ਰਾਜ ਦੀ 94 ਫ਼ੀਸਦੀ ਜਨਤਾ ਪੀਣ ਲਈ ਇਹੋ ਪਾਣੀ ਵਰਤਦੀ ਹੈ। ਇਸੇ ਲਈ ਹੁਣ ਪੰਜਾਬ ਸਰਕਾਰ ਨੂੰ ਉਸ ਪਾਣੀ ਦੀ ਵੀ ਜਾਂਚ ਕਰਵਾਉਣੀ ਚਾਹੀਦੀ ਹੈ ਜਿਸ ਨਾਲ ਫ਼ਸਲਾਂ ਸਿੰਜੀਆਂ ਜਾਂਦੀਆਂ ਹਨ। ਦੂਸ਼ਿਤ ਪਾਣੀ ਨਾਲ ਵਧੀਆਂ-ਫੁੱਲੀਆਂ ਫ਼ਸਲਾਂ ਮਨੁੱਖੀ ਸਿਹਤ ਲਈ ਕਿੰਨੀਆਂ ਕੁ ਦਰੁਸਤ ਹੋਣਗੀਆਂ, ਇਹ ਵੀ ਵੱਡਾ ਸਵਾਲ ਹੈ। ਅਜਿਹੇ ਬੁਨਿਆਦੀ ਕਾਰਨਾਂ ਕਰਕੇ ਹੀ ਜਿਹੜਾ ਪੰਜਾਬ ਹੁਣ ਤੱਕ ਦੇਸ਼ ਦਾ 'ਅੰਨ ਭੰਡਾਰ' ਅਖਵਾਉਂਦਾ ਸੀ, ਉਹ ਹੁਣ 'ਕੈਂਸਰ ਦੀ ਰਾਜਧਾਨੀ' ਬਣਦਾ ਜਾ ਰਿਹਾ ਹੈ। ਮਨੁੱਖੀ ਕਾਰਨਾਂ ਕਰਕੇ ਕੁਦਰਤੀ ਸਰੋਤ ਹੁਣ ਆਪਣਾ ਸਰੂਪ ਬਦਲ ਰਹੇ ਹਨ। ਵਿਕਾਸ ਦੇ ਨਾਂ 'ਤੇ ਬਿਨਾਂ ਮਤਲਬ ਦੀ ਪੁਟਾਈ ਕਾਰਨ ਪਹਾੜਾਂ 'ਤੇ ਜ਼ਮੀਨਾਂ ਖਿਸਕਣ ਦੀਆਂ ਵਾਰਦਾਤਾਂ ਵਧ ਗਈਆਂ ਹਨ। ਵੱਡੀਆਂ ਇਮਾਰਤਾਂ 'ਚ ਤਰੇੜਾਂ ਆਉਣ ਲੱਗੀਆਂ ਹਨ। ਵਣਾਂ ਦੀ ਵੱਡੇ ਪੱਧਰ 'ਤੇ ਕਟਾਈ ਹੋਣ ਕਾਰਨ ਜਲਵਾਯੂ ਤੇ ਮੌਸਮ 'ਤੇ ਮਾੜਾ ਅਸਰ ਪੈ ਰਿਹਾ ਹੈ। ਜਿਵੇਂ ਕਿ ਇਸ ਤਾਜ਼ਾ ਖੋਜ 'ਚ ਇਹ ਤੱਥ ਵੀ ਉਜਾਗਰ ਕੀਤਾ ਗਿਆ ਹੈ ਕਿ ਬੀਤੇ ਦੋ ਦਹਾਕਿਆਂ ਤੋਂ ਮੀਂਹ ਦੀ ਆਮਦ ਦੇ ਤੈਅਸ਼ੁਦਾ ਕੁਦਰਤੀ ਸਮਿਆਂ 'ਚ ਵੱਡੀ ਤਬਦੀਲੀ ਆ ਗਈ ਹੈ। ਜੇ ਬੇਵਕਤ ਮੀਂਹ ਪੈਣ ਲੱਗਦਾ ਹੈ ਤਾਂ ਫਿਰ ਹਟਦਾ ਹੀ ਨਹੀਂ। ਜੇ ਕਿਸੇ ਇਲਾਕੇ ਤੋਂ ਬੱਦਲ ਰੁੱਸ ਜਾਣ ਤਾਂ ਫਿਰ ਛੇਤੀ ਕਿਤੇ ਦੋਬਾਰਾ ਓਧਰ ਮੂੰਹ ਨਹੀਂ ਕਰਦੇ। ਇੰਜ ਹੀ ਹੁਣ ਝੋਨੇ ਦੀ ਪਰਾਲ਼ੀ ਸਾੜਨ ਦੀਆਂ ਮੌਸਮੀ ਘਟਨਾਵਾਂ 'ਚ ਵਾਧਾ ਹੋਣ ਲੱਗ ਪਿਆ ਹੈ। ਰਾਤ ਨੂੰ ਇਹ ਧੂੰਆਂ ਧੁੰਦ ਨਾਲ ਮਿਲ ਕੇ ਭਿਆਨਕ ਰੂਪ ਅਖ਼ਤਿਆਰ ਕਰ ਲੈਂਦਾ ਹੈ ਤੇ ਕਈ ਵੱਡੇ ਸੜਕ ਹਾਦਸਿਆਂ ਦਾ ਕਾਰਨ ਬਣਦਾ ਹੈ। ਇਸ ਤੱਥ ਨੂੰ ਵੀ ਭੁਲਾਇਆ ਨਹੀਂ ਜਾਣਾ ਚਾਹੀਦਾ ਕਿ ਕਿਸਾਨਾਂ ਦੀ ਪਰਾਲ਼ੀ ਨਾਲੋਂ ਕਿਤੇ ਜ਼ਿਆਦਾ ਪ੍ਰਦੂਸ਼ਣ ਵਾਹਨਾਂ ਦੇ ਧੂੰਏਂ ਅਤੇ ਉਦਯੋਗਿਕ ਚਿਮਨੀਆਂ ਰਾਹੀਂ ਫੈਲਦਾ ਹੈ। ਸਪਸ਼ਟ ਹੈ ਕਿ ਇਹ ਸਾਰੀਆਂ ਗੜਬੜੀਆਂ ਮਨੁੱਖੀ ਗਤੀਵਿਧੀਆਂ ਕਾਰਨ ਹੀ ਹੋ ਰਹੀਆਂ ਹਨ। ਇਹ ਸਾਰੀਆਂ ਗਤੀਵਿਧੀਆਂ ਅਜਿਹੀਆਂ ਹਨ ਜਿਨ੍ਹਾਂ ਤੋਂ ਟਾਲ਼ਾ ਵੱਟਿਆ ਜਾ ਸਕਦਾ ਹੈ। ਸਾਨੂੰ ਆਪਣੀਆਂ ਗਤੀਵਿਧੀਆਂ ਨੂੰ ਵਿਵਸਥਾਤਮਕ ਬਣਾਉਣਾ ਹੋਵੇਗਾ। ਸਰਕਾਰ ਨੂੰ ਇਸ ਦਿਸ਼ਾ 'ਚ ਸਖ਼ਤ ਫ਼ੈਸਲੇ ਲੈਣੇ ਹੋਣਗੇ। ਪ੍ਰਦੂਸ਼ਣ ਫੈਲਾਉਣ ਵਾਲਿਆਂ ਖ਼ਿਲਾਫ਼ ਸਖ਼ਤੀਆਂ ਕਰਨੀਆਂ ਹੋਣਗੀਆਂ।



ਲਿਖਤ
ਬਲਜਿੰਦਰ ਮਾਨ
98150-18947



# ਨਸ਼ਿਆਂ ਦੇ ਜਾਲ ਵਿਚ ਫਸ ਕੇ ਜਵਾਨੀ ਤਬਾਹ ਹੋਣਾ ਚਿੰਤਾ ਦਾ ਵਿਸ਼ਾ

ਪਤਾ ਨਹੀਂ ਪੰਜਾਬ ਨੂੰ ਕੀ ਮਾਰ ਵਗ ਗਈ ਹੈ। ਹਰ ਪਾਸੇ ਹਾਹਾਕਾਰ ਮਚੀ ਪਈ ਹੈ। ਘਰਾਂ ਦੇ ਘਰ ਉੱਜੜ ਰਹੇ ਨੇ। ਇਹ ਉਜਾੜਾ ਕਿਸ ਨੇ ਪਾਇਆ? ਇਸ ਬਾਰੇ ਸਭ ਜਾਣਦੇ ਨੇ ਪਰ ਅਜੇ ਤਕ ਠੱਲ੍ਹ ਨਹੀਂ ਪੈ ਰਹੀ। ਨਸ਼ਿਆਂ ਦੇ ਜਾਲ ਵਿਚ ਫਸ ਕੇ ਜਵਾਨੀ ਤਬਾਹ ਹੋ ਰਹੀ ਹੈ। ਹਰ ਸ਼ਰੀਫ ਇਨਸਾਨ ਅੰਦਰ ਇਕ ਡਰ ਬੈਠਾ ਹੋਇਆ ਹੈ ਕਿ ਉਸ ਦੀ ਔਲਾਦ ਦਾ ਕੀ ਬਣੇਗਾ? ਇਸੇ ਚਿੰਤਾ ਹੇਠ ਜੀਅ ਰਹੇ ਪੰਜਾਬੀਆਂ ਕੋਲ ਇੱਕੋ-ਇੱਕ ਰਾਹ ਪਰਵਾਸ ਦਿਖਾਈ ਦੇ ਰਿਹਾ ਹੈ ਜਿਸ ਵਾਸਤੇ ਉਹ ਕਰਜ਼ਾਈ ਬਣ ਕੇ ਵੀ ਬੱਚਿਆਂ ਦਾ ਭਵਿੱਖ ਬਚਾਉਣ ਲਈ ਤੜਫ ਰਹੇ ਹਨ। ਇਕ ਅੰਦਾਜ਼ੇ ਅਨੁਸਾਰ ਸਾਲ 2022 ਵਿਚ ਸੌ ਅਰਬ ਡਾਲਰ ਵਿਦੇਸ਼ਾਂ ਨੂੰ ਸਟੱਡੀ ਫੀਸ ਦਾ ਹੀ ਭੇਜਿਆ ਗਿਆ। ਬਾਕੀ ਹਿਸਾਬ-ਕਿਤਾਬ ਵੱਖਰਾ ਹੈ। ਬੀਤੇ ਸਾਲ ਅੰਮ੍ਰਿਤਸਰ ਨੇੜਲੇ ਇਕ ਪਿੰਡ ਵਿਚ 25 ਤੋਂ ਜ਼ਿਆਦਾ ਨੌਜਵਾਨਾਂ ਦੀਆਂ ਮੌਤਾਂ ਹੋਈਆਂ। ਇਨ੍ਹਾਂ ਸਭ ਦੀ ਮੌਤ ਦਾ ਕਾਰਨ ਸਿੱਧੇ ਜਾਂ ਅਸਿੱਧੇ ਤੌਰ 'ਤੇ ਨਸ਼ੇ ਹਨ। ਪੰਜਾਬ ਵਿਚ ਨਸ਼ਿਆਂ ਦੇ ਪਸਾਰੇ ਬਾਰੇ ਪੰਜਾਬ ਪੁਲਿਸ ਦੱਸਦੀ ਹੈ ਕਿ ਸਾਲ 2022 ਵਿਚ ਇਕੱਲੀ ਹੈਰੋਇਨ 729.5 ਕਿੱਲੋ ਫੜੀ ਗਈ ਜਦਕਿ ਬਾਕੀ ਨਸ਼ਿਆਂ ਦੀ ਮਾਤਰਾ ਅਲੱਗ ਹੈ। ਸਪਲਾਈ ਕਰਨ ਵਾਲੇ 16798 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਵੀ ਕੀਤਾ ਗਿਆ। ਫਿਰ ਵੀ ਨਸ਼ਿਆਂ ਦਾ ਕਾਰੋਬਾਰ ਵਧਿਆ ਹੀ ਹੈ। ਸ਼ਾਇਦ ਇਸੇ ਕਰ ਕੇ ਹਰ ਗੱਭਰੂ ਤੇ ਮੁਟਿਆਰ ਆਪਣਾ ਸੋਹਣਾ ਭਵਿੱਖ ਵਿਦੇਸ਼ਾਂ ਵਿਚ ਭਾਲ ਰਿਹਾ ਹੈ। ਜਦਕਿ ਅਸੀਂ ਸਭ ਜਾਣਦੇ ਹਾਂ ਕਿ ਉੱਥੇ ਜੀਵਨ ਸੰਘਰਸ਼ ਕਿੰਨਾ ਪੇਚੀਦਾ ਹੈ। ਪਰਵਾਸ ਉਦੋਂ ਹੁੰਦਾ ਹੈ ਜਦੋਂ ਕਿਤੇ ਵਸਦੇ ਲੋਕਾਂ 'ਤੇ ਸੰਕਟ ਆਇਆ ਹੋਇਆ ਹੋਵੇ। ਜਿਵੇਂ ਲੜਾਈ ਕਾਰਨ ਯੂਕਰੇਨ ਤੋਂ ਲੋਕ ਕੈਨੇਡਾ ਵਰਗੇ ਦੇਸ਼ਾਂ ਵਿਚ ਸ਼ਰਨ ਲੈ ਰਹੇ ਹਨ।

ਇਸੇ ਤਰ੍ਹਾਂ ਸੰਨ 1845-55 ਵਿਚ ਆਇਰਲੈਂਡ ਵਿਚ ਪਏ ਕਾਲ ਕਾਰਨ 15 ਲੱਖ ਲੋਕ ਅਮਰੀਕਾ ਪਹੁੰਚੇ ਸਨ ਪਰ ਪੰਜਾਬ ਵਿਚ ਕੋਈ ਕਾਲ ਨਹੀਂ ਪਿਆ ਹੋਇਆ ਜਾਂ ਹਮਲਾ ਨਹੀਂ ਹੋ ਰਿਹਾ। ਬਸ ਇੱਕੋ ਹਮਲਾ ਨਸ਼ਿਆਂ ਅਤੇ ਬੇਰੁਜ਼ਗਾਰੀ ਦਾ ਹੈ। ਸਰਕਾਰਾਂ ਨੇ ਕਾਰਪੋਰੇਟਾਂ ਹੱਥ ਸਭ ਕੁਝ ਵੇਚ ਕੇ ਜਨਤਾ ਨੂੰ ਉਸ ਦੀ ਹੋਣੀ ਹੱਥ ਸੌਂਪ ਦਿੱਤਾ ਹੈ। ਸਾਡੀ ਮਾਨਸਿਕਤਾ 'ਤੇ ਮੰਡੀ ਦਾ ਕਬਜ਼ਾ ਹੋ ਚੁੱਕਾ ਹੈ। ਕਾਰਪੋਰੇਟਾਂ ਵੱਲੋਂ ਮੁੱਠੀ ਭਰ ਕਾਮਿਆਂ ਦੀਆਂ ਜੇਬਾਂ ਭਰ ਕੇ ਬਾਕੀਆਂ ਦਾ ਲਹੂ ਪੀਤਾ ਜਾ ਰਿਹਾ ਹੈ ਅਤੇ ਬੇਕਾਰੀ ਦਾ ਆਲਮ ਸਿਰਜਿਆ ਜਾ ਰਿਹਾ ਹੈ। ਜੇ ਗੱਭਰੂ ਹੱਥ ਕੰਮ ਹੋਵੇ ਤਾਂ ਉਹ ਕਦੀ ਵੀ ਕੁਰਾਹੇ ਨਹੀਂ ਪੈ ਸਕਦਾ। ਬੇਕਾਰੀ ਕਾਰਨ ਹੀ ਨੌਜਵਾਨ ਪੀੜ੍ਹੀ ਕੁਰੀਤੀਆਂ ਦੇ ਰਾਹੇ ਪੈ ਰਹੀ ਹੈ। ਪੰਜਾਬੀ ਨੌਜਵਾਨਾਂ ਦੇ ਪਰਵਾਸ ਬਾਰੇ ਮਿਲੇ ਅੰਕੜੇ ਭਾਵੇਂ ਸਹੀ ਨਾ ਵੀ ਹੋਣ ਪਰ ਇਹ ਚਿੰਤਤ ਜ਼ਰੂਰ ਕਰਦੇ ਹਨ। ਇਨ੍ਹਾਂ ਅਨੁਸਾਰ 2016 ਤੋਂ ਫਰਵਰੀ 2021 ਤਕ 9.84 ਲੱਖ ਲੋਕਾਂ ਨੇ ਪੰਜਾਬ ਤੇ ਚੰਡੀਗੜ੍ਹ ਤੋਂ ਪਰਵਾਸ ਕੀਤਾ। ਇਨ੍ਹਾਂ ਵਿੱਚੋਂ 3 ਲੱਖ 79 ਹਜ਼ਾਰ ਵਿਦਿਆਰਥੀ ਵੀਜ਼ੇ 'ਤੇ ਗਏ ਜਦਕਿ ਸਰਕਾਰੀ ਅੰਕੜਿਆਂ ਅਨੁਸਾਰ 2016 ਵਿਚ 36 ਹਜ਼ਾਰ, 2019 ਵਿਚ 73 ਹਜ਼ਾਰ ਅਤੇ 2022 ਵਿਚ ਇਹ ਗਿਣਤੀ ਦੁੱਗਣੀ ਹੋਈ ਹੋਵੇਗੀ। ਪੰਜਾਬ ਵਿਚ ਵਸਦੇ ਲਗਪਗ 60 ਲੱਖ ਪਰਿਵਾਰਾਂ 'ਚੋਂ ਹਰ ਛੇਵੇਂ ਪਰਿਵਾਰ ਦਾ ਬੱਚਾ ਵਿਦੇਸ਼ਾਂ ਵਿਚ ਪੜ੍ਹਨ ਜਾ ਰਿਹਾ ਹੈ। ਜਿਹੜਾ ਵਿਦੇਸ਼ ਚਲਾ ਜਾਂਦਾ ਹੈ ਉਹ ਆਪਣੇ-ਆਪ ਨੂੰ ਖ਼ੁਸ਼ਕਿਸਮਤ ਸਮਝਦਾ ਹੈ। ਉਸ ਦੇ ਮਾਪੇ ਉਸ ਨੂੰ ਨਸ਼ਿਆਂ ਦੀ ਹਨੇਰੀ ਤੋਂ ਬਚਿਆ ਸਮਝਦੇ ਹਨ। ਜਿਹੜਾ ਪੰਜਾਬ ਦੁਨੀਆ ਲਈ ਰਾਹ ਦਸੇਰਾ ਬਣਿਆ ਰਿਹਾ ਅੱਜ ਉਹ ਪਰਦੇਸਾਂ ਦੇ ਰਾਹੇ ਪਿਆ ਹੋਇਆ ਹੈ। ਇਸ ਗੰਭੀਰ ਮਸਲੇ ਵੱਲ ਮੌਕੇ ਦੇ ਨੀਤੀ-ਘਾੜਿਆਂ ਵੱਲੋਂ ਗ਼ੌਰ ਨਾ ਕਾਰਨ ਕਰ ਕੇ ਹੀ ਅਜਿਹੀ ਸਥਿਤੀ ਪੈਦਾ ਹੋਈ ਹੈ। ਪੰਜਾਬ ਦੇ ਪੈਸੇ ਦੀ ਗੱਲ ਕਰੀਏ ਤਾਂ ਹਰ ਸਾਲ ਲਗਪਗ 1.45 ਲੱਖ ਵਿਦਿਆਰਥੀ ਵਿਦੇਸ਼ਾਂ ਵਿਚ ਪੜ੍ਹਾਈ ਲਈ 25 ਅਰਬ 30 ਕਰੋੜ ਰੁਪਏ ਖ਼ਰਚ ਕਰਦੇ ਹਨ। ਅੱਸੀ ਫ਼ੀਸਦੀ ਮਾਪੇ ਬਾਰ੍ਹਵੀਂ ਤੋਂ ਬਾਅਦ ਬੱਚਿਆਂ ਨੂੰ ਵਿਦੇਸ਼ ਭੇਜਣ ਦੇ ਇੱਛੁਕ ਹਨ ਅਤੇ 90% ਵਿਦਿਆਰਥੀ ਪੰਜਾਬ ਦੀ ਬਜਾਏ ਕੈਨੇਡਾ, ਆਸਟ੍ਰੇਲੀਆ, ਨਿਊਜ਼ੀਲੈਂਡ, ਅਮਰੀਕਾ, ਯੂਰਪੀ ਅਤੇ ਹੋਰ ਉੱਨਤ ਦੇਸ਼ਾਂ ਵਿਚ ਜਾਣ ਦੇ ਪੱਖ ਵਿਚ ਹਨ।

ਪੰਜਾਬ ਦੇ ਬਜਟ ਦਾ ਲਗਪਗ 17 ਫ਼ੀਸਦੀ ਹਿੱਸਾ ਹਰ ਸਾਲ ਮਾਪਿਆਂ ਵੱਲੋਂ ਬੱਚਿਆਂ ਦੀ ਪੜ੍ਹਾਈ ਲਈ ਦੂਜੇ ਦੇਸ਼ਾਂ ਵਿਚ ਭੇਜਿਆ ਜਾ ਰਿਹਾ ਹੈ। ਗ਼ੈਰ-ਕਾਨੂੰਨੀ ਢੰਗ ਨਾਲ ਟਰੈਵਲ ਏਜੰਟ ਨੌਜਵਾਨਾਂ ਤੋਂ 10 ਤੋਂ 20 ਲੱਖ ਲੈ ਕੇ ਉਨ੍ਹਾਂ ਨੂੰ ਬਾਹਰ ਭੇਜਦੇ ਹਨ ਜਿਸ ਨਾਲ ਬਾਹਰ ਜਾਣ ਵਾਲਾ ਪੈਸਾ ਹੋਰ ਵੀ ਵਧ ਜਾਂਦਾ ਹੈ। ਬੱਚਿਆਂ ਵੱਲੋਂ ਵਿਦੇਸ਼ਾਂ ਵਿਚ ਕਮਾਇਆ ਧਨ ਹੁਣ ਵਾਪਸ ਪੰਜਾਬ ਨਹੀਂ ਆ ਰਿਹਾ। ਸਗੋਂ ਵਿਦੇਸ਼ ਪੜ੍ਹਦੇ ਬੱਚੇ ਉੱਥੇ ਹੀ ਰੀਅਲ ਅਸਟੇਟ, ਟਰਾਂਸਪੋਰਟ, ਕੋਠੀਆਂ ਜਾਂ ਕਾਰਾਂ 'ਤੇ ਹੀ ਖ਼ਰਚ ਰਹੇ ਹਨ। ਵਿਦੇਸ਼ ਗਏ ਬੱਚੇ ਉੱਥੋਂ ਦੀ ਪੜ੍ਹਾਈ ਕਰ ਕੇ ਕਦੇ ਪੰਜਾਬ ਵਾਪਸ ਨਹੀਂ ਆਉਣਗੇ। ਉਨ੍ਹਾਂ ਦੀ ਔਲਾਦ ਤਾਂ ਸੈਰ ਕਰਨ ਲਈ ਭਾਰਤ ਨੂੰ ਕੋਈ ਤਰਜੀਹ ਨਹੀਂ ਦਿੰਦੀ। ਬੱਚੇ ਆਪਣੇ ਬਜ਼ੁਰਗ ਮਾਪਿਆਂ ਨੂੰ ਇੱਥੋਂ ਦੀ ਜ਼ਮੀਨ-ਜਾਇਦਾਦ ਵੇਚ ਕੇ ਕੈਨੇਡਾ ਵਰਗੇ ਦੇਸ਼ਾਂ ਵਿਚ ਰਹਿਣ ਲਈ ਮਜਬੂਰ ਕਰ ਰਹੇ ਹਨ। ਜਦੋਂ ਇੱਥੇ ਆਏ ਪਰਵਾਸੀਆਂ ਦੀ ਮੰਦਹਾਲੀ ਹੁੰਦੀ ਹੈ ਤਾਂ ਉਹ ਕਦੇ ਵਾਪਸ ਆਉਣ ਦੀ ਗੱਲ ਭੁੱਲ ਕੇ ਵੀ ਨਹੀਂ ਕਰਦੇ।

ਬੇਰੁਜ਼ਗਾਰੀ ਦੇ ਮਾਸਿਕ ਅੰਕੜਿਆਂ 'ਤੇ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਪੰਜਾਬ ਦੀ ਹਾਲਤ ਭਾਵੇਂ ਸਹਿਜੇ-ਸਹਿਜੇ ਬਿਹਤਰੀ ਵੱਲ ਵਧ ਰਹੀ ਹੈ ਪਰ ਹਰ ਕਸਬੇ ਅਤੇ ਸ਼ਹਿਰਾਂ ਵਿਚ ਵਧ ਰਹੇ ਆਈਲੈਟਸ ਸੈਂਟਰ ਪਰਵਾਸ ਦੇ ਵਾਧੇ ਦੇ ਰੁਝਾਨ ਦਾ ਖ਼ਤਰਨਾਕ ਦ੍ਰਿਸ਼ ਪੇਸ਼ ਕਰਦੇ ਹਨ। ਸੈਂਟਰ ਫਾਰ ਮੋਨੀਟਰਿੰਗ ਆਫ ਇੰਡੀਆ ਇਕਾਨਮੀ ਪ੍ਰਾਈਵੇਟ ਲਿਮਟਿਡ ਅਨੁਸਾਰ ਭਾਰਤ ਵਿਚ ਬੇਰੁਜ਼ਗਾਰੀ ਦਰ 7.8% ਹੈ ਜਦਕਿ ਦਿਹਾਤੀ ਇਲਾਕਿਆਂ ਦੀ 7.1% ਅਤੇ ਸ਼ਹਿਰੀ ਹਲਕਿਆਂ ਦੀ ਇਹ ਦਰ 9.4% ਹੈ। ਉਂਜ ਪੰਜਾਬ ਦੇਸ਼ ਦੇ ਮੁਕਾਬਲੇ 6.8 % ਨਾਲ ਬਿਹਤਰ ਦਿਖਾਈ ਦਿੰਦਾ ਹੈ ਪਰ ਇਸ ਵਿੱਚੋਂ ਬਰੇਨ ਡਰੇਨ ਦਾ ਮੁੱਖ ਕਾਰਨ ਬੇਕਾਰੀ ਮੰਨਿਆ ਜਾ ਸਕਦਾ ਹੈ।

ਹਾਕਮਾਂ ਦਾ ਕਾਰਪੋਰੇਟ ਘਰਾਣਿਆਂ ਦੇ ਹੱਥੀਂ ਖੇਡਣਾ, ਸਿਰਫ਼ ਤੇ ਸਿਰਫ਼ ਆਪ ਨੂੰ ਦੇਖਣ ਨਾਲ ਅਜਿਹੀਆਂ ਹੋਣੀਆਂ ਵਾਪਰਦੀਆਂ ਹਨ। ਪੰਜਾਬ ਅਤੇ ਪੰਜਾਬੀ ਦੀ ਹੋਂਦ ਨੂੰ ਬਚਾਉਣ ਲਈ ਇਸ ਵਹਿਣ ਨੂੰ ਰੋਕਣਾ ਜ਼ਰੂਰੀ ਹੈ। ਪਰਵਾਸ ਦੇ ਦਰਦ ਹੰਢਾ ਰਹੇ ਮਾਪੇ ਤੇ ਬੱਚੇ ਹਾਕਮਾਂ ਨੂੰ ਕੋਸ ਰਹੇ ਹਨ। ਇਸੇ ਕਰ ਕੇ ਇਸ ਗੀਤ ਦੀਆਂ ਲਾਈਨਾਂ ਇੱਥੇ ਢੁੱਕਦੀਆਂ ਹਨ : 'ਮੈਂ ਕਿਉਂ ਜਾਂਦਾ ਪ੍ਰਦੇਸ ਨੀ ਮਾਂ, ਜੇ ਰੋਟੀ ਦਿੰਦਾ ਦੇਸ ਨੀ ਮਾਂ।' ਜਦੋਂ ਇਹ ਸ਼ਬਦ ਵਿਦੇਸ਼ ਬੈਠਾ ਬੱਚਾ ਕਹਿੰਦਾ ਹੈ ਤਾਂ ਕਾਲਜੇ ਦਾ ਰੁੱਗ ਭਰਿਆ ਜਾਂਦਾ ਹੈ। ਮਾਵਾਂ ਪੁੱਤਰਾਂ ਨੂੰ ਮਿਲਣ ਲਈ ਤੜਫ ਰਹੀਆਂ ਹਨ। ਉੱਧਰ ਗੱਭਰੂ ਪੀਆਰ ਹੋਣ ਲਈ ਲਾਈਨ ਵਿਚ ਲੱਗੇ ਹੋਏ ਹਨ।

ਖ਼ੁਸ਼ੀਆਂ ਅਤੇ ਗ਼ਮੀਆਂ ਉਨ੍ਹਾਂ ਦੀ ਗ਼ੈਰ-ਹਾਜ਼ਰੀ ਵਿਚ ਹੀ ਮੰਨ ਰਹੀਆਂ ਹਨ। ਜਿਸ ਤਨ ਲਾਗੇ ਸੋਈ ਜਾਣੇ। ਜਿਹੜੇ ਇਸ ਸੰਤਾਪ ਨੂੰ ਹੰਢਾ ਰਹੇ ਹਨ, ਕਦੀ ਉਨ੍ਹਾਂ ਕੋਲ ਦੋ ਪਲ ਬੈਠੋ ਤਾਂ ਅਹਿਸਾਸ ਹੋਵੇਗਾ। ਸ਼ਾਇਦ ਇਹ ਅਹਿਸਾਸ ਮੌਕੇ ਦੇ ਹਾਕਮਾਂ ਨੂੰ ਨਹੀਂ ਸੀ ਹੋਇਆ ਜਿਨ੍ਹਾਂ ਨੇ ਪੰਜਾਬ ਨੂੰ ਦਾਅ 'ਤੇ ਲਾ ਕੇ ਆਪਣੀ ਰਾਜਨੀਤੀ ਦੀਆਂ ਰੋਟੀਆਂ ਸੇਕੀਆਂ। ਤੜਫ ਰਹੀ ਜਵਾਨੀ ਅਤੇ ਇਕੱਲੇਪਣ ਦੇ ਸ਼ਿਕਾਰ ਹੋ ਰਹੇ ਮਾਪਿਆਂ ਨੂੰ ਕਦੋਂ ਸੁੱਖ ਦੇ ਪਲ ਨਸੀਬ ਹੋਣਗੇ? ਯਕੀਨਨ ਉਦੋਂ ਜਦੋਂ ਉਨ੍ਹਾਂ ਦੇ ਬੱਚੇ ਉਨ੍ਹਾਂ ਦੇ ਕੋਲ ਰਹਿ ਕੇ ਆਪਣੇ ਦੇਸ਼ ਵਿਚ ਹੀ ਮਿਹਨਤਾਂ ਤੇ ਕਮਾਈਆਂ ਦੇ ਝੰਡੇ ਗੱਡਣਗੇ। ਕਾਸ਼! ਉਹ ਦਿਨ ਜਲਦੀ ਆਵੇ ਅਤੇ ਇਸ ਅਨੰਤ ਪਰਵਾਸ ਨੂੰ ਠੱਲ੍ਹ ਪਵੇ। ਸਾਡਾ ਰੰਗਲਾ ਪੰਜਾਬ ਪਹਿਲਾਂ ਵਾਂਗ ਹੀ ਸਭ ਦਾ ਢਿੱਡ ਭਰੇ ਤੇ ਹੱਸਦਾ-ਵਸਦਾ ਰਹੇ।

---

ਲਿਖਤ : ਮੰਗਤ ਰਾਮ ਪਾਸਲਾ

# ਜ਼ਹਿਰੀਲਾ ਹੁੰਦਾ ਜਾ ਰਿਹਾ ਹੈ ਪੰਜਾਬ ਦਾ ਪਾਣੀ

ਭਵਿੱਖ 'ਚ ਪੰਜਾਬ ਨੂੰ ਜਿਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਉਹ ਸਿੱਧੇ ਤੌਰ 'ਤੇ ਉਜਾਗਰ ਹੋ ਚੁੱਕੀਆਂ ਹਨ। ਪੰਜ ਪਾਣੀਆਂ ਦੀ ਧਰਤੀ ਕਦੇ ਪੀਣ ਯੋਗ ਅਤੇ ਖੇਤੀਬਾੜੀ ਲਈ ਪਾਣੀ ਤੋਂ ਵਾਂਝੀ ਹੋ ਜਾਵੇਗੀ। ਇਹ ਕਦੇ ਸੋਚਿਆ ਵੀ ਨਹੀਂ ਸੀ। ਫਾਜ਼ਿਲਕਾ, ਫਿਰੋਜ਼ਪੁਰ, ਬਠਿੰਡਾ ਅਤੇ ਮਾਨਸਾ ਆਦਿ ਕਈ ਜ਼ਿਲ੍ਹਿਆਂ ਦੇ ਵਿਅਕਤੀ ਜਿਹੜੇ ਮਹਿੰਗੀ ਕੀਮਤ 'ਤੇ ਪਾਣੀ ਮੁੱਲ ਖ਼ਰੀਦ ਸਕਦੇ ਸਨ, ਉਹ ਟੈਂਕਾਂ 'ਚ ਲਿਆਂਦੇ ਜਾ ਰਹੇ ਕੀਮਤੀ ਪਾਣੀ ਦਾ ਭੰਡਾਰ ਕਰ ਕੇ ਆਪਣਾ ਗੁਜ਼ਾਰਾ ਕਰ ਰਹੇ ਹਨ ਪਰ ਦੂਜੇ ਪਾਸੇ ਬੇਰੁਜ਼ਗਾਰੀ ਅਤੇ ਗ਼ਰੀਬੀ ਦੀ ਮਾਰ ਸਹਿ ਰਹੇ ਪਰਿਵਾਰ ਪ੍ਰਦੂਸ਼ਿਤ ਅਤੇ ਜ਼ਹਿਰੀਲਾ ਪਾਣੀ ਪੀਣ ਲਈ ਮਜਬੂਰ ਹਨ। ਉਨ੍ਹਾਂ ਨੂੰ ਕੈਂਸਰ ਅਤੇ ਕਾਲਾ ਪੀਲੀਆ ਵਰਗੀਆਂ ਜਿਗਰ ਨਾਲ ਸੰਬੰਧਤ ਕਈ ਜਾਨਲੇਵਾ ਬੀਮਾਰੀਆਂ ਲੱਗ ਚੁੱਕੀਆਂ ਹਨ।

ਬੀਤੇ ਦਿਨੀਂ ਪ੍ਰਕਾਸ਼ਿਤ ਸਕੂਲੀ ਬੱਚਿਆਂ ਦੇ ਕੈਂਸਰ ਤੋਂ ਪੀੜਤ ਹੋਣ ਸੰਬੰਧੀ ਖ਼ਬਰਾਂ ਮਨੁੱਖੀ ਮਨਾਂ ਨੂੰ ਬੇਚੈਨ ਕਰ ਰਹੀਆਂ ਹਨ। ਉਦਯੋਗਿਕ ਖੇਤਰਾਂ 'ਚ ਵਰਤਿਆ ਜਾਣ ਵਾਲਾ ਪਾਣੀ ਦੂਸ਼ਿਤ ਹੋ ਕੇ ਧਰਤੀ ਦੇ ਹੇਠਾਂ ਜਾ ਰਿਹਾ ਹੈ। ਸਾਫ਼ ਹਵਾ ਅਤੇ ਸਾਫ਼ ਪਾਣੀ ਦੀਆਂ ਮੰਗਾਂ ਨੂੰ ਲੈ ਕੇ ਕਈ ਥਾਵਾਂ 'ਤੇ ਪੀੜਤ ਲੋਕ ਠੰਡੀਆਂ ਰਾਤਾਂ 'ਚ ਅਜਿਹੇ ਉਦਯੋਗਿਕ ਅਦਾਰਿਆਂ ਦੇ ਮੁੱਖ ਦਰਵਾਜ਼ਿਆਂ ਸਾਹਮਣੇ ਧਰਨੇ ਦੇ ਕੇ ਬੈਠੇ ਹਨ। ਅਜਿਹੀਆਂ ਉਦਯੋਗਿਕ ਇਕਾਈਆਂ ਜ਼ਹਿਰੀਲੇ ਪਾਣੀ ਨੂੰ ਧਰਤੀ ਅੰਦਰ ਭੇਜ ਕੇ ਅਤੇ ਦਰਿਆਵਾਂ 'ਚ ਦੂਸ਼ਿਤ ਪਾਣੀ ਨੂੰ ਛੱਡ ਕੇ ਚੁਗਿਰਦੇ ਨੂੰ ਹੋਰ ਵੀ ਪ੍ਰਦੂਸ਼ਿਤ ਕਰ ਰਹੀਆਂ ਹਨ।

ਕੰਨਾਂ ਤੋਂ ਬੋਲਾ ਅਤੇ ਅੱਖਾਂ ਤੋਂ ਅੰਨ੍ਹਾ ਪ੍ਰਸ਼ਾਸਨ ਲੋਕਾਂ ਦੀ ਪੁਕਾਰ ਸੁਣਨ ਦੀ ਬਜਾਏ ਆਪਣੀ ਮੌਜ-ਮਸਤੀ 'ਚ ਰੁੱਝਾ ਹੋਇਆ ਹੈ। ਇਹ ਬਹੁਤ ਤਕਲੀਫ਼ ਦੇਹ ਗੱਲ ਹੈ ਕਿ ਪਾਣੀ, ਮਿੱਟੀ ਅਤੇ ਹਵਾ ਨੂੰ ਪ੍ਰਦੂਸ਼ਿਤ ਰਹਿਤ ਕਰਨ ਦਾ ਨਾਅਰਾ ਦੇ ਕੇ ਸੱਤਾ 'ਤੇ ਕਾਬਜ਼ ਹੋਈ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਕੋਲ ਲੋਕਾਂ ਦਾ ਦੁੱਖ-ਦਰਦ ਸੁਣਨ ਲਈ ਸਮਾਂ ਹੀ ਨਹੀਂ ਹੈ।

ਨਸ਼ਾਖੋਰੀ ਆਪਣੇ ਸਿਖ਼ਰ 'ਤੇ ਪਹੁੰਚ ਚੁੱਕੀ ਹੈ। ਰੋਜ਼ਾਨਾ ਨਸ਼ੇ ਦੀ ਵਧੇਰੇ ਮਾਤਰਾ ਦੀ ਵਰਤੋਂ ਕਰ ਕੇ ਦਮ ਤੋੜਨ ਵਾਲੇ ਪੁਰਸ਼ਾਂ ਅਤੇ ਔਰਤਾਂ ਜਿਨ੍ਹਾਂ 'ਚ ਵਧੇਰੇ ਨੌਜਵਾਨ ਪੀੜ੍ਹੀ ਦੇ ਲੋਕ ਸ਼ਾਮਲ ਹਨ, ਦੀ ਗਿਣਤੀ ਲਗਾਤਾਰ ਵਧਦੀ ਹੀ ਜਾ ਰਹੀ ਹੈ। ਪੁਲਸ ਪ੍ਰਸ਼ਾਸਨ, ਅਧਿਕਾਰੀ ਅਤੇ ਪ੍ਰਸ਼ਾਸਕ ਵਰਗ ਝੂਠੇ ਸਰਕਾਰੀ ਦਾਅਵਿਆਂ ਨੂੰ ਦੁਹਰਾ ਰਿਹਾ ਹੈ। ਲੁੱਟਮਾਰ ਦਾ ਬਾਜ਼ਾਰ ਗਰਮ ਹੈ। ਅੱਜ ਗੈਂਗਸਟਰ ਸ਼ਰੇਆਮ ਲੋਕਾਂ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦੇ ਕੇ ਫਿਰੌਤੀ ਮੰਗ ਰਹੇ ਹਨ। ਉਹ ਲੋਕਾਂ ਦਾ ਸਮਾਂ ਅਤੇ ਮਿਤੀ ਵੀ ਤੈਅ ਕਰ ਦਿੰਦੇ ਹਨ। ਕੁਝ ਸ਼ਰਾਰਤੀ ਅਨਸਰ ਪੰਜਾਬ ਅੰਦਰ ਖ਼ਾਲਿਸਤਾਨ ਦੀ ਮੰਗ ਦੇ ਨਾਅਰੇ ਲਾ ਰਹੇ ਹਨ। ਕੇਂਦਰ ਅਤੇ ਪੰਜਾਬ ਸਰਕਾਰ ਅਜਿਹੇ ਸ਼ਰਾਰਤੀ ਅਨਸਰਾਂ ਵਿਰੁੱਧ ਕੋਈ ਬਣਦੀ ਕਾਨੂੰਨੀ ਕਾਰਵਾਈ ਕਰਨ ਤੋਂ ਅਸਮਰਥ ਲੱਗ ਰਹੀ ਹੈ। ਆਮ ਲੋਕ ਡਰ ਕਾਰਨ ਚੁੱਪ ਰਹਿਣਾ ਹੀ ਠੀਕ ਸਮਝਦੇ ਹਨ।

ਰੁਜ਼ਗਾਰ ਨੂੰ ਲੱਭਣ ਲਈ ਵਿਦੇਸ਼ਾਂ ਵੱਲ ਜਾਣ ਵਾਲੇ ਲੋਕ ਆਈਲੈਟਸ ਦਾ ਇਮਤਿਹਾਨ ਦੇ ਰਹੇ ਹਨ। ਆਈਲੈਟਸ ਦਾ ਇਮਤਿਹਾਨ ਮੌਜੂਦਾ ਸਮੇਂ 'ਚ ਸਭ ਤੋਂ ਵੱਡੀ ਵਿੱਦਿਅਕ ਡਿਗਰੀ ਬਣ ਗਿਆ ਹੈ। ਕਾਲਜ ਅਤੇ ਯੂਨੀਵਰਸਿਟੀਆਂ ਵਿਦਿਆਰਥੀਆਂ ਦੀ ਉਡੀਕ ਕਰ ਰਹੀਆਂ ਹਨ ਪਰ ਪੜ੍ਹਨ ਵਾਲੇ ਨੌਜਵਾਨ ਮੁੰਡੇ-ਕੁੜੀਆਂ ਦੇਸ਼ 'ਚ ਪੜ੍ਹਨ ਦੀ ਥਾਂ ਹਵਾਈ ਜਹਾਜ਼ 'ਤੇ ਲਟਕ ਕੇ ਵੀ ਵਿਦੇਸ਼ ਜਾਣ ਦਾ ਮਨ ਬਣਾ ਚੁੱਕੇ ਹਨ।

ਠੱਗ ਟ੍ਰੈਵਲ ਏਜੰਟਾਂ ਦੀ ਲੁੱਟਮਾਰ ਜਾਰੀ ਹੈ। ਲੱਖਾਂ ਰੁਪਏ ਖ਼ਰਚ ਕਰ ਕੇ ਵਿਦੇਸ਼ ਜਾ ਕੇ ਉਨ੍ਹਾਂ ਦਾ ਭਵਿੱਖ ਕਿਹੋ ਜਿਹਾ ਹੋਵੇਗਾ, ਇਸ ਦੀ ਜਾਣਕਾਰੀ ਹਾਸਲ ਕਰਨ ਦਾ ਸਮਾਂ ਬਹੁਤ ਲੋਕਾਂ ਕੋਲ ਨਹੀਂ ਹੈ। ਉਨ੍ਹਾਂ ਕੋਲ ਅਜਿਹੀ ਇੱਛਾ ਸ਼ਕਤੀ ਵੀ ਨਹੀਂ ਹੈ। ਪੰਜਾਬ 'ਚ ਰਹਿਣ ਵਾਲੇ ਬੇਰੁਜ਼ਗਾਰ ਨੌਜਵਾਨ ਢਿੱਡ ਭਰਨ ਲਈ ਕਿਹੜਾ ਰਾਹ ਅਪਣਾਉਣਗੇ, ਇਸ ਦਾ ਅੰਦਾਜ਼ਾ ਲਾਉਣਾ ਵੀ ਔਖਾ ਹੈ। ਕਾਨੂੰਨੀ ਪ੍ਰਬੰਧਾਂ 'ਚ ਵਿਗੜਦੇ ਹਾਲਾਤ ਨੂੰ ਦੇਖਦੇ ਹੋਏ ਉਦਯੋਗਿਕ ਇਕਾਈਆਂ ਦੂਜੇ ਸੂਬਿਆਂ ਵੱਲ ਖਿਸਕ ਰਹੀਆਂ ਹਨ।

ਰਿਸ਼ਵਤਖੋਰੀ ਦਾ ਜਾਲ ਉੱਪਰ ਤੋਂ ਲੈ ਕੇ ਹੇਠਾਂ ਤੱਕ ਫੈਲ ਚੁੱਕਾ ਹੈ। ਪੰਜਾਬ ਅੰਦਰ ਮੁਹੱਲਾ ਕਲੀਨਿਕਾਂ ਦਾ ਖ਼ੂਬ ਢਿੰਡੋਰਾ ਪਿੱਟਿਆ ਜਾ ਰਿਹਾ ਹੈ। ਜਦੋਂ ਕਿ ਸਰਕਾਰੀ ਹਸਪਤਾਲਾਂ ਦੀਆਂ ਵੱਡੀਆਂ-ਵੱਡੀਆਂ ਇਮਾਰਤਾਂ ਅਤੇ ਵਿਦੇਸ਼ਾਂ 'ਚ ਵਸੇ ਪੰਜਾਬੀਆਂ ਦੇ ਪੈਸਿਆਂ ਨਾਲ ਬਣੇ ਖ਼ੂਬਸੂਰਤ ਹਸਪਤਾਲ ਸਟਾਫ਼, ਦਵਾਈਆਂ ਅਤੇ ਸਾਜ਼ੋ-ਸਾਮਾਨ ਤੋਂ ਵਾਂਝੇ ਹਨ।

ਪੰਜਾਬ 'ਚ ਸਰਕਾਰੀ ਹਸਪਤਾਲਾਂ 'ਚ ਸਥਾਪਿਤ 5 ਟਰੋਮਾ ਸੈਂਟਰ ਤਰਸਯੋਗ ਹਾਲਤ 'ਚ ਨਜ਼ਰ ਆਉਂਦੇ ਹਨ। ਦਿੱਲੀ ਦੇ ਸਿਹਤ ਮਾਡਲ ਵਾਂਗ ਪੰਜਾਬ 'ਚ ਸਿਹਤ ਸਹੂਲਤਾਂ ਨੂੰ ਦੇਣ ਦਾ ਵਾਅਦਾ ਕਰਨ ਵਾਲੀ ਸਰਕਾਰ ਸ਼ਰਮਸਾਰ ਜ਼ਰੂਰ ਹੋਣੀ ਚਾਹੀਦੀ ਹੈ। ਸਰਕਾਰੀ ਸਕੂਲਾਂ ਦੇ ਬੰਦ ਹੋਣ ਕਾਰਨ ਅਤੇ ਪ੍ਰਾਈਵੇਟ ਸਕੂਲਾਂ ਦੀਆਂ ਬੇਲਗਾਮ ਫੀਸਾਂ ਅਤੇ ਹੋਰ ਸੰਬੰਧਤ ਖ਼ਰਚਿਆਂ ਕਾਰਨ ਆਮ ਆਦਮੀ ਦੇ ਬੱਚਿਆਂ ਲਈ ਉੱਚ ਸਿੱਖਿਆ ਹਾਸਲ ਕਰਨ ਦੀ 'ਮ੍ਰਿਗਤ੍ਰਿਸ਼ਣਾ' ਬਣੀ ਹੋਈ ਹੈ।

ਸਵਾਲ ਪੁੱਛਿਆ ਜਾਣਾ ਚਾਹੀਦਾ ਹੈ ਕਿ ਉਪਰੋਕਤ ਦੱਸੇ ਗਏ ਸਭ ਦੁੱਖਾਂ ਦਾ ਇਲਾਜ ਕੀ ਹੈ? ਵੋਟ ਲੈਣ ਦੀ ਖ਼ਾਤਰ ਝੂਠੇ ਵਾਅਦਿਆਂ ਦੀ ਇਸ਼ਤਿਹਾਰਬਾਜ਼ੀ ਕੀਤੀ ਜਾਂਦੀ ਹੈ। ਭ੍ਰਿਸ਼ਟਾਚਾਰ ਅਤੇ ਭਾਈ-ਭਤੀਜਾਵਾਦ ਦਾ ਮੋਹ ਛੱਡ ਕੇ ਨੌਕਰਸ਼ਾਹੀ ਨੂੰ ਕਾਨੂੰਨ ਦੇ ਘੇਰੇ 'ਚ ਰਹਿ ਕੇ ਲੋਕਾਂ ਦੇ ਹਿੱਤਾਂ ਲਈ ਕੰਮ ਕਰਨਾ ਚਾਹੀਦਾ ਹੈ। ਬਦਕਿਸਮਤੀ ਵਾਲੀ ਗੱਲ ਇਹ ਹੈ ਕਿ ਦੂਜੀਆਂ ਸਰਕਾਰਾਂ ਵਾਂਗ 'ਆਪ' ਦੇ ਆਗੂ ਕਾਰਪੋਰੇਟ ਅਤੇ ਫਿਰਕੂ ਸਿਆਸਤ ਦੇ ਪੈਰੋਕਾਰ ਹਨ। ਸਰਕਾਰ ਦੇ ਹਰ ਕੰਮ ਪ੍ਰਤੀ ਜਾਗਰੂਕ ਲੋਕ 'ਚੌਕੀਦਾਰ' ਵਜੋਂ ਕੰਮ ਕਰ ਸਕਦੇ ਹਨ।




# ਮੱਕੀ ਦੀ ਰੋਟੀ

## ਸਿਰਫ਼ ਸਵਾਦ 'ਚ ਹੀ ਨਹੀਂ ਸਿਹਤ ਲਈ ਵੀ ਹੈ 'ਵੱਡਾ ਵਰਦਾਨ'



ਸਰਦੀਆਂ 'ਚ ਮੱਕੀ ਦੀ ਰੋਟੀ ਖਾਣ ਦੇ ਬਹੁਤ ਸਾਰੇ ਫਾਇਦੇ ਹੁੰਦੇ ਹਨ। ਮੱਕੀ ਨੂੰ ਭਾਵੇਂ ਤੁਸੀਂ ਦਾਣੇ ਦੇ ਰੂਪ 'ਚ ਖਾਓ ਜਾਂ ਰੋਟੀ ਦੇ ਰੂਪ 'ਚ। ਇਸ 'ਚ ਵਿਟਾਮਿਨ ਏ. ਬੀ. ਈ. ਅਤੇ ਕਈ ਤਰ੍ਹਾਂ ਦੇ ਮਿਨਰਲਸ ਜਿਵੇਂ ਆਇਰਨ, ਕਾਪਰ, ਜ਼ਿੰਕ ਅਤੇ ਮੈਗਨੀਜ਼, ਪੋਟਾਸ਼ੀਅਮ ਹੁੰਦੇ ਹਨ। ਇਸ 'ਚ ਐਂਟੀ-ਆਕਸੀਡੈਂਟ ਭਰਪੂਰ ਮਾਤਰਾ 'ਚ ਮਿਲਦਾ ਹੈ, ਜੋ ਫੇਫੜਿਆਂ ਦੇ ਕੈਂਸਰ, ਲੀਵਰ ਅਤੇ ਛਾਤੀ ਕੈਂਸਰ ਦੇ ਖ਼ਤਰੇ ਨੂੰ ਘੱਟ ਕਰਦੇ ਹਨ। ਇਸ ਤੋਂ ਇਲਾਵਾ ਇਹ ਹਾਈ ਬੀ .ਪੀ. ਦੀ ਸਮੱਸਿਆ ਨੂੰ ਵੀ ਘੱਟ ਕਰਕੇ ਦਿਲ ਦੇ ਦੌਰੇ ਦਾ ਖ਼ਤਰਾ ਘੱਟ ਕਰਦਾ ਹੈ। ਇਸ ਲਈ ਆਪਣੀ ਡਾਈਟ 'ਚ ਮੱਕੀ ਦੀ ਰੋਟੀ ਨੂੰ ਜ਼ਰੂਰ ਸ਼ਾਮਲ ਕਰੋ। ਆਓ ਜਾਣਦੇ ਹਾਂ ਇਸ ਦੇ ਫਾਇਦੇ।

### 1. ਕੈਂਸਰ ਦੀ ਰੋਕਥਾਮ

ਮੱਕੀ ਦਾ ਸੇਵਨ ਕਰਨਾ ਸਿਹਤ ਲਈ ਬੇਹੱਦ ਫਾਇਦੇਮੰਦ ਹੁੰਦਾ ਹੈ। ਇਸ 'ਚ ਐਂਟੀ-ਆਕਸੀਡੈਂਟ, ਬੀਟਾ ਕ੍ਰਿਪਟੋਜੇਥਿਨ, ਐਂਟੀ-ਆਕਸੀਡੈਂਟ ਭਰਪੂਰ ਮਾਤਰਾ 'ਚ ਪਾਏ ਜਾਂਦੇ ਹਨ, ਜੋ ਫੇਫੜਿਆਂ ਦੇ ਕੈਂਸਰ, ਲਿਵਰ ਅਤੇ ਬ੍ਰੈਸਟ ਕੈਂਸਰ ਦੇ ਖ਼ਤਰੇ ਨੂੰ ਘੱਟ ਕਰਦੇ ਹਨ।

### 2. ਦਿਲ ਨੂੰ ਰੱਖੇ ਤੰਦਰੁਸਤ

ਇਹ ਕੋਲੈਸਟਰੋਲ ਨੂੰ ਘੱਟ ਕਰ ਕਾਰਡਿਓਵਰਸਕੁਲਰ ਦੇ ਰਿਸਕ ਨੂੰ ਘੱਟ ਕਰਦਾ ਹੈ। ਇਸ 'ਚ ਓਮੇਗਾ-3 ਫੈਟੀ ਐਸਿਡ ਵੀ ਹੁੰਦਾ ਹੈ, ਜੋ ਦਿਲ ਨੂੰ ਸਿਹਤਮੰਦ ਬਣਾਉਂਦਾ ਹੈ। ਇਸ ਤੋਂ ਇਲਵਾ ਇਹ ਹਾਈ ਬੀ. ਪੀ. ਦੀ ਸਮੱਸਿਆ ਨੂੰ ਵੀ ਘੱਟ ਕਰਕੇ ਹਾਰਟ ਅਟੈਕ ਅਤੇ ਸਟ੍ਰੋਕ ਦਾ ਖ਼ਤਰਾ ਘੱਟ ਕਰਦਾ ਹੈ। ਨਿਯਮਿਤ ਇਸ ਨੂੰ ਖਾਣ ਨਾਲ ਸਰੀਰ 'ਚੋਂ ਮਾੜੇ ਕੋਲੈਸਟਰੋਲ ਦਾ ਪੱਧਰ ਘੱਟ ਹੋ ਜਾਂਦਾ ਹੈ।

### 3. ਡਾਈਜੇਸ਼ਨ

ਕਣਕ ਦੀ ਰੋਟੀ ਦੀ ਬਜਾਏ ਮੱਕੀ ਦੀ ਰੋਟੀ ਪਚਨ 'ਚ ਆਸਾਨ ਹੁੰਦੀ ਹੈ। ਮੱਕੀ 'ਚ ਮੌਜੂਦ ਫਾਈਬਰ ਪਾਚਨ ਨੂੰ ਸਹੀ ਰੱਖਦਾ ਹੈ ਅਤੇ ਹਾਨੀਕਾਰਕ ਪਦਾਰਥਾਂ ਨੂੰ ਸਰੀਰ 'ਚੋਂ ਬਾਹਰ ਕੱਢਣ ਦਾ ਕੰਮ ਕਰਦਾ ਹੈ। ਇਸ ਤੋਂ ਇਲਾਵਾ ਐਸੀਡਿਟੀ, ਕਬਜ਼ ਆਦਿ ਪੇਟ ਸਬੰਧੀ ਸਮੱਸਿਆਵਾਂ ਘੱਟ ਹੁੰਦੀਆਂ ਹਨ।

### 4. ਖੂਨ ਵਧਾਏ

ਅਨੀਮੀਆ ਦੇ ਮਰੀਜ਼ਾਂ ਲਈ ਮੱਕੀ ਬਹੁਤ ਹੀ ਲਾਭਕਾਰੀ ਹੁੰਦੀ ਹੈ ਕਿਉਂਕਿ ਇਸ 'ਚ ਜ਼ਿੰਕ, ਆਇਰਨ ਅਤੇ ਬੀਟਾ-ਕੈਰੋਟਿਨ ਹੁੰਦਾ ਹੈ, ਜੋ ਸਰੀਰ 'ਚ ਲਾਲ ਖੂਨ ਕੋਸ਼ਿਕਾਵਾਂ ਨੂੰ ਵਧਾਉਂਦਾ ਹੈ। ਇਸ ਤੋਂ ਇਲਾਵਾ ਇਹ ਵਿਟਾਮਿਨਸ ਦੀ ਕਮੀ ਨੂੰ ਵੀ ਦੂਰ ਕਰਦਾ ਹੈ।

### 5. ਗਰਭ ਅਵਸਥਾ 'ਚ ਫਾਇਦੇਮੰਦ

ਗਰਭਵਤੀ ਔਰਤਾਂ ਨੂੰ ਵੀ ਮੱਕੀ ਦੀ ਰੋਟੀ ਨੂੰ ਆਪਣੀ ਡਾਈਟ 'ਚ ਜ਼ਰੂਰ ਸ਼ਾਮਲ ਕਰਨਾ ਚਾਹੀਦਾ ਹੈ। ਇਸ 'ਚ ਫਾਲੇਟ ਅਤੇ ਵਿਟਾਮਿਨ-ਬੀ ਪਾਇਆ ਜਾਂਦਾ ਹੈ, ਜੋ ਕਿ ਗਰਭ 'ਚ ਪਲ ਰਹੇ ਬੱਚੇ ਦੀਆਂ ਨਵੀਂ ਕੋਸ਼ਿਕਾਵਾਂ ਦੇ ਵਿਕਾਸ ਲਈ ਜ਼ਰੂਰੀ ਹੁੰਦਾ ਹੈ। ਇਸ ਤੋਂ ਇਲਾਵਾ ਫਾਲੇਟ ਗਰਭ ਅਵਸਥਾ 'ਚ ਮਾਂ ਅਤੇ ਬੱਚੇ, ਦੋਹਾਂ ਲਈ ਫਾਇਦੇਮੰਦ ਹੁੰਦਾ ਹੈ।

### 6. ਸਰਦੀ-ਜ਼ੁਕਾਮ ਤੋਂ ਦਿਵਾਏ ਰਾਹਤ

ਮੱਕੀ ਦੇ ਭੁੱਟੇ ਨੂੰ ਭੁੰਨ੍ਹ/ਸਾੜ ਕੇ ਉਸ ਦੀ ਰਾਖ ਨੂੰ ਪੀਸ ਲਓ ਫਿਰ ਇਸ 'ਚ ਸੁਆਦ ਮੁਤਾਬਕ ਸੇਂਧਾ ਨਮਕ ਪਾ ਕੇ ਦਿਨ 'ਚ 4 ਵਾਰ 1 ਚਮਚ ਇਸ ਦਾ ਸੇਵਨ ਕਰੋ। ਇਸ ਨਾਲ ਖਾਂਸੀ, ਕਫ ਅਤੇ ਸਰਦੀ ਤੋਂ ਰਾਹਤ ਮਿਲਦੀ ਹੈ।

### 7. ਹੱਡੀਆਂ ਨੂੰ ਬਣਾਏ ਮਜ਼ਬੂਤ

ਮੱਕੀ ਹੱਡੀਆਂ ਲਈ ਵੀ ਬਹੁਤ ਹੀ ਫਾਇਦੇਮੰਦ ਹੈ। ਮੈਗਨੀਸ਼ੀਅਮ ਅਤੇ ਆਇਰਨ ਇਸ 'ਚ ਭਰਪੂਰ ਮਾਤਰਾ 'ਚ ਹੁੰਦਾ ਹੈ, ਜੋ ਹੱਡੀਆਂ ਨੂੰ ਮਜ਼ਬੂਤ ਬਣਾਉਂਦਾ ਹੈ। ਨਾਲ ਹੀ ਇਸ 'ਚ ਮੌਜੂਦ ਜ਼ਿੰਕ ਅਤੇ ਫਾਸਫੋਰਸ ਆਰਥਰਾਈਟਸ ਵਰਗੇ ਰੋਗਾਂ ਦੇ ਖ਼ਤਰੇ ਨੂੰ ਘੱਟ ਕਰਦਾ ਹੈ।

### 8. ਯੂਰਿਨ 'ਚ ਜਲਣ ਦੀ ਸਮੱਸਿਆ

ਮੱਕੀ ਦੀ ਰੋਟੀ ਨੂੰ ਪਾਣੀ 'ਚ ਉਬਾਲ ਕੇ ਛਾਣ ਲਓ ਅਤੇ ਇਸ 'ਚ ਮਿਸ਼ਰੀ ਮਿਲਾ ਕੇ ਪੀਓ। ਇਸ ਨਾਲ ਯੂਰਿਨ 'ਚ ਜਲਣ ਅਤੇ ਗੁਰਦਿਆਂ ਦੀ ਕਮਜ਼ੋਰੀ ਦੂਰ ਹੋਵੇਗੀ। ਇਸ ਨਾਲ ਪੱਥਰੀ ਹੋਣ ਦਾ ਖ਼ਤਰਾ ਵੀ ਘੱਟ ਹੋ ਜਾਂਦਾ ਹੈ।

### 9. ਅੱਖਾਂ ਦੀ ਰੌਸ਼ਨੀ

ਇਸ 'ਚ ਪਾਇਆ ਜਾਣ ਵਾਲਾ ਰੇਟਿਨਾਈਡਸ ਅੱਖਾਂ ਦੇ ਰੇਟਿਨਾ ਲਈ ਲਾਭਕਾਰੀ ਹੁੰਦਾ ਹੈ। ਇਸ ਦਾ ਸੇਵਨ ਕਰਨ ਨਾਲ ਅੱਖਾਂ ਦੀ ਰੌਸ਼ਨੀ ਨੂੰ ਫਾਇਦਾ ਮਿਲਦਾ ਹੈ।

### 10. ਸਕਿਨ/ਚਮੜੀ ਲਈ ਫਾਇਦੇਮੰਦ

ਇਸ 'ਚ ਮੌਜੂਦ ਬੀਟਾ-ਕੈਰੋਟਿਨ ਅਤੇ ਵਿਟਾਮਿਨ-ਏ ਸਕਿਨ ਲਈ ਬੈਸਟ ਹੁੰਦਾ ਹੈ। ਨਿਯਮਿਤ ਇਸ ਦਾ ਸੇਵਨ ਕਰਨ ਨਾਲ ਸਕਿਨ ਗਲੋ ਕਰਦੀ ਹੈ।


# ਜ਼ਿਆਦਾ ਪ੍ਰੋਟੀਨ ਤੇ ਮਿਠਿਆਈਆਂ ਦੇ ਸੇਵਨ ਸਣੇ ਇਹ ਚੀਜ਼ਾਂ ਹੱਡੀਆਂ ਨੂੰ ਬਣਾਉਂਦੀਆਂ ਨੇ ਕਮਜ਼ੋਰ

- ਟਮਾਟਰ, ਮਸ਼ਰੂਮ, ਮਿਰਚ, ਚਿੱਟੇ ਆਲੂ ਅਤੇ ਬੈਂਗਣ ਵਰਗੀਆਂ ਰਾਤ ਦੀਆਂ ਸਬਜ਼ੀਆਂ ਹੱਡੀਆਂ 'ਚ ਸੋਜ ਦਾ ਕਾਰਨ ਬਣ ਸਕਦੀਆਂ ਹਨ, ਜਿਸ ਨਾਲ ਓਸਟੀਓਪੋਰੋਸਿਸ ਹੋ ਸਕਦਾ ਹੈ। ਹਾਲਾਂਕਿ, ਇਨ੍ਹਾਂ ਸਬਜ਼ੀਆਂ 'ਚ ਹੋਰ ਵਿਟਾਮਿਨ ਅਤੇ ਖਣਿਜ ਹੁੰਦੇ ਹਨ, ਜੋ ਤੁਹਾਡੀ ਸਿਹਤ ਲਈ ਚੰਗੇ ਹਨ।
- ਪਾਲਕ 'ਚ ਹੱਡੀਆਂ ਲਈ ਸਿਹਤਮੰਦ ਕੈਲਸ਼ੀਅਮ ਹੁੰਦਾ ਹੈ ਪਰ ਇਸ 'ਚ ਆਕਸੀਲੇਟ ਨਾਮਕ ਪਦਾਰਥ ਵੀ ਹੁੰਦਾ ਹੈ, ਜੋ ਕੈਲਸ਼ੀਅਮ ਦੀ ਮਾਤਰਾ ਨੂੰ ਘਟਾ ਸਕਦਾ ਹੈ। ਅਜਿਹੇ ਭੋਜਨ ਦੇ ਨਾਲ-ਨਾਲ ਮਾਹਿਰ ਅਜਿਹੇ ਭੋਜਨ ਖਾਣ ਦੀ ਵੀ ਸਲਾਹ ਦਿੰਦੇ ਹਨ, ਜੋ ਸਰੀਰ ਦੀ ਕੈਲਸ਼ੀਅਮ ਦੀ ਸਮਰੱਥਾ ਨੂੰ ਵਧਾਉਂਦੇ ਹਨ। ਜੇਕਰ ਤੁਸੀਂ ਪਾਲਕ ਖਾਂਦੇ ਹੋ ਤਾਂ ਆਕਸਲੇਟ ਤੁਹਾਨੂੰ ਪਾਲਕ 'ਚੋਂ ਕੈਲਸ਼ੀਅਮ ਨੂੰ ਜਜ਼ਬ ਕਰਨ ਤੋਂ ਰੋਕਦਾ ਹੈ।
- ਕੈਫੀਨ ਦਾ ਸੇਵਨ ਔਰਤਾਂ 'ਚ ਹੱਡੀਆਂ ਦੇ ਘਣਾਅ ਨੂੰ ਘੱਟ ਕਰ ਸਕਦਾ ਹੈ। ਕੈਫੀਨ ਹੱਡੀਆਂ ਤੋਂ ਕੈਲਸ਼ੀਅਮ ਦਾ ਰਿਸਾਅ ਕਰਦਾ ਹੈ। ਉਨ੍ਹਾਂ ਦੀ ਤਾਕਤ ਨੂੰ ਘੱਟ ਕਰਦਾ ਹੈ।
- ਬੀਨਜ਼ ਦੀਆਂ ਕਈ ਕਿਸਮਾਂ 'ਚ ਫਾਈਟੇਟਸ ਨਾਮਕ ਪਦਾਰਥ ਹੁੰਦੇ ਹਨ। ਉਹ ਸਰੀਰ ਦੀ ਕੈਲਸ਼ੀਅਮ ਨੂੰ ਜਜ਼ਬ ਕਰਨ ਦੀ ਸਮਰੱਥਾ ਨੂੰ ਘਟਾ ਸਕਦੇ ਹਨ, ਹਾਲਾਂਕਿ ਤੁਹਾਨੂੰ ਇਨ੍ਹਾਂ ਤੋਂ ਪੂਰੀ ਤਰ੍ਹਾਂ ਬਚਣ ਦੀ ਲੋੜ ਨਹੀਂ ਹੈ ਕਿਉਂਕਿ ਉਨ੍ਹਾਂ 'ਚ ਸਰੀਰ ਲਈ ਜ਼ਰੂਰੀ ਪੌਸ਼ਟਿਕ ਤੱਤ ਵੀ ਹੁੰਦੇ ਹਨ।
- ਬਹੁਤ ਜ਼ਿਆਦਾ ਪ੍ਰੋਟੀਨ ਖਾਣ ਨਾਲ ਤੁਹਾਡੀਆਂ ਹੱਡੀਆਂ 'ਚੋਂ ਕੈਲਸ਼ੀਅਮ ਨਿਕਲ ਸਕਦਾ ਹੈ। ਜੇਕਰ ਤੁਸੀਂ ਓਸਟੀਓਪੇਨੀਆ ਜਾਂ ਓਸਟੀਓਪੋਰੋਸਿਸ ਤੋਂ ਪੀੜਤ ਹੋ ਤਾਂ ਤੁਹਾਨੂੰ ਜ਼ਿਆਦਾ ਸੇਵਨ ਤੋਂ ਬਚਣਾ ਚਾਹੀਦਾ ਹੈ।
- ਜੇਕਰ ਤੁਸੀਂ ਬਹੁਤ ਜ਼ਿਆਦਾ ਸੋਡਾ ਪੀਂਦੇ ਹੋ ਤਾਂ ਇਹ ਤੁਹਾਡੀਆਂ ਹੱਡੀਆਂ ਲਈ ਨੁਕਸਾਨਦੇਹ ਹੋ ਸਕਦਾ ਹੈ। ਵੱਧ ਕੋਲਾ ਪੀਣ ਨਾਲ ਹੱਡੀਆਂ ਦੇ ਖਣਿਜ ਘਣਤਾ 'ਚ ਕਮੀ ਆ ਸਕਦੀ ਹੈ ਅਤੇ ਫ੍ਰੈਕਚਰ ਦਾ ਖ਼ਤਰਾ ਵੱਧ ਸਕਦਾ ਹੈ।
- 19 ਤੋਂ 30 ਸਾਲ ਦੀ ਉਮਰ ਦੀ ਔਰਤਾਂ, ਜਿਨ੍ਹਾਂ 'ਚ ਜ਼ਿਆਦਾ ਮਾਤਰਾ 'ਚ ਸ਼ਰਾਬ ਦਾ ਸੇਵਨ ਕੀਤਾ ਜਾਂਦਾ ਹੈ। ਹੱਡੀਆਂ 'ਚੋਂ ਕੈਲਸ਼ੀਅਮ ਦੇ ਰਿਸਾਅ ਲਈ ਸ਼ਰਾਬ ਦਾ ਸੇਵਨ ਘੱਟ ਕਰੋ।

# ਕੜਾਕੇ ਦੀ ਠੰਢ ਵੱਧਾ ਰਹੀ ਹੈ ਛਾਤੀ ਦਾ ਜ਼ੁਕਾਮ



ਲਿਖਤ
ਅਨਿਲ ਧੀਰ
604-853-5800




" ਗਲੇ ਵਿੱਚ ਖਰਾਸ਼, ਬਲਗਮ ਜਾਂ ਬਿਨਾਂ ਬਲਗਮ ਖਾਂਸੀ, ਬੁਖਾਰ, ਛਾਤੀ ਵਿੱਚ ਦਰਦ, ਸਿਰ-ਦਰਦ, ਹਮੇਸ਼ਾ ਥਕਾਵਟ ਮਹਿਸੂਸ ਹੋਣਾ, ਸਾਹ ਲੈਣ ਵਿੱਚ ਮੁਸ਼ਕਲ ਵਗੈਰਾ ਲੱਛਣ ਲਗਾਤਾਰ 3 ਹਫਤੇ ਤੋਂ ਵੱਧ ਰਹਿਣ ਦੀ ਹਾਲਤ ਵਿੱਚ ਬਿਨਾ ਦੇਰੀ ਡਾਕਟਰ ਦੀ ਸਲਾਹ ਲਵੋ"

ਮੌਸਮ ਅਤੇ ਬਿਮਾਰੀ ਉਮਰ ਨਹੀਂ ਦੇਖਦੀ। ਛਾਤੀ ਵਿੱਚ ਜ਼ੁਕਾਮ ਯਾਨਿ ਤੀਬਰ ਬ੍ਰੋਨਕਾਈਟਸ (ਦਮਾ) ਦੀ ਹਾਲਤ ਵਿੱਚ ਸਾਹ ਨਲੀਆਂ ਸੁੱਜ ਜਾਂਦੀਆਂ ਹਨ ਅਤੇ ਬਲਗਮ ਜ਼ਿਆਦਾ ਬਣਦੀ ਹੈ। ਲਗਾਤਾਰ ਜ਼ੁਕਾਮ, ਖੰਘ ਰਹਿਣ ਦੀ ਹਾਲਤ ਵਿੱਚ ਛਾਤੀ ਦਾ ਜ਼ੁਕਾਮ ਹੋ ਸਕਦਾ ਹੈ। ਵਾਇਰਸ-ਬੈਟੀਰੀਆ ਦੁਆਰਾ ਇਨਫੈਕਸ਼ਨ ਹੋ ਜਾਂਦੀ ਹੈ।

- ਆਮ ਹਾਲਤ ਵਿੱਚ ਇਲਾਜ਼ ਦੇ ਨਾਲ-ਨਾਲ ਸਰੀਰ ਅਤੇ ਮਨ ਨੂੰ ਆਰਾਮ ਦੇਣ ਦੀ ਲੋੜ ਹੁੰਦੀ ਹੈ।
- ਘਰੇਲੂ ਰੇਮੇਡੀਜ਼ ਵਿੱਚ ਡੇਲੀ 3-4 ਬਾਰ ਸਟੀਮ ਯਾਨਿ ਭਾਫ ਲਵੋ। ਕੋਸੇ ਤਰਲ-ਪਦਾਰਥ ਜ਼ਿਆਦਾ ਪੀਓ।
- ਗਰਮ ਪਾਣੀ ਨਾਲ ਸਨਾਨ ਕਰੋ। ਨਮਕ-ਪਾਣੀ ਦੇ ਗਰਾਰੇ ਕਰਦੇ ਰਹੋ। ਗਲੇ ਨੂੰ ਆਰਾਮ ਦੇਣ ਲਈ ਅਦਰਕ ਰੱਸ ਸ਼ਹਿਦ ਮਿਲਾ ਕੇ ਸੇਵਨ ਕਰੋ। ਛੋਟੀ ਇਲਾਚੀ, ਲੌਂਗ, ਮਿਸਰੀ ਚੂਸਦੇ ਰਹੋ।
- ਭਰੀ ਹੋਈ ਨੱਕ ਤੋਂ ਛੁਟਕਾਰਾ ਪਾਉਣ ਲਈ ਸੇਲਾਈਨ-ਵਾਟਰ, ਸਪ੍ਰੇ ਅਤੇ ਨੱਕ ਖੋਲਣ ਵਾਲੇ ਡ੍ਰਾਪਸ ਇਸਤੇਮਾਲ ਕਰ ਸਕਦੇ ਹੋ।
- ਘਰ ਅੰਦਰ ਹਿਊਮਿਡੀਫਾਇਰ ਜਾਂ ਠੰਡਾ ਮਿਸਟ ਵੈਪੋਰਾਜ਼ਿਰ ਇਸਤੇਮਾਲ ਕਰੋ।
- ਹੈਲਦੀ ਫੈਟ : ਆਮ ਤੌਰ 'ਤੇ ਪੌਦਿਆਂ ਤੋਂ ਤਿਆਰ ਮੋਨੋਅਨਸੈਚੁਰੇਟਿਡ ਅਤੇ ਪੌਲੀਅਨਸੇਚੁਰੇਟਿਡ ਫੈਟ ਸੋਜਸ਼ ਨੂੰ ਘੱਟ ਕਰਕੇ, ਅਸਾਨੀ ਨਾਲ ਸਾਹ ਲੈਣ ਵਿੱਚ ਮਦਦ ਕਰਦੇ ਹਨ। ਖੁਰਾਕ ਵਿੱਚ ਅੰਡੇ, ਆਲਿਵ-ਤੇਲ, ਗਿਰੀਦਾਰ ਫੱਲ ਅਤੇ ਆਵਾਕੇਡੋ ਸ਼ਾਮਿਲ ਕਰ ਸਕਦੇ ਹੋ।
- ਪ੍ਰੋਟੀਨ : ਪ੍ਰੋਟੀਨ ਸਰੀਰ ਦੇ ਇਮੀਊਨ ਸਿਸਟਮ ਨੂੰ ਮਜਬੂਤ ਕਰਕੇ ਸਾਹ ਦੇ ਸੈਲਾਂ ਨੂੰ ਹੈਲਦੀ ਰੱਖ ਕੇ ਫੇਫੜੇ ਮਜਬੂਤ ਕਰਦਾ ਹੈ। ਲੀਨ ਮੀਟ, ਫਲਿਆਂ, ਅੰਡੇ
- ਕੰਪਲੈਕਸ ਕਾਰਬੋਹਾਈਡਰੇਟ : ਵਿੱਚ ਫਾਈਬਰ ਜ਼ਿਆਦਾ ਹੁੰਦਾ ਹੈ, ਜੋ ਪਾਚਨ ਪ੍ਰਣਾਲੀ ਨੂੰ ਠੀਕ ਰੱਖਦਾ ਹੈ। ਰੂਟੀਨ ਵਿੱਚ ਹੋਲ-ਵੀਟ ਖਾਣ-ਪੀਣ ਵਾਲੀਆਂ ਚੀਜ਼ਾਂ ਇਸਤੇਮਾਲ ਕਰਨ ਨਾਲ ਫੇਫੜਿਆਂ ਨੂੰ ਤਾਕਤ ਮਿਲਦੀ ਹੈ।
- ਤਾਜ਼ੇ ਫੱਲ ਸਬਜ਼ੀਆਂ : ਫਰੋਜ਼ਨ ਚੀਜ਼ਾਂ ਦੀ ਥਾਂ ਤਾਜ਼ੇ ਫੱਲ-ਸਬਜ਼ੀਆਂ ਹੀ ਖਾਓ।
- ਸਰੀਰ ਅੰਦਰ ਪੋਟਾਸ਼ੀਅਮ ਦੀ ਸਹੀ ਮਾਤਰਾ ਬਣਾ ਕੇ ਰੱਖਣ ਲਈ ਪੱਕਿਆ ਕੇਲਾ, ਹਰੀ ਪੱਤੇਦਾਰ ਸਬਜ਼ੀਆਂ, ਚੁਕੰਦਰ, ਆਦਿ ਖੁਰਾਕ ਵਿੱਚ ਸ਼ਾਮਿਲ ਕਰਕੇ ਫੇਫੜੇ ਤੰਦਰੁਸਤ ਰੱਖੋ।
- ਇੰਡਸਰੀਅਲ ਅਤੇ ਸਿਗਰੇਟ-ਬੀੜੀ ਦੇ ਧੂੰਏ ਕਾਰਨ ਫੇਫੜਿਆਂ ਨੂੰ ਨੁਕਸਾਨ ਪਹੁੰਚਦਾ ਹੈ। ਸੇਬ ਅੰਦਰ ਮੌਜੂਦ ਐਂਟੀਆਕਸੀਡੈਂਟ ਕਵੇਰਸੇਟਿਨ ਹੋਣ ਕਰਕੇ ਡੇਲੀ 1-2 ਐਪਲ ਖਾ ਸਕਦੇ ਹੋ।
- ਨਮਕ ਯਾਨਿ ਸੋਡੀਅਮ ਜ਼ਿਆਦਾ ਲੈਣ ਨਾਲ ਫੇਫੜਿਆਂ ਦੇ ਰੋਗੀ ਨੂੰ ਸਾਹ ਲੈਣ ਵਿੱਚ ਮੁਸ਼ਕਲ ਹੋ ਸਕਦੀ ਹੈ। ਗਰੋਸਰੀ ਕਰਨ ਵਾਲੇ ਫੂਡ ਲੇਵਲ ਨੂੰ ਧਿਆਣ ਨਾਲ ਦੇਖ ਕੇ ਹੀ ਲਵੋ।
- ਲੱਛਣਾਂ ਦੀ ਹਾਲਤ ਵਿੱਚ ਤਲੀਆਂ, ਮਿਰਚ-ਮਸਾਲੇਦਾਰ, ਠੰਢੇ ਖਾਣ-ਪੀਣ ਵਾਲੇ ਪਦਾਰਥ ਅਤੇ ਜੰਕ-ਫੂਡ ਅਤੇ ਨਸ਼ਿਆਂ ਦਾ ਇਸਤੇਮਾਲ ਫੇਫੜਿਆਂ ਨੂੰ ਕਮਜ਼ੋਰ ਕਰ ਸਕਦਾ ਹੈ। ਪ੍ਰਹੇਜ਼ ਕਰੋ।

ਨੋਟ : ਆਪਣੇ-ਆਪ ਅਤੇ ਸਾਹਮਣੇ ਵਾਲੇ ਨੂੰ ਛਾਤੀ ਦੇ ਜ਼ੁਕਾਮ ਯਾਨਿ ਬ੍ਰੋਨਕਾਈਟਸ ਤੋਂ ਬਚਾਉਣ ਵਿੱਚ ਮਦਦ ਕਰ ਸਕਦੇ ਹੋ। ਖੰਘਣ ਜਾਂ ਛਿੱਕਣ ਵੇਲੇ ਤੁਰੰਤ ਆਪਣਾ ਮੂੰਹ-ਨੱਕ ਢੱਕੋ। ਪਰਸਨਲ ਹਾਈਜ਼ੀਨ ਘਰ, ਬਾਹਰ ਅਤੇ ਵਰਕ-ਪਲੇਸ 'ਤੇ ਹੱਥਾਂ ਨੂੰ ਚੰਗੇ ਸੋਪ ਨਾਲ ਧੋਵੋ। ਮਾਸਕ ਨਾਲ ਆਪਣਾ ਮੂੰਹ ਢੱਕ ਕੇ ਰੱਖੋ। ਸਿਗਰਟ ਨਾ ਪੀਓ ਅਤੇ ਸੈਕਿੰਡ ਹੈਂਡ ਸਮੋਕ ਤੋਂ ਬਚੋ। ਸਮੇਂ 'ਤੇ ਫਲੂ ਦਾ ਵੈਕਸੀਨ ਜਰੂਰ ਲਗਵਾਓ।

# ਕੁਰਬਾਨੀ



ਲਿਖਤ : -ਬਲਵਿੰਦਰ 'ਬਾਲਮ', ਸੰਪਰਕ : 98156-25409

ਸੁਰਜੀਤ ਇਕ ਕਰੋੜਪਤੀ ਬਾਪ ਦੀ ਲੜਕੀ ਹੈ। ਬੜੀ ਸੁਸ਼ੀਲ, ਚੰਚਲ ਤੇ ਖੂਬਸੂਰਤੀ ਦੀ ਪ੍ਰਤਿਮਾ।

ਭੁਪਿੰਦਰ ਇਕ ਗ਼ਰੀਬ ਘਰ ਦਾ ਲੜਕਾ ਹੈ। ਉਸਦਾ ਬਾਪ ਅਪਹਾਜ ਹੈ। ਉਸਦੀ ਮਾਂ ਲੋਕਾਂ ਦੇ ਬਰਤਨ ਸਾਫ਼ ਕਰਕੇ ਘਰ ਦਾ ਗੁਜ਼ਾਰਾ ਚਲਾਉਂਦੀ ਹੈ। ਭੁਪਿੰਦਰ ਆਪਣੇ ਮਾਂ-ਬਾਪ ਦਾ ਇਕਲੋਤਾ ਪੁੱਤਰ ਹੈ। ਭਾਵੇਂ ਉਸਦੀ ਮਾਂ ਬਰਤਨ ਸਾਫ਼ ਕਰਕੇ ਹੀ ਘਰ ਦਾ ਗੁਜ਼ਾਰਾ ਚਲਾਉਂਦੀ ਹੈ, ਪਰ ਉਹ ਭੁਪਿੰਦਰ ਨੂੰ ਸ਼ਹਿਰ ਦੇ ਇਕ ਵਧੀਆ ਮਾਡਲ ਸਕੂਲ ਵਿਚ ਪੜ੍ਹਾ ਰਹੀ ਹੈ।

ਭੁਪਿੰਦਰ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਹੈ। ਹਰ ਕਲਾਸ ਚੋਂ ਉਹ ਹਮੇਸ਼ਾ ਹੀ ਪਹਿਲੇ ਦਰਜੇ 'ਤੇ ਰਹਿੰਦਾ ਹੈ।

ਭੁਪਿੰਦਰ ਤੇ ਸੁਰਜੀਤ ਦਸਵੀਂ ਤੱਕ ਇਕ ਹੀ ਕਲਾਸ ਵਿਚ ਪੜ੍ਹਦੇ ਆ ਰਹੇ ਹਨ। ਭੁਪਿੰਦਰ ਤੇ ਸੁਰਜੀਤ ਦਾ ਆਪਸ ਵਿਚ ਕਾਫ਼ੀ ਮੋਹ ਹੈ। ਕਿਸੇ ਨਾ ਕਿਸੇ ਬਹਾਨੇ, ਸੁਰਜੀਤ ਉਸ ਕੋਲੋਂ ਸਵਾਲ ਆਦਿ ਸਮਝਣ ਦੇ ਬਹਾਨੇ ਕਿੰਨਾ ਚਿਰ ਬੈਠੀ ਗੱਲਾਂ ਵੀ ਮਾਰਦੀ ਰਹਿੰਦੀ ਹੈ।

ਦਸਵੀਂ ਦਾ ਸਾਲਾਨ ਨਤੀਜਾ ਨਿਕਲਦਾ ਹੈ ਤਾਂ ਭੁਪਿੰਦਰ ਮੈਰਿਟ ਵਿਚ ਸਟੈਂਡ ਕਰਦਾ ਹੈ। ਪਰ ਸੁਰਜੀਤ ਸੈਕੰਡ ਕਲਾਸ ਵਿਚ ਪਾਸ ਹੁੰਦੀ ਹੈ। ਸੁਰਜੀਤ ਭੁਪਿੰਦਰ ਨੂੰ ਇਕ ਹੀ ਕਲਾਸ ਵਿਚ ਪੜ੍ਹਨ ਲਈ ਆਖਦੀ ਹੈ, ਪਰ ਭੁਪਿੰਦਰ ਆਪਣੀ ਮਜ਼ਬੂਰੀ ਦੱਸਦਾ ਹੋਇਆ ਕਹਿੰਦਾ ਹੈ, ''ਸੁਰਜੀਤ ਮੈਂ ਦਸਵੀਂ ਤੋਂ ਅੱਗੇ ਨਹੀਂ ਪੜ੍ਹ ਸਕਦਾ ਕਿਉਂਕਿ ਮੇਰੇ ਬੀਜੀ ਆਖਦੇ ਹਨ ਕਿ ਹੁਣ ਮੈਂ ਕਾਲਜ ਦਾ ਖ਼ਰਚਾ ਤੈਨੂੰ ਨਹੀਂ ਦੇ ਸਕਦੀ, ਤੂੰ ਕੋਈ ਨੌਕਰੀ ਲੱਭ ਲੈ।''

ਪਰ ਸੁਰਜੀਤ ਉਸਨੂੰ ਦਿਲਾਸਾ ਦੇਂਦੀ ਹੋਈ ਬੜੇ ਮਾਯੂਸ ਬੋਲਾਂ ਵਿਚ ਆਖਦੀ ਹੈ, ''ਭੁਪਿੰਦਰ ਵੇਖ ਮੈਂ ਤੈਨੂੰ ਸਾਰਾ ਖ਼ਰਚਾ ਦੇਵਾਂਗੀ। ਕਿਤਾਬਾਂ, ਕੱਪੜੇ ਤੇ ਹੋਰ ਆਰਥਿਕ ਲੋੜਾਂ ਪੂਰੀਆਂ ਕਰਾਂਗੀ, ਭੁਪਿੰਦਰ ਤੂੰ ਜ਼ਰੂਰ ਦਾਖ਼ਲ ਹੋ। ਤੂੰ ਆਪਣੇ ਬੀਜੀ ਨੂੰ ਮਨਾ ਲੈ ਕਿ ਮੈਂ ਆਪਣਾ ਖ਼ਰਚਾ ਖ਼ੁਦ ਆਪ ਕਰ ਲਵਾਂਗਾ ਤੇ ਮੈਨੂੰ ਕਾਲਜ ਦਾਖ਼ਲ ਹੋਣ ਦਿਓ।''

ਪਰ ਭੁਪਿੰਦਰ ਸੁਰਜੀਤ ਦੇ ਏਨੇ ਵੱਡੇ ਉਪਕਾਰ ਤੇ ਅਹਿਸਾਨ ਹੇਠਾਂ ਸੁਰਜੀਤ ਦੇ ਮੋਹ ਸਦਕੇ ਉਹ ਆਪਣੀ ਮਾਂ ਨੂੰ ਮਨਾ ਲੈਂਦਾ ਹੈ।

ਹੁਣ ਸੁਰਜੀਤ ਤੇ ਭੁਪਿੰਦਰ ਇਕ ਕਾਲਜ ਵਿਚ ਦਾਖ਼ਲ ਹੋ ਜਾਂਦੇ ਹਨ। ਦੋਵੇਂ ਹੀ ਬੜੇ ਖ਼ੁਸ਼ ਹਨ। ਕਾਲਜ ਵਿਚ ਦਾਖ਼ਲੇ ਦਾ ਅਤੇ ਪੁਸਤਕਾਂ ਦਾ ਸਾਰਾ ਖ਼ਰਚਾ ਸੁਰਜੀਤ ਹੀ ਅਦਾ ਕਰਦੀ ਹੈ। ਏਥੋਂ ਤੱਕ ਉਹ ਭੁਪਿੰਦਰ ਨੂੰ ਵਧੀਆ ਕੱਪੜੇ, ਪਗੜੀ ਤੇ ਇਕ ਸੁੰਦਰ ਘੜੀ ਵੀ ਹੱਥੀਂ ਖ਼ਰੀਦ ਕੇ ਦੇਂਦੀ ਹੈ। ਭੁਪਿੰਦਰ, ਜਦੋਂ ਉਸ ਕੋਲੋਂ ਇਹ ਚੀਜ਼ਾਂ ਲੈਂਦਾ ਹੈ ਤਾਂ ਉਹ ਖ਼ੁਸ਼ ਤਾਂ ਹੁੰਦਾ ਹੈ ਪਰ ਕੁਝ ਸ਼ਰਮਿੰਦਗੀ ਜਹੀ ਮਹਿਸੂਸ ਵੀ ਕਰਦਾ ਹੈ। ਜਿਵੇਂ ਉਸਦੀ ਗੁਰਬਤ ਖ਼ਰੀਦੀ ਜਾ ਰਹੀ ਹੋਵੇ। ਪਰ ਸੁਰਜੀਤ ਦੇ ਮੋਹ ਕਰਕੇ, ਉਸਦੀ ਖ਼ੁਸ਼ੀ ਕਰਕੇ ਉਹ ਸਭ ਕੁਝ ਸਵੀਕਾਰਦਾ ਹੈ। ਉਹ ਸੁਰਜੀਤ ਦੇ ਬੁਲੰਦੀਆਂ ਭਰੇ ਮੋਹ ਦੇ ਸ਼ੀਸ਼ੇ ਦੇ ਟੁਕੜੇ-ਟੁਕੜੇ ਵੀ ਨਹੀਂ ਕਰਨਾ ਚਾਹੁੰਦਾ। ਉਸਨੂੰ ਪਤਾ ਹੈ ਕਿ ਮੇਰੀ ਨਾਂਹ ਦੇ ਪੱਥਰ ਉਸਦੇ ਜਜ਼ਬਾਤ ਨੂੰ ਕਿਰਚੀਆਂ ਵਿਚ ਬਦਲ ਸਕਦੇ ਹਨ।

ਹੁਣ ਦੋਵੇਂ ਪ੍ਰੀ-ਮੈਡੀਕਲ ਵਿਚ ਦਾਖ਼ਲਾ ਲੈ ਲੈਂਦੇ ਹਨ। ਕਾਲਜ ਵਿਚ ਉਨ੍ਹਾਂ ਦੀਆਂ ਨਿੱਕੀਆਂ-ਨਿੱਕੀਆਂ ਲੁਕਵੀਆਂ ਤੇ ਅਲੁਕਵੀਆਂ ਮੁਲਾਕਾਤਾਂ ਹੁੰਦੀਆਂ ਰਹਿੰਦੀਆਂ ਹਨ।

ਇਕ ਵਾਰੀ ਸੁਰਜੀਤ ਤੇ ਭੁਪਿੰਦਰ ਦੋਵੇਂ ਕਾਲਜ ਦੇ ਇਕ ਲਾਅਨ ਵਿਚ, ਇਕਾਂਤ ਵਾਤਾਵਰਣ ਵਿਚ ਬੈਠੇ ਆਪਣੇ ਅਲਫ਼ਾਜ਼ਾਂ ਦੀ ਕਿਸ਼ਤੀ ਨੂੰ ਮੋਹ ਦੇ ਸਾਗਰ ਵਿਚ, ਜ਼ਿੰਦਗੀ ਦੇ ਚੱਪੂਆਂ ਨਾਲ, ਬੜੀ ਹੌਲੀ-ਹੌਲੀ ਮੱਧਮ ਤੌਰ ਵਿਚ ਲਿਜਾ ਰਹੇ ਸਨ।

ਸੁਰਜੀਤ ਘਾਹ ਦੀ ਇਕ ਤਿੜ ਨੂੰ ਮੂੰਹ ਵਿਚ ਚਿੱਬਦੀ ਹੋਈ ਤੇ ਬਿਲਾ ਵਜ੍ਹਾ ਹੀ ਆਪਣੀ ਕਾਪੀ ਦੇ ਵਰਕੇ ਥੱਲਦੀ ਹੋਈ ਭੁਪਿੰਦਰ ਵੱਲ ਗਹੁ ਭਰੀਆਂ ਨਜ਼ਰਾਂ ਨਾਲ ਤੱਕਦੀ ਹੋਈ ਕਹਿ ਰਹੀ ਸੀ, ''ਭੁਪਿੰਦਰ, ਸੱਚੀਂ ਤੂੰ ਮੈਨੂੰ ਏਨਾ ਚੰਗਾ ਕਿਉਂ ਲੱਗਦਾ ਏਂ?'' ਤੇ ਫਿਰ ਆਪੇ ਹੀ ਸ਼ਰਮ ਵਿਚ ਲਾਲ ਹੋ ਜਾਂਦੀ ਤੇ ਭੁਪਿੰਦਰ ਅੱਖੀਆਂ-ਅੱਖੀਆਂ 'ਚ ਇਸਦੇ ਅਰਥ ਸਮਝਾ ਦੇਂਦਾ।

''ਭੁਪਿੰਦਰ ਤੈਨੂੰ ਉਨਾਬੀ ਰੰਗ ਦੀ ਪੱਗ ਬਹੁਤ ਜਚਦੀ ਏ। ਸਾਡੇ ਕਾਲਜ ਵਿਚ ਕੀ ਸਾਡੇ ਸਾਰੇ ਸ਼ਹਿਰ ਵਿਚ ਤੇਰੇ ਵਰਗੀ ਕੋਈ ਪਗੜੀ ਨਹੀਂ ਬੰਨ੍ਹ ਸਕਦਾ। ਵੇਖ ਨਾ, ਕਿੱਦਾਂ ਤੇਰੀ ਪਗੜੀ ਦੇ ਲੜਾਂ ਵਿਚ, ਇਕੋ ਜਿੰਨੇ ਫਾਸਲੇ ਦੀ ਕਲਾਮਈ ਤਰਤੀਬ। ਹਰ ਇਕ ਲੜ ਦਾ ਫਾਸਲਾ ਦੂਸਰੇ ਲੜ ਦੇ ਫਾਸਲੇ ਜਿੰਨਾ ਬਰਾਬਰ। ਖ਼ਰਬੂਜ਼ੇ ਦੀ ਧੁੰਨੀ 'ਚੋਂ ਨਿਕਲਦੀਆਂ ਬਰਾਬਰ ਫਾਸਲੇ ਦੀਆਂ ਮੋਟੀਆਂ-ਮੋਟੀਆਂ ਧਾਰੀਆਂ ਵਾਂਗੂ। ਸੱਜੇ ਤੇ ਖੱਬੇ ਦੋਵੇਂ ਪਾਸਿਆਂ ਤੋਂ ਲੜ ਕਿੰਨੇ ਸਾਫ਼ ਨਜ਼ਰ ਆਉਂਦੇ ਹਨ। ਫਿਫਟੀ ਬਿਲਕੁਲ ਨਿੱਕੀ ਜਹੀ, ਅੰਗਰੇਜ਼ੀ ਦੇ ਲਫ਼ਜ਼ 'ਏ' ਦੀ ਸ਼ਕਲ ਵਰਗੀ। ਹਾਂ, ਭੁਪਿੰਦਰ ਤੇਰੀਆਂ ਨਿੱਕੀਆਂ-ਨਿੱਕੀਆਂ ਕੁੰਡਲਦਾਰ ਮੁੱਛਾਂ, ਨਿੱਕੀ-ਨਿੱਕੀ ਦਾੜ੍ਹੀ ਤੇਰੇ ਚਿਹਰੇ 'ਤੇ ਬੜੀ ਜੱਚਦੀ ਏ।'' ਤੇ ਨਾਲ ਹੀ ਨਾਲ ਉਹ ਆਵੇਸ਼ ਵਿਚ ਭੁਪਿੰਦਰ ਦੀ ਦਾੜ੍ਹੀ 'ਤੇ ਪੋਲਾ ਜਿਹਾ ਹੱਥ ਫੇਰ ਜਾਂਦੀ।

ਭੁਪਿੰਦਰ ਉਸਦੀ ਉਂਗਲ ਹੱਥ ਵਿਚ ਫੜਦਾ ਹੋਇਆ ਆਖਦਾ, ''ਸੁਰਜੀਤ, ਇਹ ਸਭ ਕੁਝ ਤੈਨੂੰ ਤਾਂ ਹੀ ਚੰਗਾ ਲੱਗਦਾ ਏ, ਮੋਹ ਤਾਂ ਹੈ ਹੀ ਏ ਪਰ ਇਹ ਕੱਪੜੇ, ਬੂਟ, ਇਹ ਪਗੜੀ ਤੇਰੇ ਹੀ ਤਾਂ ਹਨ ਤੇ ਖ਼ੁਦ ਮੈਂ ਵੀ।''

ਹੁਣ ਇਸ ਤਰ੍ਹਾਂ ਦੀਆਂ ਕਈ ਮੁਲਾਕਾਤਾਂ ਹੁੰਦੀਆਂ ਰਹਿੰਦੀਆਂ ਸਨ। ਭੁਪਿੰਦਰ ਹੁਣ ਪਹਿਲੇ ਨਾਲੋਂ ਵੀ ਜ਼ਿਆਦਾ ਹੁਸ਼ਿਆਰ ਹੁੰਦਾ ਜਾ ਰਿਹਾ ਸੀ।

ਕਾਲਜ ਦਾ ਸਾਲਾਨਾ ਸਮਾਗਮ ਸੀ। ਸੁਰਜੀਤ ਇਕ ਨਾਟਕ ਵਿਚ ਭਾਗ ਲੈ ਰਹੀ ਸੀ। ਇਕ ਸਰਦਾਰ ਲੜਕੇ ਦੇ ਪਾਤਰ ਵਜੋਂ। ਨਾਟਕ ਦੀ ਤਿਆਰੀ ਸਮੇਂ ਸੁਰਜੀਤ, ਭੁਪਿੰਦਰ ਕੋਲੋਂ ਹੀ ਪਗੜੀ ਬੰਨਵਾ ਰਹੀ ਸੀ। ਉਹ ਕਮਰੇ ਦੀ ਇਕ ਨੁੱਕਰ ਵਿਚ ਸੁਰਜੀਤ ਨੂੰ ਬੜੇ ਇਤਮੀਨਾਨ ਨਾਲ ਪਗੜੀ ਬੰਨ੍ਹ ਰਿਹਾ ਸੀ। ਪਗੜੀ ਬੰਨ੍ਹਣ ਤੋਂ ਬਾਅਦ ਭੁਪਿੰਦਰ ਨੇ ਆਪਣੇ ਕੋਮਲ ਪੋਟਿਆਂ ਨਾਲ ਸੁਰਜੀਤ ਦੀ ਗਲ੍ਹ ਨੂੰ ਥਪਥਪਾਇਆ। ਮਖ਼ੌਲ ਦੀ ਮੁੰਦਰਾ ਵਿਚ ਕਿਹਾ, ''ਸੱਚੀਂ, ਸੁਰਜੀਤ ਤੂੰ ਅਗਰ ਸਰਦਾਰਾਂ ਦਾ ਮੁੰਡਾ ਹੁੰਦੀ ਤਾਂ ਬਹੁਤ ਸੋਹਣਾ ਲੱਗਣਾ ਸੀ। ਤੈਨੂੰ ਪਗੜੀ ਬਹੁਤ ਜੱਚੀ ਏ।'' ਸੁਰਜੀਤ ਦੀਆਂ ਅੱਖਾਂ ਵਿਚ ਸ਼ਰਮ ਤੈਰ ਗਈ ਤੇ ਉਹ ਦੌੜ ਕੇ ਆਪਣੀਆਂ ਸਹੇਲੀਆਂ ਵਿਚ ਰਲ ਗਈ, ਨਾਟਕ ਦੀ ਰਿਹਰਸਲ ਵਾਸਤੇ।

ਸਟੇਜ 'ਤੇ ਨਾਟਕ ਖੇਡਿਆ ਗਿਆ। ਨਾਟਕ ਦੀ ਸਫ਼ਲਤਾ ਦਾ ਸਿਹਰਾ ਸੁਰਜੀਤ ਨੂੰ ਜਾਂਦਾ ਸੀ। ਸਮਾਗਮ ਦੀ ਅਲਵਿਦਾ ਤੋਂ ਬਾਅਦ, ਕਾਲਜ ਦੀ ਪੜ੍ਹਾਈ ਫਿਰ ਸ਼ੁਰੂ ਹੋ ਚੁੱਕੀ ਸੀ। ਸਾਲਾਨਾ ਪੇਪਰਾਂ ਵਿਚ ਕੁਝ ਹੀ ਦਿਨ ਬਾਕੀ ਸਨ।

ਸਾਲਾਨਾ ਪੇਪਰ ਹੋ ਗਏ ਸਨ। ਭੁਪਿੰਦਰ ਨੇ ਯੂਨੀਵਰਸਿਟੀ 'ਚੋਂ ਪਹਿਲੇ ਦਰਜੇ ਵਿਚ ਸਟੈਂਡ ਕੀਤਾ। ਸੁਰਜੀਤ ਵੀ ਪਾਸ ਹੋ ਗਈ ਸੀ। ਭੁਪਿੰਦਰ ਨੂੰ ਅਥਾਹ ਖ਼ੁਸ਼ੀ ਸੀ ਪਰ ਸੁਰਜੀਤ ਨੂੰ ਭੁਪਿੰਦਰ ਦੀ ਨਹੀਂ ਉਸਦੀ ਆਪਣੀ ਹੀ ਖ਼ੁਸ਼ੀ ਹੋਵੇ।

ਭੁਪਿੰਦਰ ਤੇ ਸੁਰਜੀਤ ਕਾਲਜ ਵਿਚ ਹਮਸਹਿਪਾਠੀਆਂ ਨੂੰ ਪਾਰਟੀ ਦੇ ਰਹੇ ਸੀ। ਭੁਪਿੰਦਰ ਤੇ ਸੁਰਜੀਤ ਦੇ ਪਿਆਰ ਬਾਰੇ ਸਹਿਪਾਠੀਆਂ ਨੂੰ ਪਤਾ ਸੀ। ਪਾਰਟੀ ਨੂੰ ਅਲਵਿਦਾ ਕਹਿੰਦੇ ਹੋਏ ਉਹ ਦੋਵੇਂ ਇਕ ਲਾਇਨ ਵਿਚ ਬੈਠ ਗਏ। ਤਿੱਖੀ-ਤਿੱਖੀ ਸਰਦੀਆਂ ਦੀ ਧੁੱਪ ਆਨੰਦ ਦੇ ਰਹੀ ਸੀ।

''ਭੁਪਿੰਦਰ ਤੂੰ ਹੁਣ ਮੈਡੀਕਲ ਕਾਲਜ ਵਿਚ ਦਾਖ਼ਲਾ ਲੈ ਲੈ'', ਸੁਰਜੀਤ ਨੇ ਪਿਆਰ 'ਚ ਉਤਰਦਿਆਂ ਕਿਹਾ।

''ਨਹੀਂ ਸੁਰਜੀਤ, ਮੈਡੀਕਲ ਕਾਲਜ ਦਾ ਏਨਾ ਖ਼ਰਚਾ...।''

''ਤੂੰ ਚਿੰਤਾ ਨਾ ਕਰ, ਉਹ ਸਭ ਮੈਂ ਵੇਖ ਲਵਾਂਗੀ। ਤੂੰ ਐਡਮੀਸ਼ਨ ਤਾਂ ਲੈ, ਐਡਮੀਸ਼ਨ ਵਿਚ ਤੈਨੂੰ ਕਿਹੜੀ ਕੋਈ ਦਿੱਕਤ ਹੋਣੀ ਏ। ਮੈਂ ਚਾਹੁੰਦੀ ਹਾਂ ਤੂੰ ਐਮੱ.ਡੀ. ਕਰਕੇ ਬਾਹਰ ਆਏਂ। ਮੈਨੂੰ ਬੜੀ ਖ਼ੁਸ਼ੀ ਹੋਵੇਗ। ਤੂੰ ਮੇਰੀ ਮੰਨ। ਤੂੰ ਦਾਖ਼ਲਾ ਲੈ। ਖ਼ਰਚਾ ਮੈਂ ਪਹੁੰਚਾਇਆ ਕਰਾਂਗੀ।''

ਭੁਪਿੰਦਰ ਨੇ ਸੁਰਜੀਤ ਦੇ ਅਲਫ਼ਾਜ਼ਾਂ ਨੂੰ ਸਿਰ ਮੱਥੇ ਕਬੂਲ ਕਰ ਲਿਆ। ਏਸੇ ਹੀ ਸ਼ਹਿਰ ਦੇ ਮੈਡੀਕਲ ਕਾਲਜ ਵਿਚ ਭੁਪਿੰਦਰ ਦਾਖ਼ਲਾ ਲੈ ਲੈਂਦਾ ਹੈ ਤੇ ਸੁਰਜੀਤ ਪਹਿਲੇ ਕਾਲਜ ਵਿਚ ਹੀ ਦਾਖ਼ਲਾ ਲੈ ਲੈਂਦੀ ਹੈ।

ਸੁਰਜੀਤ ਤੇ ਭੁਪਿੰਦਰ ਦੀਆਂ ਮੁਲਾਕਾਤਾਂ ਹੁੰਦੀਆਂ ਰਹਿੰਦੀਆਂ ਸਨ। ਪਿਕਚਰ ਦੇਖਣਾ, ਸ਼ਾਪਿੰਗ ਕਰਨਾ ਕਦੀ ਕਦੀ ਹੋ ਜਾਂਦਾ ਸੀ।

ਐਮੱ.ਬੀ.ਬੀ.ਐਸੱ. ਦੇ ਦੂਸਰੇ ਸਾਲ ਵਿਚ ਜਦੋਂ ਭੁਪਿੰਦਰ ਨੇ ਪ੍ਰਵੇਸ਼ ਕੀਤਾ ਤਾਂ ਅਚਾਨਕ ਹੀ ਸੁਰਜੀਤ ਦੇ ਪਿਤਾ ਨੂੰ ਇਕ ਚੰਗਾ ਲੜਕਾ ਮਿਲਣ 'ਤੇ ਸੁਰਜੀਤ ਦੀ ਜਲਦੀ ਹੀ ਸ਼ਾਦੀ ਕਰ ਦਿੱਤੀ। ਪਰ ਸ਼ਾਦੀ ਤੋਂ ਪਹਿਲਾਂ ਸੁਰਜੀਤ, ਭੁਪਿੰਦਰ ਨੂੰ ਮਿਲੀ ਸੀ, ''ਭੁਪਿੰਦਰ, ਮੇਰੀ ਸ਼ਾਦੀ ਹੋਣ ਵਾਲੀ ਏ, ਥੋੜ੍ਹੇ ਦਿਨਾਂ ਤੱਕ। ਤੂੰ ਲਗਾਤਾਰ ਪੜ੍ਹਾਈ ਜਾਰੀ ਰੱਖੀਂ। ਤੈਨੂੰ ਸਾਰਾ ਖ਼ਰਚਾ ਪਹੁੰਚਦਾ ਰਹੇਗਾ ਸਾਡੀ ਨੌਕਰਾਣੀ ਏ, ਉਸਦੀ ਲੜਕੀ ਏ 'ਸਵਿਤਾ'। ਉਹ ਤੈਨੂੰ ਸਾਰਾ ਖ਼ਰਚਾ ਪਹੁੰਚਾਇਆ ਕਰੇਗੀ। ਮੈਂ ਉਸਨੂੰ ਤੇਰੇ ਬਾਰੇ ਦੱਸ ਦਿੱਤਾ ਏ। ਉਸਨੇ ਤੈਨੂੰ ਵੇਖਿਆ ਹੋਇਆ ਏ। ਤੈਨੂੰ ਚੰਗੀ ਤਰ੍ਹਾਂ ਜਾਣਦੀ ਏ। ਪਰ ਤੂੰ ਮੈਨੂੰ ਮਿਲਣ ਦੀ ਤਾਂਘ ਨਾ ਕਰੀਂ। ਮੈਂ ਹੀ ਤੈਨੂੰ ਮਿਲਿਆ ਕਰਾਂਗੀ। ਕਿਉਂਕਿ ਮੈਂ ਜਿਸ ਘਰ ਵਿਚ ਵਿਆਹੀ ਜਾਣਾ ਏ, ਉਨ੍ਹਾਂ ਲੋਕਾਂ ਦਾ ਆਰਥਿਕ ਤੇ ਰਾਜਨੀਤਕ ਪੱਧ੍ਰ ਸਾਡੇ ਸਮਾਜ ਵਿਚ ਬਹੁਤ ਹੀ ਉੱਚਾ ਏ। ਤੂੰ ਮੇਰੀਆਂ ਗੱਲਾਂ ਦਾ ਬੁਰਾ ਮਹਿਸੂਸ ਨਾ ਕਰੀਂ। ਪਰ ਤੂੰ ਮੇਰਾ ਕਹਿਣਾ ਨਹੀਂ ਮੋੜੇਂਗਾ।''

ਭੁਪਿੰਦਰ ਨੂੰ ਸੁਰਜੀਤ ਦੀ ਸ਼ਾਦੀ ਦੀ ਖ਼ੁਸ਼ੀ ਤਾਂ ਸੀ ਪਰ ਉਸਨੂੰ ਇਹ ਦੁੱਖ ਸੀ ਕਿ ਉਹ ਸੁਰਜੀਤ ਨੂੰ ਅਪਨਾ ਨਹੀਂ ਸੀ ਸਕਿਆ। ਫਿਰ ਵੀ ਉਸਨੂੰ ਅੰਤਾਂ ਦੀ ਖ਼ੁਸ਼ੀ ਸੀ ਕਿ ਸੁਰਜੀਤ ਨੂੰ ਬਹੁਤ ਚੰਗਾ ਘਰ ਵਰ ਮਿਲਿਆ ਏ।

ਸ਼ਾਦੀ ਤੋਂ ਬਾਅਦ ਸੁਰਜੀਤ ਆਪਣੇ ਸਹੁਰੇ ਚਲੀ ਗਈ।

ਹੁਣ ਨੌਕਰਾਣੀ ਦੀ ਲੜਕੀ ਸਵਿਤਾ ਦੇ ਜ਼ਰੀਏ ਉਸ ਦੀਆਂ ਸਾਰੀਆਂ ਆਰਥਿਕ ਲੋੜਾਂ ਪੂਰੀਆਂ ਹੁੰਦੀਆਂ ਰਹਿੰਦੀਆਂ ਕਦੀ-ਕਦੀ ਸਵਿਤਾ, ਭੁਪਿੰਦਰ ਨੂੰ ਹੋਸਟਲ ਵਿਚ ਟੈਲੀਫ਼ੋਨ ਕਰਕੇ ਬਾਹਰ ਬੁਲਾ ਲੈਂਦੀ ਤੇ ਉਥੇ ਹੀ ਉਸਨੂੰ ਪੈਸੇ, ਕੱਪੜੇ, ਕਿਤਾਬਾਂ ਆਦਿ ਦਾ ਖ਼ਰਚਾ, ਸੁਰਜੀਤ ਵੱਲੋਂ ਭੇਜਿਆ, ਦੇ ਦਿੰਦੀ। ਰੇਸਤਰਾਂ ਵਿਚ ਬੈਠੇ ਭੁਪਿੰਦਰ ਤੇ ਸਵਿਤਾ ਕਿੰਨਾ-ਕਿੰਨਾ ਚਿਰ ਸੁਰਜੀਤ ਦੀਆਂ ਗੱਲਾਂ ਵੀ ਕਰਦੇ ਰਹਿੰਦੇ। ਭੁਪਿੰਦਰ ਉਸਦੇ ਦੰਪਤੀ ਜੀਵਨ ਬਾਰੇ ਸੁੱਖ ਸਾਂਦ ਪੁੱਛਦਾ ਰਹਿੰਦਾ। ਇਸ ਤਰ੍ਹਾਂ ਦਿਨ, ਮਹੀਨੇ, ਸਾਲ ਆਪਣੀ ਰਫਤਾਰ ਨਾਲ ਸਮੇਂ ਵਿਚੋਂ ਘਟਦੇ ਗਏ।

ਭੁਪਿੰਦਰ ਹੁਣ ਐਮੱ.ਡੀ. ਕਰ ਚੁੱਕਾ ਸੀ। ਤੇ ਉਹ ਆਪਣੇ ਸਰਟੀਫਿਕੇਟ ਲੈਕੇ ਬੜੀ ਖ਼ੁਸ਼ੀ ਖ਼ੁਸ਼ੀ ਜਿਵੇਂ ਉਸਨੇ ਆਪਣੀ ਮੰਜ਼ਿਲ ਕਿਸੇ ਲਈ ਸਰ ਕਰ ਲਈ ਹੋਵੇ। ਕਿਸੇ ਦੀਆਂ ਤਮੰਨਾ ਦੇ ਬੂਟੇ ਨੂੰ ਉਸਦੀ ਮਿਹਨਤ ਸਦਕਾ ਸ਼ਗੂਫੇ ਲੱਗੇ ਹੋਣ। ਭੁਪਿੰਦਰ ਨੇ ਇਕ ਮਠਿਆਈ ਦਾ ਡੱਬਾ ਤੇ ਇਕ ਖੂਬਸੂਰਤ ਸਾੜ੍ਹੀ ਖ਼ਰੀਦੀ ਤੇ ਸਵਿਤਾ ਦੇ ਘਰ ਚਲਾ ਗਿਆ। ਸਵਿਤਾ ਆਪਣੇ ਬਰਾਮਦੇ ਵਿਚ ਬੈਠੀ ਅਖ਼ਬਾਰ ਪੜ੍ਹ ਰਹੀ ਸੀ। ਭੁਪਿੰਦਰ ਦੀ ਅਚਾਨਕ ਆਮਦ ਵੇਖ ਕੇ ਉਹ ਏਦਾਂ ਖਿਲ ਗਈ ਜਿਵੇਂ ਪੱਤਝੜਾਂ ਵਿਚ ਅਚਾਨਕ ਬਹਾਰ ਆ ਗਈ ਹੋਵੇ।

ਸਵਿਤਾ ਐਮੱ.ਏ. ਬੀ.ਐਡੱ. ਕਰਕੇ ਇਕ ਸਰਕਾਰੀ ਸਕੂਲ ਵਿਚ ਅਧਿਆਪਕਾ ਦਾ ਫਰਜ਼ ਨਿਭਾ ਰਹੀ ਹੈ।

ਭੁਪਿੰਦਰ ਨੇ ਕੁਰਸੀ 'ਤੇ ਬੈਠਦਿਆਂ ਸਾਰ ਹੀ ਸਵਿਤਾ ਨੂੰ ਖ਼ੁਸ਼ੀ ਵਿਚ ਝੂਮਦਿਆਂ ਕਿਹਾ, ''ਸਵਿਤਾ ਜੀ, ਬਸ ਇਕ ਵਾਰੀ ਸੁਰਜੀਤ ਨੂੰ ਮਿਲਾ ਦਿਓ। ਮੇਰੀ ਬੜੀ ਦਿਲੀ ਤਮੰਨਾ ਹੈ ਕਿ ਮੈਂ ਉਸਨੂੰ ਸਰਵਿਸ ਯੋਆਇਨ ਕਰਨ ਤੋਂ ਪਹਿਲਾਂ ਜ਼ਰੂਰ ਮਿਲਾਂ। ਉਸਦਾ ਧੰਨਵਾਦ ਕਰਾਂ, ਜਿਸਨੇ ਮੇਰੀ ਹਨੇਰੀ ਜ਼ਿੰਦਗੀ ਨੂੰ ਰੁਸ਼ਨਾਇਆ। ਪਲੀਜ਼! ਉਸਨੂੰ ਕਿਸੇ ਨਾ ਕਿਸੇ ਬਹਾਨੇ ਟੈਲੀਫ਼ੋਨ ਕਰਕੇ ਬੁਲਾ ਲਵੋ। ਉਹ ਜ਼ਰੂਰ ਆਵੇਗੀ। ਉਹ ਬੜੀ ਖ਼ੁਸ਼ ਹੋਵੇਗੀ। ਬਸ, ਉਸਨੂੰ ਮੈਂ ਮਿਲਣਾ ਚਾਹੁੰਦਾਂ। ਆ ਵੇਖੋ, ਮੈਂ ਉਸ ਲਈ ਸਾੜ੍ਹੀ ਖ਼ਰੀਦ ਕੇ ਲਿਆਇਆਂ, ਆਪਣੀ ਖ਼ੁਸ਼ੀ ਦਾ ਪ੍ਰਗਟਾਵਾ।'' ਉਹ ਇਕੋ ਸਾਹੇ ਆਵੇਸ਼ ਵਿਚ ਕਈ ਕੁਝ ਬੋਲ ਗਿਆ।

ਪਰ ਸਵਿਤਾ ਦੀਆਂ ਅੱਖਾਂ ਵਿਚੋਂ ਮੋਟੇ-ਮੋਟੇ ਗਲੇਡੂਆਂ ਦਾ ਡਿੱਗਣਾ, ਉਸਦਾ ਨੀਵੀਂ ਪਾ ਕੇ ਬੈਠੇ ਰਹਿਣਾ, ਕਿਸੇ ਮਾਤਮ ਦਾ ਸੂਚਕ ਬਣ ਗਿਆ।

''ਸਵਿਤਾ ਜੀ, ਤੁਸੀਂ ਮੇਰਾ ਜੁਆਬ ਨਹੀਂ ਦਿੱਤਾ। ਕਰਕੇ ਆਓ ਨਾ ਟੈਲੀਫ਼ੋਨ ਸੁਰਜੀਤ ਨੂੰ। ਤੁਸੀਂ ਰੋ ਰਹੇ ਹੋ। ਕੀ ਗੱਲ ਏ? ਤੁਸੀਂ ਕਿਉਂ ਰੋ ਰਹੇ ਹੋ। ਕੋਈ ਗੱਲ ਵੀ ਤਾਂ ਦੱਸੋ?''

ਸਵਿਤਾ ਨੇ ਜ਼ਿਗਰਾ ਰੱਖਦਿਆਂ ਹੌਲੀ ਜਿਹੀ ਕਿਹਾ, ''ਸੁਰਜੀਤ ਤਾਂ ਮਰ ਚੁੱਕੀ ਏ! ਉਹ ਇਸ ਦੁਨੀਆਂ ਵਿਚ ਨਹੀਂ।''

''ਹੈਂ! ਕੀ ਆਖਦੇ ਹੋ।'' ਤੇ ਭੁਪਿੰਦਰ ਦੇ ਹੱਥੋਂ ਸਾੜ੍ਹੀ ਤੇ ਮਠਿਆਈ ਦਾ ਡੱਬਾ ਖੁੱਲ੍ਹ ਕੇ ਖਿਲਰ ਗਿਆ। ਉਹ ਮੱਥੇ 'ਤੇ ਹੱਥ ਰੱਖ ਕੇ ਉਚੀ ਉਚੀ ਰੋਣ ਲੱਗ ਪਿਆ। ਅੱਖਾਂ ਵਿਚ ਹੰਝੂ ਤੇ ਥਿੜਕਦੇ ਬੋਲਾਂ ਵਿਚ ਭੁਪਿੰਦਰ ਬੋਲੀ ਜਾ ਰਿਹਾ ਸੀ। ਪਾਗਲਾਂ ਵਾਂਗ, ''ਤੁਸੀਂ ਝੂਠ ਮਾਰਦੇ ਹੋ! ਸੁਰਜੀਤ ਨਹੀਂ ਮਰ ਸਕਦੀ। ਉਹ ਮੇਰੇ ਲਈ ਜ਼ਿੰਦਾ ਹੈ।'' ਤੇ ਉਹ ਪਾਗਲਾਂ ਵਾਂਗ ਉਚੀ-ਉਚੀ ਸੁਰਜੀਤ, ਸੁਰਜੀਤ ਆਵਾਜ਼ਾਂ ਮਾਰ ਕੇ ਚੁੱਪ ਹੋ ਗਿਆ।

''ਸੁਰਜੀਤ ਕਿਵੇਂ ਮਰੀ? ਕਿਉਂ ਮਰੀ?'' ਸਵਿਤਾ ਨੇ ਹੰਝੂ ਪੂੰਝਦਿਆਂ ਸਪੱਸ਼ਟ ਕਰਦਿਆਂ ਕਿਹਾ, ''ਜਦੋਂ ਤੁਸੀਂ ਐਮੱ.ਬੀ.ਬੀ.ਐਸੱ. ਦੇ ਤੀਸਰੇ ਸਾਲ ਵਿਚ ਦਾਖ਼ਲ ਹੋਏ ਤਾਂ ਉਸ ਸਮੇਂ ਉਸਨੇ ਮੈਨੂੰ ਆਪਣੇ ਸਹੁਰੇ ਸ਼ਹਿਰ ਹਸਪਤਾਲ ਬੁਲਾਇਆ।

ਜਾ ਕੇ ਪਤਾ ਲੱਗਾ ਕਿ ਸੁਰਜੀਤ ਚੰਦ ਦਿਨਾਂ ਦੀ ਮਹਿਮਾਨ ਹੈ। ਉਸਨੂੰ ਕੈਂਸਰ ਸੀ। ਉਹ ਆਖ਼ਰੀ ਸਟੇਜ 'ਤੇ ਸੀ। ਮਰਨ ਤੋਂ ਕੁਝ ਦਿਨਾਂ ਪਹਿਲਾਂ ਮੇਰੇ ਨਾਲ ਇਕ ਵਾਅਦਾ ਕਰਦੀ ਹੋਈ, ਤੁਹਾਡੇ ਨਾਂ ਦਾ ਇਕ ਖ਼ਤ ਫੜਾ ਗਈ ਸੀ ਤੇ ਤੀਹ ਹਜ਼ਾਰ ਰੁਪਏ ਤੁਹਾਡੀ ਪੜ੍ਹਾਈ ਲਈ ਦੇ ਗਈ ਸੀ। ਇਹ ਸਾਰੀ ਮੁਲਾਕਾਤ ਸੁਰਜੀਤ ਤੇ ਮੇਰੇ ਦਰਮਿਆਨ ਹਸਪਤਾਲ ਵਿਚ ਇਕ ਰਾਤ ਨੂੰ ਹੋਈ। ਮਰਨ ਦੀ ਸੂਚਨਾ ਤੁਹਾਡੇ ਤੱਕ ਪਹੁੰਚਾ ਤਾਂ ਦੇਂਦੀ ਪਰ ਸੁਰਜੀਤ ਮਨ੍ਹਾਂ ਕਰ ਗਈ ਸੀ। ਬਸ ਏਨਾ ਕਿਹਾ ਸੀ, ''ਇਹ ਖ਼ਤ, ਜਦੋਂ ਉਹ ਪੜ੍ਹਾਈ ਪੂਰੀ ਕਰਕੇ ਆਉਣ ਤਾਂ ਮੇਰੇ ਵੱਲੋਂ ਉਨ੍ਹਾਂ ਨੂੰ ਦੇ ਦੇਣਾ।''

ਸਵਿਤਾ ਤੋਂ ਖ਼ਤ ਫੜ ਕੇ ਉਸਨੇ ਮੱਥੇ ਨਾਲ ਲਾਇਆ, ਚੁੰਮਿਆ ਤੇ ਕਈ ਹੰਝੂ ਖ਼ਤ ਨੂੰ ਗਿੱਲਾ ਕਰ ਗਏ। ਖ਼ਤ ਖੋਲ੍ਹਿਆ। ਲਿਖਾਵਟ ਵਿਚੋਂ ਉਸਨੂੰ ਇੰਝ ਲੱਗਾ ਜਿਵੇਂ ਸੁਰਜੀਤ ਉਸ ਵਿਚੋਂ ਬੋਲ ਰਹੀ ਹੋਵੇ। ਉਸਦਾ ਚਿਹਰਾ, ਉਸ ਦੀਆਂ ਯਾਦਾਂ ਚਲ ਚਿੱਤਰ ਵਾਂਗ ਦਿਮਾਗ਼ ਵਿਚ ਘੁੰਮ ਗਈਆਂ। ਖ਼ਤ ਵਿਚ ਲਿਖਿਆ ਸੀ।

ਪਿਆਰੇ ਭੁਪਿੰਦਰ ਜੀ,

ਹਮੇਸ਼ਾ ਹਮੇਸ਼ਾ ਯਾਦ!

ਮੈਂ ਬੜੀ ਮੁਸ਼ਕਿਲ ਨਾਲ ਗੁਸਲਖ਼ਾਨੇ ਵਿਚ ਖ਼ਤ ਲਿਖ ਰਹੀ ਹਾਂ। ਮੈਨੂੰ ਪਤਾ ਹੈ ਕਿ ਮੈਂ ਚੰਦ ਦਿਨਾਂ ਦੀ ਮਹਿਮਾਨ ਹਾਂ। ਆਖ਼ਰੀ ਸਾਹਾਂ 'ਤੇ ਹਾਂ। ਤੁਹਾਨੂੰ ਸੱਚੀਂ ਮਿਲਣ ਲਈ ਕਿੰਨਾ ਦਿਲ ਕਰਦਾ ਏ। ਹੰਝੂ ਰੁਕਦੇ ਨਹੀਂ। ਆਉਣਾ ਨਾ ਮੁਮਕਿੰਨ ਹੈ। ਉਹ ਯਾਦਾਂ ਮੁਬਾਰਕ! ਸਮਾਂ ਇਜਾਜ਼ਤ ਨਹੀਂ ਦੇਂਦਾ, ਅਲਵਿਦਾ ਭੁਪਿੰਦਰ ਜੀ!

ਮੇਰੀ ਆਖ਼ਰੀ ਤਮੰਨਾ ਹੈ ਕਿ ਤੁਸੀਂ ਸਵਿਤਾ ਨੂੰ ਅਪਨਾ ਲਵੋਗੇ।



# ਖ਼ਜ਼ਾਨੇ ਦਾ ਲਾਲਚ



ਸ਼ਾਮਗੜ੍ਹ ਨਾਂ ਦਾ ਬੜਾ ਮਸ਼ਹੂਰ ਪਿੰਡ ਸੀ। ਉਹ ਪਿੰਡ ਪਹਾੜੀਆਂ ਵਿੱਚ ਘਿਰਿਆ ਹੋਇਆ ਖ਼ੁਸ਼ਹਾਲ ਤੇ ਹਰਿਆ-ਭਰਿਆ ਸੀ। ਉੱਥੋਂ ਦੇ ਲੋਕ ਆਪਸ ਵਿੱਚ ਮਿਲਜੁਲ ਕੇ ਰਹਿੰਦੇ ਸਨ। ਪਿੰਡ ਵਿੱਚ ਇੱਕ ਕਿਲਾ ਸੀ। ਉਸ ਬਾਰੇ ਕਿਹਾ ਜਾਂਦਾ ਸੀ ਕਿ ਇਹ ਕਿਲਾ ਬੜੇ ਪੁਰਾਣੇ ਸਮੇਂ ਤੋਂ ਹੈ ਤੇ ਇਸ ਦੇ ਹੇਠ ਖ਼ਜ਼ਾਨਾ ਦੱਬਿਆ ਹੋਇਆ ਹੈ। ਇਸ ਖ਼ਜ਼ਾਨੇ ਵਿੱਚ ਸੋਨਾ, ਚਾਂਦੀ, ਹੀਰੇ ਤੇ ਮੋਤੀ ਸ਼ਾਮਲ ਹਨ। ਪਿੰਡ ਦੇ ਲੋਕ ਲਾਲਚੀ ਨਹੀਂ ਸਨ, ਸਗੋਂ ਬਹੁਤ ਮਿਹਨਤੀ ਸਨ। ਉਨ੍ਹਾਂ ਨੇ ਇਸ ਕਿਲੇ ਨੂੰ ਚਾਰੇ ਪਾਸਿਓਂ ਸਜਾ ਕੇ ਰੱਖਿਆ ਸੀ। ਰਾਤ ਨੂੰ ਕਿਲੇ 'ਤੇ ਚਮਕਦੀ ਰੌਸ਼ਨੀ ਤੋਂ ਇੰਜ ਲੱਗਦਾ ਸੀ ਜਿਵੇਂ ਚੰਨ ਧਰਤੀ 'ਤੇ ਉਤਰਿਆ ਹੋਵੇ।

ਉਸ ਪਿੰਡ ਨੂੰ ਲੋਕ ਦੂਰੋਂ-ਦੂਰੋਂ ਦੇਖਣ ਆਉਂਦੇ। ਇੱਕ ਦਿਨ ਕੁਝ ਲਾਲਚੀ ਆਦਮੀ ਵੀ ਆਏ। ਉਹ ਕਿਲੇ ਨੂੰ ਦੇਖਕੇ ਕਹਿਣ ਲੱਗੇ, "ਸੱਚਮੁੱਚ ਇੱਥੇ ਖ਼ਜ਼ਾਨਾ ਹੋਵੇਗਾ। ਕਿਉਂ ਨਾ ਆਪਾਂ ਇੱਥੋਂ ਦੇ ਲੋਕਾਂ ਨੂੰ ਆਪਣੇ ਵੱਲ ਕਰੀਏ। ਜਦੋਂ ਆਪਾਂ ਉਨ੍ਹਾਂ ਨੂੰ ਲਾਲਚ ਦਿੱਤਾ ਤਾਂ ਉਹ ਆਪਣੇ-ਆਪ ਹੀ ਆਪਣੀ ਗੱਲ ਮੰਨਣ ਵਾਸਤੇ ਤਿਆਰ ਹੋ ਜਾਣਗੇ। ਇਸ ਤਰ੍ਹਾਂ ਸਲਾਹ ਕਰਕੇ ਉਹ ਪਿੰਡ ਦੀ ਸਾਂਝੀ ਥਾਂ ਜਿੱਥੇ ਲੋਕ ਇਕੱਠੇ ਹੋ ਕੇ ਬੈਠਦੇ ਸਨ, ਉੱਥੇ ਚਲੇ ਗਏ। ਉੱਥੇ ਜਾ ਕੇ ਉਨ੍ਹਾਂ ਨੇ ਬੜੀ ਨਿਮਰਤਾ ਨਾਲ ਲੋਕਾਂ ਨੂੰ ਕਿਹਾ, "ਅਸੀਂ ਤੁਹਾਡੇ ਪਿੰਡ ਦੀ ਪ੍ਰਸ਼ੰਸਾ ਸੁਣ ਕੇ ਪਿੰਡ ਦੇਖਣ ਆਏ ਹਾਂ।" ਇਹ ਗੱਲ ਸੁਣ ਕੇ ਪਿੰਡ ਦੇ ਮੁਖੀ ਨੇ ਉਨ੍ਹਾਂ ਦਾ ਧੰਨਵਾਦ ਕੀਤਾ ਤੇ ਉਨ੍ਹਾਂ ਨੂੰ ਚਾਹ-ਪਾਣੀ ਪਿਲਾਇਆ ਤੇ ਰੋਟੀ ਖਵਾਈ।

ਖਾਣ-ਪੀਣ ਪਿੱਛੋਂ ਉਨ੍ਹਾਂ ਲਾਲਚੀ ਆਦਮੀਆਂ ਦਾ ਮੁਖੀ ਕਹਿਣ ਲੱਗਾ, "ਸਰਦਾਰ ਜੀ, ਇਹ ਕਿਲਾ ਤਾਂ ਬਹੁਤ ਵਧੀਆ ਹੈ ਪਰਸ਼।"

"ਪਰ ਕੀ?"

"ਸੁਣਿਐ, ਇੱਥੇ ਕੋਈ ਖ਼ਜ਼ਾਨਾ ਹੈ।"

"ਹਾਂ, ਅਸੀਂ ਵੀ ਸੁਣਿਆ ਹੈ। ਆਪਣੇ ਵੱਡੇ-ਵਡੇਰਿਆਂ ਤੋਂ।"

"ਕਿਸੇ ਨੇ ਇਹ ਖ਼ਜ਼ਾਨਾ ਪੁੱਟਿਆ ਵੀ?"

"ਨਹੀਂ! ਇਸ ਨੂੰ ਪੁੱਟਣ ਦੀ ਲੋੜ ਨਹੀਂ ਪਈ। ਸਾਡੇ ਪਿੰਡ ਦੇ ਸਾਰੇ ਲੋਕ ਬਹੁਤ ਮਿਹਨਤੀ ਹਨ।"

"ਮਿਹਨਤੀ ਹੋਣ ਕਾਰਨ ਨਹੀਂ ਪੁੱਟਿਆ ਕਿ ਭੂਤਾਂ-ਪ੍ਰੇਤਾਂ ਦੇ ਡਰ ਕਾਰਨ ਨਹੀਂ ਪੁੱਟਿਆ।"

"ਇੱਥੇ ਕੋਈ ਭੂਤ-ਪ੍ਰੇਤ ਨਹੀਂ।"

"ਕਿਉਂ, ਨਹੀਂ। ਸਾਨੂੰ ਤਾਂ ਉੱਥੇ ਡਰ ਲੱਗਾ। ਕੀ ਤੁਹਾਨੂੰ ਡਰ ਨੀ ਲੱਗਦਾ।"

"ਨਹੀਂ, ਸਾਨੂੰ ਤਾਂ ਡਰ ਨਹੀਂ ਲੱਗਦਾ। ਤੁਹਾਨੂੰ ਕਿਵੇਂ ਪਤਾ ਲੱਗਿਆ?"

"ਸਾਡੇ ਵਿੱਚੋਂ ਇੱਕ ਜੋਤਸ਼ੀ ਹੈ।"

"ਕੌਣ ਐ ਜੋਤਸ਼ੀ?" ਬੁੱਢੇ ਸਰਦਾਰ ਨੇ ਪੁੱਛਿਆ। "ਮੈਂ!" ਇੱਕ ਆਦਮੀ ਨੇ ਅੱਗੇ ਹੁੰਦਿਆਂ ਕਿਹਾ।

"ਅੱਛਾ, ਇਹ ਦੱਸ ਤੈਨੂੰ ਭੂਤਾਂ ਦਾ ਕਿਵੇਂ ਪਤਾ ਲੱਗਿਆ।"

"ਮੈਨੂੰ ਉੱਥੇ ਕਾਲੇ-ਕਾਲੇ ਆਦਮੀ ਨਜ਼ਰ ਆਏ। ਉਹ ਕਹਿਣ ਲੱਗੇ ਕਿ ਅੱਜ ਤੋਂ ਇੱਥੇ ਕਿਸੇ ਨੇ ਵੀ ਨਹੀਂ ਆਉਣਾ। ਅਸੀਂ ਥੋੜ੍ਹੇ ਹੀ ਦਿਨਾਂ ਵਿੱਚ ਇਸ ਪਿੰਡ ਨੂੰ ਬਰਬਾਦ ਕਰ ਦਿਆਂਗੇ।"

ਉਸ ਆਦਮੀ ਦੀ ਗੱਲ ਸੁਣ ਕੇ ਬੁੱਢੇ ਸਰਦਾਰ ਕੋਲ ਬੈਠੇ ਆਦਮੀ ਡਰ ਗਏ।

"ਜੇ ਤੁਸੀਂ ਖ਼ਜ਼ਾਨਾ ਲੈਣਾ ਚਾਹੁੰਦੇ ਹੋ ਤਾਂ ਮੈਂ ਤੁਹਾਨੂੰ ਖ਼ਜ਼ਾਨਾ ਲੈ ਕੇ ਦੇ ਸਕਦਾ ਹਾਂ।" ਬਾਹਰਲੇ ਆਦਮੀਆਂ ਦਾ ਸਰਦਾਰ ਬੋਲਿਆ।

"ਕਿਵੇਂ?" ਪਿੰਡ ਦੇ ਲੋਕਾਂ ਨੇ ਪੁੱਛਿਆ।

"ਪਹਿਲਾਂ ਮੇਰੀ ਸ਼ਰਤ ਮੰਨਣੀ ਪਊ।"

"ਤੇਰੀ ਸ਼ਰਤ ਕੀ ਐ?"

"ਇਹ ਖ਼ਜ਼ਾਨਾ ਅੱਧਾ ਮੇਰਾ ਤੇ ਅੱਧਾ ਤੁਹਾਡਾ ਹੋਵੇਗਾ।"

"ਅਸੀਂ ਇਹ ਖ਼ਜ਼ਾਨਾ ਨਹੀਂ ਲਵਾਂਗੇ। ਸਾਡਾ ਇਸ 'ਤੇ ਕੋਈ ਹੱਕ ਨਹੀਂ, ਇਹ ਸਾਡੇ ਦੇਸ਼ ਦਾ ਖ਼ਜ਼ਾਨਾ ਹੈ। ਇਹ ਦੇਸ਼ ਦੀ ਧਰਤੀ ਹੈ। ਇਸ 'ਤੇ ਸਿਰਫ਼ ਦੇਸ਼ ਦਾ ਅਧਿਕਾਰ ਹੈ।" ਬੁੱਢੇ ਸਰਦਾਰ ਦੇ ਕਹਿਣ 'ਤੇ ਉਸ ਦੇ ਨਾਲ ਦੂਜੇ ਆਦਮੀਆਂ ਨੇ ਕਿਹਾ।

"ਤੁਸੀਂ ਇਹ ਖ਼ਜ਼ਾਨਾ ਸਾਨੂੰ ਦੇ ਦਿਉ। ਤੁਸੀਂ ਥੋੜ੍ਹੇ ਦਿਨਾਂ ਨੂੰ ਉੱਜੜ ਹੀ ਜਾਣਾ ਹੈ। ਭੂਤਾਂ ਨੇ ਕਿਹਾ ਹੈ।"

ਬੁੱਢਾ ਸਰਦਾਰ ਤੇ ਉਸ ਦੇ ਸਾਥੀ ਚੁੱਪ ਕਰ ਗਏ। ਉਹ ਉਨ੍ਹਾਂ ਦੀ ਬੇਈਮਾਨੀ ਨੂੰ ਸਮਝ ਚੁੱਕੇ ਸਨ। ਬੁੱਢੇ ਸਰਦਾਰ ਨੇ ਚਲਾਕੀ ਨਾਲ ਪੁੱਛਿਆ, "ਕੀ ਤੁਸੀਂ ਭੂਤਾਂ ਨੂੰ ਭਜਾ ਦਿਓਗੇ?"

"ਹਾਂ, ਅਸੀਂ ਭੂਤਾਂ ਨੂੰ ਭਜਾ ਦਿਆਂਗੇ।"

"ਠੀਕ ਐ, ਪਰ ਸਾਡੀ ਇੱਕ ਸ਼ਰਤ ਐ।"

"ਦੱਸੋ ਤੁਹਾਡੀ ਕੀ ਸ਼ਰਤ ਐ?"


"ਔਹ ਸਾਹਮਣੇ ਪਹਾੜੀ ਉੱਤੇ ਜਿੱਥੇ ਲਾਲ ਰੰਗ ਦਾ ਝੰਡਾ ਹੈ। ਉੱਥੇ ਅਸੀਂ ਇਸ ਕਿਲੇ ਦੇ ਮਾਲਕ ਦੀ ਪੂਜਾ ਕਰਦੇ ਹਾਂ, ਪਹਿਲਾਂ ਤੁਹਾਨੂੰ ਉੱਥੇ ਜਾ ਕੇ ਪੂਜਾ ਕਰਨੀ ਪਵੇਗੀ।" ਬੁੱਢੇ ਨੇ ਪਹਾੜੀ 'ਤੇ ਝੂਲ ਰਹੇ ਝੰਡੇ ਵੱਲ ਇਸ਼ਾਰਾ ਕਰਦਿਆਂ ਕਿਹਾ। ਲਾਲਚੀ ਆਦਮੀ ਖ਼ਜ਼ਾਨੇ ਦੇ ਲਾਲਚ ਵਿੱਚ ਪਹਾੜੀ ਉੱਤੇ ਜਾਣ ਲਈ ਤਿਆਰ ਹੋ ਗਏ।

ਝੰਡੇ ਵਾਲੀ ਥਾਂ ਖ਼ਤਰਨਾਕ ਸੀ। ਲਾਲ ਝੰਡਾ ਇਸ ਲਈ ਲਟਕਾਇਆ ਹੋਇਆ ਸੀ ਕਿ ਕੋਈ ਵੀ ਉੱਥੇ ਨਾ ਜਾਏ। ਸਾਰੇ ਆਦਮੀਆਂ ਦੇ ਪਹਾੜੀ ਵੱਲ ਤੁਰ ਜਾਣ 'ਤੇ ਬੁੱਢਾ ਸਰਦਾਰ ਮੁਸਕਰਾਇਆ ਤੇ ਕਹਿਣ ਲੱਗਾ, "ਖ਼ਜ਼ਾਨਾ ਤੇ ਇਨ੍ਹਾਂ ਨੂੰ ਮਿਲ ਈ ਜਾਣਾ ਏਂ।"

ਪਹਾੜੀ 'ਤੇ ਜਾਣ ਦਾ ਰਸਤਾ ਬਹੁਤ ਟੇਢਾ ਸੀ। ਉਹ ਕੁਝ ਦੂਰ ਗਏ ਤਾਂ ਇੱਕ ਆਦਮੀ ਖੁੱਡ ਵਿੱਚ ਡਿੱਗ ਪਿਆ ਤਾਂ ਬੁੱਢਾ ਕਹਿਣ ਲੱਗਾ, "ਦੇਖੋ, ਇੱਕ ਬੇਈਮਾਨ ਗਿਆ। ਇੱਕ ਸਾਥੀ ਦੇ ਡਿੱਗ ਜਾਣ ਤੋਂ ਬਾਅਦ ਉਸ ਨੂੰ ਕਿਸੇ ਨੇ ਦੇਖਿਆ ਵੀ ਨਹੀਂ। ਉਹ ਆਪਣੀ ਚਾਲ ਨਾਲ ਚਲਦੇ ਰਹੇ। ਇਸ ਤਰ੍ਹਾਂ ਉਹ ਇੱਕ-ਇੱਕ ਕਰਕੇ ਡਿੱਗਦੇ ਗਏ। ਸਿਰਫ਼ ਇੱਕ ਹੀ ਬਾਕੀ ਬਚਿਆ। ਉਹ ਜਦੋਂ ਝੰਡੇ ਕੋਲ ਪਹੁੰਚਿਆ ਤਾਂ ਉਸ ਨੇ ਹੇਠਾਂ ਦੇਖਿਆ ਤੇ ਪੈਰ ਫਿਸਲਣ ਕਾਰਨ ਉਹ ਵੀ ਹੇਠਾਂ ਡਿੱਗ ਪਿਆ। ਬੁੱਢਾ ਸਰਦਾਰ ਤੇ ਉਸ ਦੇ ਸਾਥੀ ਇਹ ਸਭ ਦੇਖ ਰਹੇ ਸਨ। ਬੁੱਢੇ ਸਰਦਾਰ ਨੇ ਸਾਰਿਆਂ ਨੂੰ ਕਿਹਾ, "ਕਿਉਂ ਦੇਖ ਲਿਆ, ਲਾਲਚ ਦਾ ਫ਼ਲ।"

**ਖੁਸ਼ਵਿੰਦਰ ਸ਼ਰਮਾ,**
**ਸੰਪਰਕ: 94646-58621**

## ਰਸਤਾ ਲੱਭੋ



## ਬਿੰਦੂ ਮਿਲਾਓ



# ਬੱਚੇ ਦੀਆਂ ਅੱਖਾਂ ਦਾ ਰੰਗ ਨੀਲਾ ਕਿਉਂ ਹੁੰਦਾ ਹੈ?



ਬੱਚਿਓ, ਜਨਮ ਸਮੇਂ ਹਰੇਕ ਬੱਚੇ ਦੀਆਂ ਅੱਖਾਂ ਦਾ ਰੰਗ ਨੀਲਾ ਹੁੰਦਾ ਹੈ। ਇਹ ਰੰਗ ਅਸਥਾਈ ਹੁੰਦਾ ਹੈ। ਬੱਚੇ ਦੀ ਉਮਰ ਵਧਣ ਨਾਲ ਅੱਖਾਂ ਦਾ ਰੰਗ ਬਦਲਣਾ ਸ਼ੁਰੂ ਹੋ ਜਾਂਦਾ ਹੈ। ਲਗਭਗ 6 ਤੋਂ 9 ਮਹੀਨੇ ਬਾਅਦ ਜ਼ਿਆਦਾਤਰ ਬੱਚਿਆਂ ਵਿੱਚ ਅੱਖਾਂ ਆਪਣਾ ਪੱਕਾ ਰੰਗ ਲੈ ਲੈਂਦੀਆਂ ਹਨ, ਪਰ ਅੱਖਾਂ ਦੇ ਰੰਗ ਦੀ ਤਬਦੀਲੀ 3 ਸਾਲ ਤਕ ਹੁੰਦੀ ਰਹਿੰਦੀ ਹੈ।

ਅੱਖਾਂ ਦੇ ਰੰਗਦਾਰ ਭਾਗ ਨੂੰ ਆਇਰਸ ਕਹਿੰਦੇ ਹਨ। ਇਸ ਵਿੱਚ ਇੱਕ ਸੁਰਾਖ਼ ਹੁੰਦਾ ਹੈ ਜਿਸ ਨੂੰ ਪੁਤਲੀ ਕਹਿੰਦੇ ਹਨ। ਆਇਰਸ ਪੁਤਲੀ ਦੇ ਫੈਲਣ ਅਤੇ ਸੁੰਗੜਨ ਵਿੱਚ ਸਹਾਇਤਾ ਕਰਦਾ ਹੈ। ਮੈਲਾਨਿਨ ਇੱਕ ਪ੍ਰੋਟੀਨ ਹੈ ਜਿਸ ਦਾ ਰੰਗ ਕਾਲਾ ਹੁੰਦਾ ਹੈ। ਇਹ ਮੈਲਾਨਿਨ ਹੀ ਅੱਖਾਂ, ਚਮੜੀ ਅਤੇ ਵਾਲਾਂ ਨੂੰ ਰੰਗ ਦਿੰਦਾ ਹੈ। ਜਦੋਂ ਨਵੇਂ ਜਨਮੇ ਬੱਚੇ ਦੀਆਂ ਅੱਖਾਂ ਦੇ ਲੈਨਜ਼ 'ਤੇ ਪ੍ਰਕਾਸ਼ ਪੈਂਦਾ ਹੈ ਤਾਂ ਅੱਖਾਂ ਵਿੱਚ ਮੈਲਾਨਿਨ ਬਣਨਾ ਸ਼ੁਰੂ ਹੋ ਜਾਂਦਾ ਹੈ। ਜੀਨ ਹੀ ਮੈਲਾਨਿਨ ਬਣਨ ਦੀ ਕਿਰਿਆ ਨੂੰ ਕਾਬੂ ਵਿੱਚ ਰੱਖਦਾ ਹੈ। ਜੇ ਆਇਰਸ ਵਿੱਚ ਕਾਫ਼ੀ ਮਾਤਰਾ ਵਿੱਚ ਮੈਲਾਨਿਨ ਬਣਦਾ ਹੈ ਤਾਂ ਅੱਖਾਂ ਦਾ ਰੰਗ ਕਾਲਾ ਹੋ ਜਾਂਦਾ ਹੈ। ਜੇ ਘੱਟ ਮਾਤਰਾ ਵਿੱਚ ਮੈਲਾਨਿਨ ਬਣਦਾ ਹੈ ਤਾਂ ਅੱਖਾਂ ਦਾ ਰੰਗ ਹਲਕਾ ਗੁਲਾਬੀ ਜਾਂ ਹਲਕਾ ਪੀਲਾ ਹੁੰਦਾ ਹੈ। ਜੇ ਬੱਚੇ ਦੀਆਂ ਅੱਖਾਂ ਵਿੱਚ ਮੈਲਾਨਿਨ ਨਹੀਂ ਬਣਦਾ ਤਾਂ ਅੱਖਾਂ ਦਾ ਰੰਗ ਨੀਲਾ ਹੀ ਰਹਿੰਦਾ ਹੈ।

**ਕਰਨੈਲ ਸਿੰਘ ਰਾਮਗੜ੍ਹ, ਸੰਪਰਕ: 79864-99563**

## ਅੰਤਰ ਲੱਭੋ

ਹੇਠਾਂ ਦਿੱਤੇ ਗਏ ਦੋਹਾਂ ਚਿੱਤਰਾਂ 'ਚ ਘੱਟੋ-ਘੱਟ 5 ਅੰਤਰ ਹਨ। ਕੀ ਤੁਸੀਂ ਇਨ੍ਹਾਂ ਦਾ ਪਤਾ ਲੱਗਾ ਸਕਦੇ ਹੋ...?







ਘਰ ਦੀ ਖਿੜਕੀ, ਚਿੜੀ ਦੀ ਪੂੰਛ, ਤਾਰਾ, ਚੂਹਾ, ਪਾਣੀ ਅਤੇ ਵਿਅਕਤੀ ਦਾ ਬੈਗ।




# ਕਾਵਿ-ਲਹਿਰਾਂ

## ਦੁੱਖ - ਸੁੱਖ

ਦੁੱਖ-ਸੁੱਖ ਦੋਵੇਂ ਭਾਈ, ਪਾਉਂਦੇ
ਰਹਿੰਦੇ ਫੇਰੇ ਹੁੰਦੇ ਨੇ
ਪਲ ਦੋ ਪਲ ਦੀਆਂ ਖੁਸ਼ੀਆਂ ਸੱਜਣੋਂ,
ਦਰਦ ਲਮੇਰੇ ਹੁੰਦੇ ਨੇ
ਸੁਖ ਵਿੱਚ ਸੱਜਣੋਂ ਰੱਬ ਨਾ ਭੁੱਲੀਏ
ਹਰ ਪਲ ਮਨੋਂ ਧਿਆਈਦਾ
ਦੁੱਖ ਆਵੇ ਤਾਂ ਮੰਨੀਏਂ ਭਾਣਾ
ਦੁੱਖ ਤੋਂ ਨਹੀਂ ਘਬਰਾਈਦਾ
ਜ਼ਹਿਰੀ ਨਾਗਾਂ ਨੂੰ ਫੜਨੇ ਲਈ,
ਜਿਵੇਂ ਸਪੇਰੇ ਹੁੰਦੇ ਨੇ
ਪਲ ਦੋ ਪਲ ਦੀਆਂ ਖੁਸ਼ੀਆਂ ਸੱਜਣੋਂ,
ਦਰਦ ਲਮੇਰੇ ਹੁੰਦੇ ਨੇ
ਪਹਿਲਾਂ ਵਰਗੇ ਰਹੇ ਨਾ ਦਿਨ, ਜੇ
ਦੁੱਖ ਵਾਲੇ ਵੀ ਰਹਿਣੇ ਨਾ
ਇਹ ਸਭ ਖੇਡ ਤਾਂ ਹੈ ਕੁਦਰਤ ਦੀ
ਇਹ ਬੰਦੇ ਦੇ ਕਹਿਣੇ ਨਾ
ਕਦੇ ਚਾਨਣੀਆਂ ਰਾਤਾਂ ਤੇ ਕਦੇ
ਘੁੱਪ ਹਨ੍ਹੇਰੇ ਹੁੰਦੇ ਨੇ
ਪਲ ਦੋ ਪਲ ਦੀਆਂ ਖੁਸ਼ੀਆਂ ਸੱਜਣੋਂ,
ਦਰਦ ਲਮੇਰੇ ਹੁੰਦੇ ਨੇ...
ਦਰਦਾਂ ਦੀ ਬਸ ਇੱਕੋ ਹੀ ਦਾਰੂ
ਹੱਸ ਕੇ ਦਰਦ ਹੰਢਾਈਦਾ
ਰੋਣ ਨਾਲ ਦੁਖ ਘੱਟ ਨਹੀਂ ਹੁੰਦਾ
ਇਹ ਮਨ ਨੂੰ ਸਮਝਾਈਦਾ
ਇਹ ਕਰਮਾਂ ਦੇ ਲੇਖੇ, ਨਾ ਵੱਸ
ਤੇਰੇ - ਮੇਰੇ ਹੁੰਦੇ ਨੇ
ਪਲ ਦੋ ਪਲ ਦੀਆਂ ਖੁਸ਼ੀਆਂ ਸੱਜਣੋਂ,
ਦਰਦ ਲਮੇਰੇ ਹੁੰਦੇ ਨੇ...
ਨਿੱਕੀਆਂ ਨਿੱਕੀਆਂ ਗੱਲਾਂ 'ਚੋਂ ਗੱਲ
ਲੱਭੋ ਕੀ ਖੁਸ਼ ਹੋਵਣ ਦੀ
ਪਾਓ ਨਾ "ਖੁਸ਼ੀ" ਆਦਤ ਕਦੇ ਵੀ
ਇਨ ਅੱਖੀਆਂ ਨੂੰ ਰੋਵਣ ਦੀ
ਵੇਖ ਦੁਖੀ, ਖੁਸ਼ ਹੋਵਣ ਵਾਲੇ
ਲੋਕ ਬਥੇਰੇ ਹੁੰਦੇ ਨੇ
ਪਲ ਦੋ ਪਲ ਦੀਆਂ ਖੁਸ਼ੀਆਂ ਸੱਜਣੋਂ,
ਦਰਦ ਲਮੇਰੇ ਹੁੰਦੇ ਨੇ...

**ਲਿਖਤ : ਖੁਸ਼ੀ ਮੁਹੰਮਦ "ਚੱਠਾ"**

## ਮੈਂ ਤੇ ਮੇਰੀ ਧੀ

ਮੈਂ ਤੇ ਮੇਰੀ ਧੀ ਇੱਕੋ ਜਿਹੀਆਂ,
ਰੰਗ ਗੁਲਾਬੀ ਫਿੱਕੇ ਜਿਹੀਆਂ।
ਮੈਂ ਤੇ ਮੇਰੀ ਧੀ.....

ਹੱਸਦੀ ਉਹ ਤਾਂ ਆਪ ਨੂੰ ਤੱਕਾਂ,
ਟੌਹਰ ਨੰਨ੍ਹੀ ਦੀ ਵੇਖ ਨਾ ਥੱਕਾਂ।
ਗੱਲਾਂ ਕਰੇ ਜਾਦੂਗਰ ਨਿੱਕੇ ਜਿਹੀਆਂ।
ਮੈਂ ਤੇ ਮੇਰੀ ਧੀ....

ਛੋਟੇ-ਛੋਟੇ ਬੁੱਲ੍ਹ ਨੇ ਗੁਲਾਬੀ,
ਮੈਂ ਜਿੰਦਰਾ ਤੇ ਉਹ ਹੈ ਚਾਬੀ।
ਦੋ ਪਾਸੇ ਇੱਕੋ ਸਿੱਕੇ ਜਿਹੀਆਂ।
ਮੈਂ ਤੇ ਮੇਰੀ ਧੀ.....

ਉਹ ਮੇਰਾ ਬੱਸ ਅਕਸ ਹੈ ਪੂਰਾ,
ਓਹਦੇ ਬਿਨ ਜੀਵਨ ਹੈ ਅਧੂਰਾ।
ਚਿੜੀ ਨਾਲ਼ ਜ਼ਰੂਰੀ ਛਿੱਕੇ ਜਿਹੀਆਂ।
ਮੈਂ ਤੇ ਮੇਰੀ ਧੀ....

ਸੋਚ ਓਹਦੀ ਪਰ ਮੈਥੋਂ ਅੱਗੇ,
ਨਦੀਓਂ ਨੀਰ ਜਿਉਂ ਤੇਜ਼ ਹੀ ਵੱਗੇ।
ਦੋਵੇਂ ਪਾਕ ਮੱਥੇ ਦੇ ਟਿੱਕੇ ਜਿਹੀਆਂ।
ਮੈਂ ਤੇ ਮੇਰੀ ਧੀ ਇੱਕੋ ਜਿਹੀਆਂ।

**ਲਿਖਤ : ਮਨਜੀਤ ਕੌਰ ਧੀਮਾਨ,**
**ਸੰਪਰਕ : 94646-33059**

## ਸਮਾਂ

ਆਪਣਿਆਂ ਹੀ ਧਰਤ ਬਚਾਉਣੀ
ਤਰਸ ਤਾਂ ਕਰਨਾਂ ਗੈਰਾਂ ਨਹੀ
ਪੁੱਤਰ ਧੀਆਂ ਹੋ ਗਏ ਪਰਦੇਸੀ
ਜਾਪਦੀਆਂ ਹੁਣ ਖੈਰਾਂ ਨਹੀ

ਕਾਲਾ ਪਾਣੀ ਵਗੇ ਵਿੱਚ ਨਦੀਆਂ
ਨਦੀਆਂ ਦੇ ਵਿੱਚ ਲਹਿਰਾਂ ਨਹੀ

ਸਤਜੁਗ ਵਰਗਾ ਰਿਹਾ ਨਾਂ ਵੇਲਾ
ਵਹਿੰਦਾ ਸੀ ਪਾਣੀ ਜਹਿਰਾਂ ਨਹੀ

ਹਿੱਕ ਪਾੜ ਕੇ ਕੱਢੀਆਂ ਨੇ ਜੋ
ਕੰਮ ਦੀਆਂ ਹੁਣ ਨਹਿਰਾਂ ਨਹੀ
ਦੂਰ ਦੇਸ਼ਾਂ ਤੋਂ ਆਂਉਦੀਆਂ ਕੂੰਜਾ
ਕੂੰਜਾਂ ਦੀਆਂ ਹੁਣ ਠਹਿਰਾਂ ਨਹੀ

ਅੰਨ ਉਗਾਉਣਾਂ ਤਾਂ ਮਿੱਟੀ ਆਖਰ
ਫਸਲ ਉਗਾਉਣੀ ਸ਼ਹਿਰਾਂ ਨਹੀ
ਸੁੱਖ ਵਰਤਾਂਉਦਾ ਪਿਆਰ ਹਮੇਸ਼ਾਂ
ਕੁਝ ਰੱਖਿਆ ਵਿੱਚ ਵੈਰਾਂ ਨਹੀ

ਮੁੜਕੇ ਸਮਾਂ ਨਹੀ ਆਉਣਾ ਹੱਥੀਂ
ਭੱਜ ਕੇ ਨੇੜੇ ਜਾਣਾ ਪੈਰਾਂ ਨਹੀ

**ਲਿਖਤ : ਸੱਤਪਾਲ ਸਿੰਘ ਦਿਓਲ**
**ਸੰਪਰਕ : 98781-70771**

## ਅਕਲ ਦੀ ਗੱਲ

ਹਰਨ ਹੋਏ ਵਾਂਗ ਦੂਜਿਆਂ ਦੇ,
ਬੇਸ਼ਰਮੀ ਤੂੰ ਵੀ ਕਿਤੇ ਜੇ ਧਾਰ ਲੈਂਦਾ।

ਵਿੰਗਾ ਤੇਰਾ ਵੀ ਨਾ ਵਾਲ਼ ਹੁੰਦਾ,
ਭਗਵਾਂ ਪਾ ਜੇ ਨੀਲਾ ਉਤਾਰ ਲੈਂਦਾ।

ਮਨੋ ਉੱਤਲੇ ਰਹਿ ਕੇ ਨਾਲ ਫੋਕਾ,
ਔਖਾ ਸੌਖਾ ਹੋ ਕੇ ਸਾਰ ਲੈਂਦਾ।

ਸਮਾਂ ਮਿਲਦਿਆਂ ਜਾਂਦਾ ਪਲਟ ਬਾਜੀ,
ਮੁੜ ਫੇਰ ਤੋਂ ਲੁੱਟ ਬਹਾਰ ਲੈਂਦਾ।

ਵੇਲਾ ਬੀਤਿਆ ਮੁੜ ਨਾ ਹੱਥ ਆਉਂਦਾ,
ਗੱਲ ਦਿਲ ਦੇ ਨਾਲ ਵਿਚਾਰ ਲੈਂਦਾ।

ਫੁੱਲ ਕਮਲ ਦਾ ਜੇਬ੍ਹ 'ਤੇ ਟਹਿਕਣਾ ਸੀ,
ਕੱਢ ਮਨ 'ਚੋਂ ਜੇ ਹੰਕਾਰ ਲੈਂਦਾ।

ਨਾਲ ਮਲਾਹ ਜੇ ਲੈਂਦਾ ਪਾ ਯਾਰੀ,
ਬੇੜੀ 'ਭਗਤਾ' ਕਰ ਪਾਰ ਲੈਂਦਾ।

ਲੰਘ ਟੇਸ਼ਨੋ ਹੁਣ ਤਾਂ ਗਈ ਗੱਡੀ,
ਸੀ ਚੰਗਾ ਜੇ ਹੋ ਸਵਾਰ ਲੈਂਦਾ।

**ਲਿਖਤ : ਬਰਾੜ ਭਗਤਾ ਭਾਈ ਕਾ,**
**1-604-751-1113**

## ਬਿਰਹਾ ਸੁਲਤਾਨ

ਮੇਰਾ ਅੰਦਰ ਹੈਵਾਨ ਬੜਾ ਹੈ,
ਪਰ ਅੰਦਰੋਂ ਪ੍ਰੇਸ਼ਾਨ ਬੜਾ ਹੈ।
ਕਿੱਧਰੇ ਉੱਠ ਮੈਂ ਤੁਰ ਪਿਆ ਵਾਂ,
ਤੇ ਓਹ ਪਾਸਾ ਸੁਨਸਾਨ ਬੜਾ ਹੈ।

ਕੁਝ ਤੇ ਹੋਊਗਾ ਸੱਚੀਂ ਕੋਲ ਮੇਰੇ,
ਮੈਂ ਨਹੀਂ ਕਹਿੰਦਾ ਗੁਣਵਾਨ ਬੜਾ ਹੈ।

ਹਰ ਕਿਸੇ ਨਾਲ ਤੇ ਖੁੱਲ੍ਹਦਾ ਹੀ ਨਹੀਂ,
ਕਿਸੇ ਨੂੰ ਤੇ ਲੱਗਦੈ ਰੁਝਾਨ ਬੜਾ ਹੈ।

ਮੁੜ ਗਿਆ ਪਿੱਛੇ ਕਿਸੇ ਵਜ੍ਹਾ ਤੋਂ,
ਐਦਾਂ ਨਹੀਂ ਕਿ ਗੁਮਾਨ ਬੜਾ ਹੈ।

ਦਿਖਣ ਨੂੰ ਭਾਵੇਂ ਹੁਣ ਕੁਝ ਵੀ ਲੱਗੇ,
ਮਾਮਲਾ-ਏ-ਦਿਲ ਨਾਦਾਨ ਬੜਾ ਹੈ।

ਫੜਫੜਾ ਰਿਹੈ ਦੀਵਾ ਕੋਈ ਫਿਰ ਤੋਂ,
ਆਉਣ ਵਾਲਾ ਕੋਈ ਤੂਫ਼ਾਨ ਬੜਾ ਹੈ।

ਕਸ਼ਮਕਸ਼ ਤੇ ਡੂੰਘੀ ਹੋਰ ਹੋ ਗਈ ਐ,
ਸੁਲਝਾਵੇ ਜੋ ਬਿਰਹਾ ਸੁਲਤਾਨ ਬੜਾ ਹੈ।

ਨੂਰਕਮਲ ਮਨ ਦੀ ਸਮਝ ਨਾ ਆਵੇ,
ਇਹ ਵੀ ਤਾਂ ਖੁਦ ਤੇ ਹੈਰਾਨ ਬੜਾ ਹੈ।

**ਲਿਖਤ : ਨੂਰਕਮਲ**

## ਬਾਪੂ

ਤੁਰਨਾਂ ਕਿਥੇ ਆਉਂਦਾ ਸੀ,
ਉਂਗਲ ਫੜ ਸਿਖਾ ਗਿਆ ਬਾਪੂ,
ਟੇਡੇ ਮੇਢੇ ਰਾਹਾਂ ਵਿੱਚ ਦੀ
ਟੋਏ ਟਿੱਬੇ ਖਾਈਆਂ ਵਿੱਚ ਦੀ,
ਮੋਢੇ ਚੁੱਕ ਲੰਘਾਂ ਗਿਆ ਬਾਪੂ,
ਤਿਲਕਣ ਲੱਗਾ ਜਦ ਵੀ
ਆਪਣਾ ਰੰਗ ਦਿਖਾ ਗਿਆ ਬਾਪੂ,
ਮੋਢੇ ਕਹੀ, ਤੇ ਹੱਥ ਦਾਤਰੀ,
ਸੀਰੀ ਕਰਦਾ ਕਰਦਾ,
ਮੈਨੂੰ ਕਲਮ ਫੜਾ ਗਿਆ ਬਾਪੂ,
ਚੋਗ ਚੁਗੰਦਾ ਖਾਲੀ ਮੁੜਿਆ,
ਫਿਰ ਵੀ ਚੋਗਾ ਪਾ ਗਿਆ ਬਾਪੂ,
ਖੁਸ਼ੀਆਂ ਮੇਰੇ ਨਾਂ ਲਿਖਵਾ ਕੇ,
ਆਪਣਾ ਗਮ ਛੁਪਾ ਗਿਆ ਬਾਪੂ,
ਮੱਕਾ ਮਦੀਨਾ, ਹੱਠ ਕੀ ਜਾਣਾ,
ਮੋਢੇ ਚੱਕ ਦਿਖਾ ਗਿਆ ਬਾਪੂ,
ਠੱਗੀ, ਚੋਰੀ, ਝੂਠ ਨੀ ਚੰਗੇ,
ਸੱਚ ਦਾ ਪਾਠ ਪੜਾ ਗਿਆ ਬਾਪੂ।
ਹੱਕ ਕਿਸੇ ਦੇ ਖੋਹਣੇ ਨਹੀਓਂ,
ਆਪਣੇ ਲੈਣੇ, ਸਿਖਾਂ ਗਿਆ ਬਾਪੂ।
ਤੁਰ ਗਿਆ ਜੇ ,ਕਿਥੇ ਲੱਭਦਾ ਬਾਪੂ,
ਜੁੱਗ ਜੁੱਗ ਜੀਵੇ ਸਭ ਦਾ ਬਾਪੂ,
ਸਿਰ ਤੇ ਐਸ਼ ਕਰਾਂ ਗਿਆ ਬਾਪੂ,
ਮੰਗਣ ਜੋਗਾ ਦੱਸ ਕੀ ਰਹਿ ਗਿਆ,
ਸੱਚ ਦੇ ਰਾਹੇ ਪਾ ਗਿਆ ਬਾਪੂ।

**ਲਿਖਤ : ਕੁਲਦੀਪ ਸਿੰਘ ਰਾਮਨਗਰ**
**ਸੰਪਰਕ : 94179-90040**

## ਗ਼ਜ਼ਲ

ਹੱਕ ਨਿਆਂ ਦੀ ਜੰਗ ਲਈ ਕਿਉਂ,
ਸਾਂਝੀ ਬਾਂਗ ਨਹੀ ਬਣਦਾ
ਰਾਗ ਅਲਾਪੇਂ ਵਕਤੋਂ ਖੁੰਝਾ,
ਸੱਜਣ ਰਾਗ ਨਹੀ ਬਣਦਾ
ਸ਼ੇਰ ਦਹਾੜਨ ਕਦ ਆਟੇ ਦੇ,
'ਤੇ ਉਡ ਬਾਜ਼ ਕਦੋਂ ਝਪਟਣ
ਲਟਕਣ ਵਾਲਾ ਗਲ ਵਿਚ ਮਿੱਟੀ,
ਜ਼ਹਿਰੀ ਨਾਗ ਨਹੀਂ ਬਣਦਾ
ਜੁਮਲੇ ਛੱਡੇ ਗੱਪ ਗਪੌੜੀ,
ਭੰਡ-ਪਣਾ ਹੈ ਦੇਖੀ ਜਾਹ
ਲੋਕ ਦਿਖਾਵੈ, ਲੋਕ ਛਲਾਵੈ,
ਸੇਵਾ ਸਾਂਗ ਨਹੀਂ ਬਣਦਾ
ਕਲਮ ਨਹੀਂ ਹੈ ਕਾਨੀ ਕੱਚੀ,
ਕਵਿਤਾ ਨਾ, ਕੁਵਤਾ ਹੈ ਇਹ
ਤਖ਼ਤਾਂ ਦੇ ਸੁਣ ਤਾਬੇਦਾਰਾ,
ਸ਼ਬਦੀਂ ਬਾਗ ਨਹੀਂ ਬਣਦਾ
ਦੁੱਧ ਬਿਨਾਂ ਲੱਸੀ ਚਾਹੇਂ,
ਲੱਸੀ ਪੁਣ ਪੀਣੀ ਚਾਹੇਂ
ਰਿੜਕ ਦਹੀਂ ਲੱਸੀ ਬਣਦੀ ,
ਦੁੱਧੋਂ ਜਾਗ ਨਹੀਂ ਬਣਦਾ
ਬੁੱਤ ਤਰਾਸ਼ੇਂ ਘੜ ਘੜ ਪੱਥਰ,
ਫਿਰ ਕਹਿ ਭਗਵਾਨ ਝੁਕਾਵੇਂ
ਨਸ਼ਤਰ ਨਾਲ਼ ਖਰੂੰਦੇ ਰੂਹਾਂ,
ਪੂਜਾ ਲਾਗ ਨਹੀਂ ਬਣਦਾ
ਇਸ਼ਕ ਮੁਰਾਦ ਖੁਦਾ ਦੀ "ਬਾਲੀ",
ਬਖਸ਼ਿਸ਼ ਹੈ ਇਹ ਤਾਂ ਰੱਬੀ
ਇਸ਼ਕ ਇਬਾਦਤ ਕੁਦਰਤ ਦੀ ਹੈ,
ਇਸ਼ਕੋਂ ਦਾਗ ਨਹੀਂ ਬਣਦਾ।

**ਬਲਜਿੰਦਰ ਸਿੰਘ " ਬਾਲੀ ਰੇਤਗੜ੍ਹ"**

## ਸ਼ਰੀਕਾ

ਜੇਕਰ ਰੋਟੀ ਨਾ ਖਾਵਾਂ ਸ਼ਰੀਕਾ ਅੰਦਰੋਂ ਖੁਸ਼ ਹੁੰਦਾ ਹੈ ਯਾਰੋ
ਰਿਸ਼ਤੇਦਾਰਾਂ ਵਿੱਚ ਵੀ ਮਿਠੀ ਮਿਠੀ ਭੰਡੀ ਕਰਦਾ ਹੈ ਯਾਰੋ।
ਇੱਜ਼ਤ ਦੀ ਰੋਟੀ ਖਾਂਦੇ ਨੂੰ ਕਿਉਂ ਸ਼ਰੀਕਾ ਜਰਦਾ ਨਹੀਂ ਯਾਰੋ
ਸਾਰੇ ਇਹੋ ਸੋਚਣ ਘਰ ਦਾ ਮੋਢੀ ਕਿਉਂ ਮਰਦਾ ਨਹੀਂ ਯਾਰੋ।
ਹੱਸ ਕੇ ਵਹੁਟੀ ਨਾਲ ਗੱਲ ਕਰ ਲਵਾ ਕਿਤੇ ਦੋ ਚਾਰ ਮਿੰਟ ਮੈਂ ਯਾਰੋ,
ਕੰਧਾਂ ਦੀਆਂ ਵਿਰਲਾਂ ਵਿਚੋਂ ਘੰਟਾ ਘੰਟਾ ਸ਼ਰੀਕਾ ਗੱਲਾਂ ਸੁਣਦਾ ਹੈ ਯਾਰੋ।
ਜੇਕਰ ਬੱਚਿਆਂ ਲਈ ਕੁਝ ਨਵੀਂ ਚੀਜ਼ ਖਰੀਦ ਲਿਆਵਾਂ ਬਜਾਰੋਂ,
ਕੱਪੜੇ ਸੁੱਕਣੇ ਪਾਉਣ ਦੇ ਬਹਾਨੇ ਸ਼ਰੀਕਾ ਛੱਤ ਤੇ ਚੜ੍ਹਦਾ ਹੈ ਯਾਰੋ।
ਕਿਤੇ ਘਰਦਿਆਂ ਨਾਲ ਤੂੰ-ਤੂੰ ਮੈ-ਮੈ ਕਿਸੇ ਗੱਲ ਤੇ ਹੋ ਜਾਵੇ ਯਾਰੋ
ਕਿਸੇ ਨਾ ਕਿਸੇ ਬਹਾਨੇ ਸ਼ਰੀਕਾ ਘਰ ਦੇ ਵਿਹੜੇ ਵੜਦਾ ਹੈ ਯਾਰੋ।
ਮੇਰੇ ਨਾਲ ਦੇ ਜੰਮੇ ਹੋਏ ਭਰਾਵਾਂ ਦੀ ਮੈਂ ਸਦਾ ਸੁੱਖ ਮੰਗਦਾ ਹਾਂ ਯਾਰੋ
ਸੋ ਬਣ ਸ਼ਰੀਕਾ ਆਪਣੇ ਭਰਾ ਦੇ ਘਰ ਦੀ ਰਾਖੀ ਕਰਦਾ ਹੈ ਯਾਰੋ।
ਕਿਤੇ ਪਰਮਾਤਮਾ ਮਿਲ ਜਾਵੇ ਮੈਨੂੰ ਏਸ ਜਹਾਨ ਉੱਤੇ ਯਾਰੋ,
ਪੁੱਛਾਂ, ਕਿਉਂ ਇੱਕੋ ਕੁੱਖ ਦੇ ਜੰਮੇ ਹੋਇਆਂ ਵਿਚ ਸ਼ਰੀਕਾ ਬਣਦਾ ਹੈ ਯਾਰੋ ।

**ਜਸਪਾਲ ਸਿੰਘ ਮਹਿਰੋਕ, ਮੋਬਾਈਲ 6284347188**

## ਜਿਉਂਦਾ ਬੁੱਲ੍ਹਾ

ਇੱਥੇ ਸ਼ੀਸ਼ਾਂ ਵਿਚੋਂ ਝਾਕਣ ਬੰਦ ਦਰਵਾਜ਼ੇ ਦੇ
ਸੱਜਣਾ ਪੁੱਛਦਾ ਨਾ ਕੋਈ ਹਾਲ ਦਰਾਂ ਦੇ ਖੁੱਲ੍ਹੇ ਤੋਂ
ਤਕਨੀਕੀ ਯੁੱਗ ਆ ਵੜ ਗਿਆ ਵਿੱਚ ਜੀ ਢਾਂਚੇ ਦੇ
ਕੌਣ ਲੈਂਦੇ ਦੱਸ ਸਲਾਹਾਂ ਬਾਬੇ ਬੁੱਲ੍ਹੇ ਤੋਂ
ਵੀਹ ਜਾਣਿਆਂ ਦਾ ਟੱਬਰ ਜੀਹਤੋਂ ਪਲਦਾ ਸੀ
ਸਾਰਾ ਦਿਨ ਜੋ ਵਿੱਚ ਝੋਕਿਆਂ ਸੜਦਾ ਸੀ
ਕਦ ਪੁੱਛਿਐ ਦੱਸ ਦਿਓ ਹਾਲ ਕਿਸੇ ਨੇ ਚੁੱਲ੍ਹੇ ਤੋਂ
ਕਦੀ ਫਿਕਰ ਸੀ ਚਿੱਤਾਂ ਵਿੱਚ ਸਵਾਤਾਂ ਲਿੱਪਣ ਦਾ
ਹੁਣ ਸੀਮੈਂਟਾ ਹੱਕ ਖੋਹੇ ਚੀਕਣੇ ਟਿੱਲੇ ਤੋਂ
ਕਦੀ ਰਲਕੇ ਸਾਰਾ ਟੱਬਰ ਇੱਕ ਥਾਂ ਬਹਿੰਦਾ ਸੀ
ਤੇ ਇੱਕ ਦੂਜੇ ਤੋਂ ਰਾਇ ਮਸ਼ਵਰੇ ਲੈਂਦਾ ਸੀ
ਕਦੇ ਜੰਮਦਾ ਬੱਚਾ ਨਾਨੀ ਹਿੱਕ ਨਾਲ ਲਾਉਂਦੀ ਸੀ
'ਸਰਬ' ਹੁਣ ਵਿੱਚ ਮਸ਼ੀਨਾਂ ਰੋਵੇ ਅੱਖਾਂ ਖੁੱਲ੍ਹੇ ਤੋਂ
ਇੱਥੇ ਸ਼ੀਸ਼ਾਂ ਵਿਚੋਂ ਝਾਕਣ ਬੰਦ ਦਰਵਾਜ਼ੇ ਦੇ
ਸੱਜਣਾ ਪੁੱਛਦਾ ਨਾ ਕੋਈ ਹਾਲ ਦਰਾਂ ਦੇ ਖੁੱਲ੍ਹੇ ਤੋਂ

**ਲਿਖਤ : ਡਾ. ਸਰਬਜੀਤ ਕੌਰ ਬਰਾੜ ਮੋਗਾ**

## ਮਿਲ ਜਾਂਦੇ ਨੇ ਲੋਕੀ

ਕੁਝ ਲੋਕ ਮਿਲ ਜਾਂਦੇ ਨੇ ,
ਉਹ ਵੀ ਕਈ ਮਿਲ ਕੇ ਰਹਿ ਜਾਂਦੇ ਨੇ,
ਉਹ ਦਿਲ ਦੀ ਤਹਿ ਤੱਕ ਜਾਂਦੇ ਨੇ,
ਦੁਆਵਾਂ ਬਣ ਕੇ ਹੀ ਰਹਿ ਜਾਂਦੇ ਨੇ ,

ਇੰਜ ਵੀ ਕੁਝ ਲੋਕ ਮਿਲ ਜਾਂਦੇ ਨੇ।
ਫਿਟਕਾਰਾਂ ਤੇ ਨਫ਼ਰਤ ਦਾ ਸ਼ਿਕਾਰ ਨੇ ਬਥੇਰੇ,
ਜ਼ਿਹਨੀ ਤੌਰ 'ਤੇ ਬਿਮਾਰ ਨੇ ਬਥੇਰੇ,
ਕਈ ਗਲੋਂ ਲਾਹ-ਲਾਹ ਸੁੱਟਣ ਆਪਣਿਆਂ ਨੂੰ,

ਕਈ ਆਪਣਿਆਂ ਵਾਂਗ ਗਲੇ ਮਿਲ ਜਾਂਦੇ ਨੇ,
ਇੰਝ ਹੀ ਕੁਝ ਲੋਕ ਮਿਲ ਜਾਂਦੇ ਨੇ,
ਉਹ ਸੁੱਚੇ ਮੋਤੀ ਵਾਂਗੂ ਹੁੰਦੇ ਟਾਵੇਂ -ਟਾਵੇਂ ,
ਜਿਉ ਪੰਜਾਬੀ ਵਰਨ ਮਾਲਾ ਦੇ ਅੱਖਰ ਭੁਲਾਵੇਂ,

ਕਦੇ ਕਦੇ ਤਾਂ ਪਿਛਲੇ ਜਨਮ ਦਾ ਰਿਸ਼ਤਾ ਜਾਪੇ,
ਚਲ 'ਨਵ' ਦੇਖ ਲਊ ਰੱਬ ਆਪੇ,
ਉਝ ਕਿਉਂ ਕਿਸੇ 'ਤੇ ਇੰਨਾ ਪਿਆਰ ਲੁਟਾਵੇ ,
ਰੱਬ ਕਰੇ ਮੇਰੀ ਉਮਰ ਵੀ ਉਹਨਾਂ ਨੂੰ ਲੱਗ ਜਾਵੇ,
ਇੰਜ ਹੀ ਕਈ ਲੋਕੀ ਮੋਲ ਜਾਂਦੇ ਨੇ।

**ਲੇਖਕ : ਨਵਦੀਪ ਕੌਰ,**
**ਸੰਪਰਕ: +16722723164**



# ਨਾਰੀ ਸੰਸਾਰ





# ਨੈਤਿਕ ਕਦਰਾਂ ਕੀਮਤਾਂ ਤੇ ਸਾਡੇ ਬੱਚੇ

ਲਿਖਤ

ਪ੍ਰੇਮ ਸਰੂਪ ਛਾਜਲੀ
94171-34982





ਮਨੁੱਖੀ ਜ਼ਿੰਦਗੀ 'ਚ ਨੈਤਿਕ ਕਦਰਾਂ-ਕੀਮਤਾਂ ਦਾ ਬਹੁਤ ਮਹੱਤਵਪੂਰਣ ਰੋਲ ਹੈ।ਅਜਿਹੀਆਂ ਕਦਰਾਂ-ਕੀਮਤਾਂ ਦੇ ਗੁਣਾਂ ਵਾਲੇ ਇਨਸਾਨ ਦੀ ਜ਼ਿੰਦਗੀ ਚੰਗੇ ਸੁਭਾਅ, ਖੁਸ਼-ਦਿਲ ਤੇ ਵਧੀਆ ਤਰੀਕੇ ਵਾਲੀ ਹੁੰਦੀ ਹੈ। ਨੈਤਿਕ ਕਦਰਾਂ-ਕੀਮਤਾਂ ਅਪਣਾਉਣ ਨਾਲ ਮਨੁੱਖ ਆਪਣੇ ਜੀਵਨ ਦੇ ਹਰੇਕ ਪੜਾਅ 'ਤੇ ਵਿਕਾਸ ਕਰਦਾ ਜਾਂਦਾ ਹੈ ਤੇ ਦੂਜਿਆਂ ਲਈ ਪ੍ਰੇਰਨਾ ਸ੍ਰੋਤ ਬਣ ਜਾਂਦਾ ਹੈ। ਵੈਸੇ ਤਾਂ ਨੈਤਿਕ ਕਦਰਾਂ-ਕੀਮਤਾਂ ਨੂੰ ਗ੍ਰਹਿਣ ਕਰਨ ਦੀ ਕੋਈ ਸੀਮਤ ਉਮਰ ਨਹੀਂ ਹੁੰਦੀ ਪਰ ਫਿਰ ਵੀ ਇਸ ਨੂੰ ਬਚਪਨ ਵਿਚ ਹੀ ਗ੍ਰਹਿਣ ਕਰਨਾ ਸਿਖਾ ਦੇਣਾ ਚਾਹੀਦਾ ਹੈ ਤਾਂ ਕਿ ਆਉਣ ਵਾਲੇ ਸਮੇਂ 'ਚ ਮਨੁੱਖ ਇਸ ਦੀ ਪਾਲਣਾ ਵਧੀਆ ਢੰਗ ਨਾਲ ਕਰ ਸਕੇ। ਇਸ ਨੂੰ ਗ੍ਰਹਿਣ ਕਰਵਾਉਣ ਦੀ ਜ਼ਿੰਮੇਵਾਰੀ ਸਮਾਜ ਵਿਚ ਉਚੇਚੇ ਤੌਰ 'ਤੇ ਬੱਚਿਆਂ ਦੇ ਮਾਤਾ-ਪਿਤਾ, ਵਡੇਰਿਆਂ ਤੇ ਅਧਿਆਪਕਾਂ ਆਦਿ ਦੀ ਬਣਦੀ ਹੈ। ਇਸ ਦੀ ਪਾਲਣਾ ਕਰਨੀ ਜਾਂ ਕਰਵਾਉਣਾ ਕੋਈ ਕਾਨੂੰਨੀ ਨਿਯਮ ਨਹੀਂ ਸਗੋਂ ਇਸ ਨੂੰ ਇਕ ਫ਼ਰਜ਼ ਸਮਝਿਆ ਜਾਣਾ ਚਾਹੀਦਾ ਹੈ।

### ਮਾਤਾ-ਪਿਤਾ ਰਹਿੰਦੇ ਨੇ ਅਵੇਸਲੇ

ਨੈਤਿਕਤਾ ਦੇ ਘੇਰੇ 'ਚ ਸੱਚ ਬੋਲਣਾ, ਕਿਸੇ ਦਾ ਬੁਰਾ ਨਾ ਕਰਨਾ, ਖੁਸ਼ ਦਿਲ ਹੋ ਕੇ ਸਭ ਨਾਲ ਮਿਲਣਾ, ਹੰਕਾਰ ਨਾ ਕਰਨਾ, ਸੇਵਾ ਦੀ ਭਾਵਨਾ ਰੱਖਣਾ, ਇਮਾਨਦਾਰੀ ਨੂੰ ਅਪਣਾਉਣਾ, ਦੂਜਿਆਂ ਪ੍ਰਤੀ ਵਿਵਹਾਰ ਤੇ ਉਨ੍ਹਾਂ ਨਾਲ ਵਿਚਰਣ ਦੇ ਢੰਗ, ਮਾੜੇ ਸਮੇਂ ਦੂਜਿਆਂ ਦੀ ਮਦਦ ਕਰਨ ਲਈ ਅੱਗੇ ਆਉਣਾ, ਦੂਜਿਆ ਦਾ ਸਤਿਕਾਰ ਕਰਨਾ, ਆਗਿਆਕਾਰੀ ਹੋਣਾ, ਨਿਮਰਤਾ ਰੱਖਣਾ, ਦੇਸ਼ ਭਗਤੀ, ਅਨੁਸ਼ਾਸਨ ਭਰਪੂਰ ਹੋਣਾ, ਦੂਜਿਆਂ ਦਾ ਧੰਨਵਾਦੀ ਹੋਣ ਦੀ ਭਾਵਨਾ ਆਦਿ ਆਉਂਦੇ ਹਨ। ਸੋ ਅਜਿਹੇ ਗੁਣਾਂ ਨਾਲ ਭਰਪੂਰ ਗੁਣਾਂ ਵਾਲੇ ਇਨਸਾਨ ਦੀ ਸ਼ਖ਼ਸੀਅਤ ਤੋਂ ਅਸੀਂ ਸਾਰੇ ਪ੍ਰਭਾਵਿਤ ਹੁੰਦੇ ਹਾਂ। ਅਜੋਕੇ ਸਮੇਂ ਦਾ ਦੁਖਾਂਤ ਇਹ ਹੈ ਕਿ ਨੌਜਵਾਨ ਪੀੜ੍ਹੀ ਅਜਿਹੇ ਗੁਣਾਂ ਤੋਂ ਕਈ ਕੋਹਾਂ ਦੂਰ ਹੈ। ਇਸ ਵਿਚ ਅਸੀਂ ਬੱਚਿਆਂ ਨੂੰ ਗਲਤ ਨਹੀਂ ਠਹਿਰਾ ਸਕਦੇ ਜਦਕਿ ਇਸ 'ਚ ਕਮੀ ਉਨ੍ਹਾਂ ਦਾ ਪਾਲਣ-ਪੋਸ਼ਣ ਕਰਨ ਵਾਲਿਆਂ, ਸਿੱਖਿਆ ਪ੍ਰਦਾਨ ਕਰਨ ਵਾਲਿਆਂ, ਸਾਡੇ ਵਡੇਰਿਆਂ ਤੇ ਸਮਾਜ ਦੀ ਹੈ। ਬੱਚਾ ਮਿੱਟੀ ਦੁਆਰਾ ਤਿਆਰ ਕੀਤਾ ਗਿਆ ਬਰਤਨ ਵਾਂਗ ਹੁੰਦਾ ਹੈ, ਜਿਸ ਨੂੰ ਮਾਪੇ ਤੇ ਅਧਿਆਪਕ ਜੀਵਨ-ਜਾਚ ਦੇ ਗੁਣ ਸਿਖਾ ਕੇ ਭਾਵ ਆਵੇ ਵਿਚ ਬਰਤਨ ਦੇ ਪਕਾਉਣ ਵਾਂਗ ਵਧੀਆ ਇਨਸਾਨ ਬਣਾ ਸਕਦੇ ਹਨ। ਜੋ ਅੱਜਕੱਲ੍ਹ ਬੱਚਿਆਂ ਦੇ ਸੁਭਾਅ ਵਿਚ ਆਮ ਵੇਖਿਆ ਜਾਂਦਾ ਹੈ, ਉਸ 'ਚ ਸਭ ਤੋਂ ਪਹਿਲੀ ਕਮੀ ਉਨ੍ਹਾਂ ਦੇ ਮਾਤਾ-ਪਿਤਾ (ਪਰਿਵਾਰ) ਵੱਲੋਂ ਹੁੰਦੀ ਹੈ।

### ਮਾਫ਼ ਕਰਨ ਦੀ ਭਾਵਨਾ ਪੈਦਾ ਕਰਨ ਮਾਪੇ

ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਦਾ ਪਾਲਣ-ਪੋਸ਼ਣ ਇਸ ਤਰ੍ਹਾਂ ਕਰਨ ਕਿ ਉਨ੍ਹਾਂ 'ਚ ਇਕ-ਦੂਜੇ ਨੂੰ ਮਾਫ਼ ਕਰਨ ਦੀ ਭਾਵਨਾ ਹੋਵੇ। ਇਕੱਲਤਾ 'ਚ ਰਹਿਣ ਕਾਰਨ ਇਸ ਤਰ੍ਹਾਂ ਦੇ ਸੁਭਾਅ ਦੀ ਬੱਚਿਆਂ 'ਚ ਕਮੀ ਪਾਈ ਜਾਂਦੀ ਹੈ। ਉਹ ਵੱਡੇ ਹੋ ਕੇ ਕਿਸੇ ਨਾਲ ਆਪਣੀ ਚੀਜ਼ ਸਾਂਝੀ ਕਰਨਾ ਵੀ ਪਸੰਦ ਨਹੀਂ ਕਰਦੇ। ਛੋਟੀ ਜਹੀ ਗ਼ਲਤੀ ਜਾਂ ਗ਼ਲਤਫਹਿਮੀ 'ਚ ਉਹ ਗੂੜ੍ਹੇ ਰਿਸ਼ਤੇ ਦਾ ਲਿਹਾਜ਼ ਨਹੀਂ ਕਰਦੇ ਸਗੋਂ ਝੱਟ ਇਸ ਨੂੰ ਤੋੜਨ 'ਤੇ ਉਤਰ ਆਉਂਦੇ ਹਨ ਜਦਕਿ ਮਾਫ਼ ਕਰਨ ਨਾਲ ਰਿਸ਼ਤੇ ਤੇ ਆਪਸੀ ਸਾਝਾਂ ਬਣੀਆਂ ਰਹਿੰਦੀਆ ਹਨ ਤੇ ਮਨੁੱਖ ਮਿਲਾਪੜੇ ਸੁਭਾਅ ਦਾ ਬਣਿਆ ਰਹਿੰਦਾ ਹੈ। ਜੇ ਮਨੁੱਖ ਮਾਫ਼ ਕਰਨ ਤੇ ਬਰਦਾਸ਼ਤ ਕਰਨ ਦੇ ਗੁਣਾਂ ਨੂੰ ਨਹੀਂ ਸਮਝਦਾ ਤਾਂ ਉਹ ਛੋਟੀਆਂ-ਛੋਟੀਆਂ ਗੱਲਾਂ 'ਤੇ ਨਫ਼ਰਤ ਨੂੰ ਅਖਤਿਆਰ ਕਰ ਜਾਂਦਾ ਹੈ ਤੇ ਇੱਕਲੀ ਚਿੜ-ਚਿੜ ਵਾਲੀ ਜ਼ਿੰਦਗੀ ਜਿਊਣ ਨਾਲ ਮਾਨਸਿਕ ਬਿਮਾਰੀ ਦਾ ਸ਼ਿਕਾਰ ਹੋ ਜਾਂਦਾ ਹੈ।

### ਕਦਰਾਂ-ਕੀਮਤਾਂ ਤੋਂ ਸੱਖਣੇ ਰਹਿ ਜਾਂਦੇ ਨੇ ਬੱਚੇ

ਆਧੁਨਿਕ ਵਿਕਾਸਸ਼ੀਲ ਸਮਾਜ 'ਚ ਮਹਿੰਗਾਈ ਦੇ ਦੌਰ 'ਚ ਪੈਸਿਆਂ ਨਾਲ ਮਾਪੇ ਆਪਣੇ ਬੱਚਿਆਂ ਦੀ ਹਰ ਗਰਜ਼ ਨੂੰ ਪੂਰਾ ਕਰਨ ਦੀ ਚਾਹ 'ਚ ਕਈ ਕੁਤਾਹੀਆਂ ਕਰ ਜਾਂਦੇ ਹਨ, ਜਿਸ ਕਾਰਨ ਬੱਚਿਆਂ ਦੀਆਂ ਨੈਤਿਕ ਕਦਰਾਂ-ਕੀਮਤਾਂ ਤੇ ਗੁਣਾਂ 'ਚ ਗਿਰਾਵਟ ਬਚਪਨ ਤੋਂ ਹੀ ਆ ਜਾਂਦੀ ਹੈ। ਬੱਚਿਆਂ 'ਚ ਮਿਲਵਰਤਣ, ਮਾਫ਼ ਕਰਨਾ, ਸਹਿਣਸ਼ੀਲਤਾ, ਇੱਜ਼ਤ ਕਰਨਾ, ਨਿਮਰਤਾ, ਆਗਿਆਕਾਰੀ ਹੋਣ ਤੇ ਦੂਜਿਆਂ ਦੀ ਸਹਾਇਤਾ ਕਰਨਾ ਵਰਗੇ ਗੁਣ ਨਹੀਂ ਵੇਖੇ ਜਾ ਸਕਦੇ ਕਿਉਂਕਿ ਉਹ ਸਾਰਾ ਦਿਨ ਇਕ ਕਰੰਚ ਜਾਂ ਇਕ ਨੌਕਰ ਕੋਲ ਪਲਦੇ ਹਨ ਜਾਂ ਫਿਰ ਕੰਪਿਊਟਰ, ਫੋਨ ਤੇ ਹੋਰ ਨਵੀਆਂ ਤਕਨੀਕਾਂ ਦੀਆਂ ਖੇਡਾਂ ਘਰ ਬੈਠ ਕੇ ਇੱਕਲੇ ਖੇਡਦੇ ਹਨ ਤਾਂ ਉਹ ਬੱਚੇ ਕਈ ਨੈਤਿਕ ਗੁਣਾਂ ਤੋਂ ਅਨਜਾਣ ਰਹਿ ਜਾਂਦੇ ਹਨ।

### ਭਾਈਚਾਰਕ ਸਾਂਝ ਦੀ ਆਈ ਕਮੀ

ਅਜੋਕੇ ਸਮੇਂ 'ਚ ਮਨੁੱਖ ਨੇ ਆਪਣੇ ਪੈਸੇ ਦੀ ਹੋਂਦ ਤੇ ਵੱਡੀ ਸ਼੍ਰੇਣੀ, ਮੱਧ ਸ਼੍ਰੇਣੀ ਤੇ ਹੇਠਲੀ ਸ਼੍ਰੇਣੀ ਦਾ ਜ਼ਿਆਦਾ ਰੌਲਾ ਪਾ ਦਿੱਤਾ ਹੈ। ਇਸ ਨੂੰ ਲੋਕ ਆਪਣਾ ਸਟੇਟਸ ਸਮਝਦੇ ਹਨ ਪਰ ਇਹ ਸਾਡੀ ਨੈਤਿਕਤਾ ਦੀ ਗਿਰਾਵਟ ਵੱਲ ਵੱਧ ਰਿਹਾ ਕਦਮ ਹੈ। ਕਈ ਵਾਰ ਅਸੀਂ ਦੂਜਿਆਂ ਦੀ ਮਦਦ ਇਸ ਲਈ ਵੀ ਨਹੀਂ ਕਰਦੇ ਭਾਵ ਭਾਈਚਾਰਾ ਨਹੀਂ ਰਲਾਉਂਦੇ ਕਿ ਉਸ ਦਾ ਤਾਂ ਸਾਡੇ ਤੋਂ ਸਟੇਟਸ ਬੜਾ ਛੋਟਾ ਹੈ, ਲੋਕ ਕੀ ਕਹਿਣਗੇ? ਇਹ ਅਜੋਕੇ ਸਮੇਂ ਦੀ ਬੜੀ ਮੰਦਭਾਗੀ ਘਟਨਾ ਹੈ। ਇਸ ਨਾਲ ਸਾਡੇ ਪੁਰਾਣੇ ਵਡੇਰਿਆਂ ਨਾਲ ਰਲ-ਮਿਲ ਕੇ ਰਹਿਣ ਵਾਲੇ ਭਾਈਚਾਰੇ ਵਿਚ ਬਹੁਤ ਕਮੀ ਆਈ ਹੈ। ਅਜੋਕੀ ਪੜ੍ਹੀ-ਲਿਖੀ ਨੌਕਰੀਸ਼ੁਦਾ ਪੀੜ੍ਹੀ ਬੁੱਢੇ ਮਾਪਿਆਂ ਨੂੰ ਨਾਲ ਰੱਖ ਕੇ ਖ਼ੁਸ਼ ਨਹੀਂ । ਇਸ ਦਾ ਪ੍ਰਭਾਵ ਘਰ 'ਚ ਰਹਿੰਦੇ ਬੱਚਿਆਂ 'ਤੇ ਵੀ ਪੈਂਦਾ ਹੈ। ਸਤਿਕਾਰ ਭਾਵਨਾ, ਸਹਿਣਸ਼ੀਲਤਾ, ਨਿਮਰਤਾ ਉਨ੍ਹਾਂ ਨੂੰ ਆਪਣੇ ਪਰਿਵਾਰਕ ਮੈਂਬਰਾਂ 'ਚ ਰਹਿ ਕੇ ਮਿਲਣੀ ਚਾਹੀਦੀ ਹੈ, ਉਹ ਉਨ੍ਹਾਂ ਨੂੰ ਨਹੀਂ ਪ੍ਰਾਪਤ ਹੋ ਰਹੀ ਕਿਉਂਕਿ ਅਸਲ ਵਿਚ ਘਰ 'ਚ ਉਨ੍ਹਾਂ ਨੇ ਇਹ ਚੀਜ਼ਾਂ ਦੇਖੀਆਂ ਸਮਝੀਆਂ ਨਹੀਂ ਹਨ, ਜਿਸ ਕਾਰਨ ਉਹ ਵੀ ਸਭ ਨਾਲ ਪਰਾਇਆ ਤੇ ਬੇਰੁਖਾ ਸੁਭਾਅ ਅਖਤਿਆਰ ਕਰ ਲੈਂਦੇ ਹਨ। ਇਸੇ ਲਈ ਉਹ ਰਿਸ਼ਤੇਦਾਰਾਂ ਅੱਗੇ ਵੀ ਬਦਤਮੀਜ਼ੀ ਕਰ ਜਾਂਦੇ ਹਨ। ਫਿਰ ਮਾਪੇ ਆਮ ਹੀ ਰਿਸ਼ਤੇਦਾਰਾਂ ਅੱਗੇ ਕਹਿ ਦਿੰਦੇ ਹਨ ਕਿ ਪਤਾ ਨਹੀਂ, ਇਹ ਸਾਡਾ ਬੱਚਾ ਸੁਭਾਅ ਤੋਂ ਹੈ ਹੀ ਇਸੇ ਤਰ੍ਹਾਂ ਦਾ। ਅਸਲ 'ਚ ਸੋਚਿਆ ਜਾਵੇ ਤਾਂ ਇਸ ਪਿੱਛੇ ਕਾਰਨ ਕੀ ਹਨ ਕਿ ਬੱਚੇ ਦਾ ਸੁਭਾਅ ਹੀ ਅਜਿਹਾ ਬਣ ਗਿਆ। ਸੱਚੀ ਪਰ ਕੌੜੀ ਗੱਲ ਇਹ ਹੈ ਕਿ ਇਸ ਪਿੱਛੇ ਵੀ ਬੱਚਿਆਂ ਦੇ ਮਾਪਿਆਂ ਦਾ ਹੀ ਹੱਥ ਹੈ। ਇਸ ਲਈ ਏਨਾ ਵੀ ਬਿਜ਼ੀ ਨਾ ਹੋ ਜਾਵੋ ਕਿ ਆਪਣੇ ਬੱਚਿਆਂ 'ਤੇ ਧਿਆਨ ਹੀ ਨਾ ਜਾਵੇ।

# ਜਨਤਕ ਜੀਵਨ ਵਿੱਚ ਔਰਤਾਂ ਦੀ ਮੌਜੂਦਗੀ

ਲਿਖਤ : ਵਿਜੈ ਗਰਗ

ਸਮਾਂ ਕਿਵੇਂ ਨਜ਼ਾਰੇ ਬਦਲਦਾ ਹੈ! ਕੁਝ ਸਮਾਂ ਪਹਿਲਾਂ ਹੀ ਨੌਜਵਾਨ ਕੁੜੀਆਂ ਨੂੰ ਆਪਣੇ ਛੋਟੇ ਭਰਾ ਨਾਲ ਸਹੇਲੀਆਂ ਦੇ ਘਰ ਜਾਣਾ ਪੈਂਦਾ ਸੀ। ਸੜਕ 'ਤੇ ਚੱਲਦੇ ਹੋਏ ਵੀ. ਅੱਜ, ਉਹ ਸਕੂਟਰ ਅਤੇ ਮੋਟਰਸਾਈਕਲ ਚਲਾਉਂਦੀ ਹੈ, ਜਿਸ ਨਾਲ ਲੋਕਾਂ ਦੀਆਂ ਨਜ਼ਰਾਂ ਉਲਝੀਆਂ ਅਤੇ ਪਰੇਸ਼ਾਨ ਹੋ ਜਾਂਦੀਆਂ ਹਨ। ਇਹ ਇੱਕ ਨਵੀਂ ਔਰਤ ਟੈਕਸੀ-ਆਟੋ ਚਲਾਉਂਦੀ, ਟਰੇਨ-ਇੰਜਣ ਚਲਾਉਂਦੀ, ਮੁਸਾਫਰਾਂ ਨੂੰ ਲੜਾਕੂ ਜਹਾਜ਼ ਤੱਕ ਉਡਾਉਂਦੀ, ਪੁਲਿਸ ਦੀ ਵਰਦੀ ਪਾ ਕੇ ਗੁੰਡਿਆਂ ਨੂੰ ਫੜਦੀ, ਪੱਤਰਕਾਰ ਵਜੋਂ ਦੂਰ-ਦੁਰਾਡੇ ਤੋਂ ਖ਼ਬਰਾਂ ਲੈ ਕੇ ਆਉਂਦੀ ਤਸਵੀਰ ਹੈ। ਇਨ੍ਹਾਂ ਔਰਤਾਂ ਨੇ ਪਰੰਪਰਾ ਦੇ ਪੁਰਾਣੇ ਫਰੇਮ ਨੂੰ ਢਾਹ ਦਿੱਤਾ ਹੈ।

ਕਿਸੇ ਸਮੇਂ ਸਕੂਟਰ ਕੰਪਨੀਆਂ ਨੇ ਸੋਚਿਆ ਵੀ ਨਹੀਂ ਸੀ ਕਿ ਦੋਪਹੀਆ ਵਾਹਨਾਂ 'ਤੇ ਔਰਤਾਂ ਇੰਨੀਆਂ ਆਮ ਹੋ ਸਕਦੀਆਂ ਹਨ। ਕਾਰਾਂ ਸਿਰਫ਼ ਮਰਦਾਂ ਲਈ ਹੀ ਬਣੀਆਂ ਸਨ। ਫਿਰ ਲੂਨਾ ਆਇਆ, ਚੱਕਰ ਦਾ ਇੱਕ ਆਟੋਮੈਟਿਕ ਸੰਸਕਰਣ। ਕਿਹਾ ਜਾ ਸਕਦਾ ਹੈ ਕਿ ਇਸ ਨੌਜਵਾਨ ਪੀੜ੍ਹੀ ਲਈ ਅਜਿਹਾ ਪਹਿਲੀ ਵਾਰ ਹੋਇਆ ਹੈ। ਇਸ ਨੂੰ ਔਰਤਾਂ ਅਤੇ ਬਜ਼ੁਰਗਾਂ ਦਾ ਵਾਹਨ ਮੰਨਿਆ ਜਾਂਦਾ ਸੀ। ਕੰਪਨੀਆਂ ਨੂੰ ਛੇਤੀ ਹੀ ਲੜਕੀਆਂ ਦੀ ਯੋਗਤਾ ਨੂੰ ਪਰਖਣ ਦਾ ਪੈਮਾਨਾ ਵਧਾਉਣਾ ਪਿਆ। ਅੱਜ ਕੱਲ੍ਹ ਨਵੇਂ ਯੁੱਗ ਦੀਆਂ ਕੁੜੀਆਂ ਵਿੱਚੋਂ ਵੱਡੀ ਗਿਣਤੀ ਵਿੱਚ ਕੁੜੀਆਂ ਦੋ ਪਹੀਆ ਵਾਹਨ ਚਲਾ ਰਹੀਆਂ ਹਨ।

ਭਾਰਤੀ ਔਰਤਾਂ ਦਾ ਨਿੱਜੀ ਵਾਹਨ 'ਤੇ ਸਵਾਰ ਹੋਣਾ ਕਿਸੇ ਸਮਾਜਿਕ ਕ੍ਰਾਂਤੀ ਤੋਂ ਘੱਟ ਨਹੀਂ ਹੈ। ਗੱਡੀ ਦੀ ਸਵਾਰੀ ਨੇ ਔਰਤਾਂ ਲਈ ਆਤਮ-ਵਿਸ਼ਵਾਸ ਅਤੇ ਆਤਮ-ਨਿਰਭਰਤਾ ਦੇ ਨਵੇਂ ਦਰਵਾਜ਼ੇ ਖੋਲ੍ਹ ਦਿੱਤੇ। ਔਰਤ ਕੋਲ ਆਪਣੀ ਕਾਰ ਹੈ, ਇਸ ਨੇ ਆਮ ਮੱਧਵਰਗੀ ਪਰਿਵਾਰਾਂ ਦੀ ਤਸਵੀਰ ਹੀ ਬਦਲ ਦਿੱਤੀ ਹੈ। ਇੱਕ ਛੋਟੀ ਜਿਹੀ ਚਾਬੀ ਉਨ੍ਹਾਂ ਲਈ 'ਅਲਾਦੀਨ ਦਾ ਚਿਰਾਗ' ਪਾਉਣ ਤੋਂ ਘੱਟ ਨਹੀਂ ਹੈ। ਹੁਣ ਉਹ ਆਪਣੇ ਪਤੀ ਜਾਂ ਮਰਦ ਮੈਂਬਰਾਂ ਨਾਲ ਮੇਲ-ਜੋਲ ਨਹੀਂ ਕਰਦੀ, ਉਹ ਆਪ ਹੀ ਕਾਰ ਸਟਾਰਟ ਕਰਕੇ ਚਲੀ ਜਾਂਦੀ ਹੈ। ਔਰਤਾਂ ਦੇ ਵਾਹਨ-ਆਤਮ-ਨਿਰਭਰਤਾ ਦੇ ਸਮਾਜਕ ਪ੍ਰਭਾਵ ਹਨ। ਸਕੂਟਰ ਪਰਿਵਾਰ ਦੀ ਸੋਚ ਵਿੱਚ ਆਧੁਨਿਕਤਾ ਜੋੜ ਰਹੇ ਹਨ, ਬੰਦ ਸਿਰਿਆਂ ਨੂੰ ਖੋਲ੍ਹ ਰਹੇ ਹਨ। ਜਨਤਕ ਜੀਵਨ ਵਿੱਚ ਉਸਦੀ ਮੌਜੂਦਗੀ ਵਧੀ ਹੈ। ਉਹ ਆਪਣੇ ਸ਼ੌਕ ਅਤੇ ਰੁਚੀਆਂ ਦਾ ਪਿੱਛਾ ਕਰ ਰਹੇ ਹਨ। ਬੱਚਿਆਂ ਦੀ ਬਿਹਤਰ ਦੇਖਭਾਲ ਕਰਨਾ ਅਤੇ ਦੂਜਿਆਂ ਦੀ ਮਦਦ ਕਰਨਾ। ਘਰ



ਡ੍ਰਾਇਵਿੰਗ ਕਰਨ ਨਾਲ ਐਮਰਜੈਂਸੀ ਦੀ ਸਥਿਤੀ ਵਿੱਚ ਤੁਰੰਤ ਮਦਦ ਪ੍ਰਾਪਤ ਕਰਨਾ ਪਹਿਲਾਂ ਨਾਲੋਂ ਆਸਾਨ ਹੋ ਗਿਆ ਹੈ। ਉਹ ਮਿੱਤਰਾਂ ਨੂੰ ਮਿਲਦੇ ਹਨ, ਰਿਸ਼ਤੇਦਾਰੀ ਵਿੱਚ ਆਉਂਦੇ ਹਨ। ਸੜਕ 'ਤੇ ਇਕੱਲੀ ਖੜ੍ਹੀ, ਟੈਕਸੀ ਦੀ ਉਡੀਕ ਕਰਨ ਜਾਂ ਕੋਈ ਜਾਣ-ਪਛਾਣ ਵਾਲੇ ਦੇ ਆਉਣ ਤੱਕ ਉਡੀਕ ਕਰਨ ਵਾਲੀ ਔਰਤ ਨਾਲੋਂ ਆਪਣੇ ਦੋਪਹੀਆ ਵਾਹਨ 'ਤੇ ਸਮਾਂ ਖਤਮ ਕਰਨ ਵਾਲੀ ਔਰਤ ਜ਼ਿਆਦਾ ਸੁਰੱਖਿਅਤ ਹੈ।

ਇਸ ਦੋਪਹੀਆ ਵਾਹਨ ਚਲਾਉਣ ਨੇ ਮੁਸ਼ਕਿਲਾਂ ਨੂੰ ਆਸਾਨ ਕਰ ਦਿੱਤਾ ਹੈ। ਆਮਦਨ ਦੇ ਬਿਹਤਰ ਮੌਕੇ ਪ੍ਰਦਾਨ ਕੀਤੇ ਗਏ ਹਨ। ਘਰ ਅਤੇ ਬਾਹਰ ਆਪਣੀ ਕਾਬਲੀਅਤ ਨੂੰ ਸਾਬਤ ਕਰਨ ਦੀ ਲੜਾਈ ਅੱਜ ਵੀ ਆਮ ਔਰਤ ਲਈ ਆਸਾਨ ਨਹੀਂ ਹੈ। 'ਤੁਮਸੇ ਨਾ ਹੋ ਪੇਗਾ' ਦਾ ਉਚਾਰਨ ਆਮ ਤੌਰ 'ਤੇ ਕੀਤਾ ਜਾਂਦਾ ਹੈ।ਅਜਿਹੀ ਸਥਿਤੀ ਵਿਚ ਆਵਾਜਾਈ ਲਈ ਕਿਸੇ 'ਤੇ ਭਰੋਸਾ ਕਰਨਾ ਪਰਿਵਾਰ ਲਈ 'ਨਹੀਂ' ਕਹਿਣ ਦਾ ਬਹਾਨਾ ਬਣ ਜਾਂਦਾ ਹੈ। ਬਹੁਤ ਸਾਰੇ ਪਰਿਵਾਰਾਂ ਵਿੱਚ ਜੇਕਰ ਔਰਤਾਂ ਦਫ਼ਤਰ ਜਾਣ ਲਈ ਮਰਦਾਂ 'ਤੇ ਨਿਰਭਰ ਹੁੰਦੀਆਂ ਹਨ, ਤਾਂ ਇਹ ਰੋਜ਼ਾਨਾ ਦੀ ਤੂ-ਤੂੰ-ਮੈਂ-ਮੈਂ ਦਾ ਕਾਰਨ ਬਣ ਜਾਂਦੀ ਹੈ। ਜਿਸਦਾ ਸਿੱਟਾ ਉਹਨਾਂ ਨੂੰ ਨੌਕਰੀ ਛੱਡਣ ਦੇ ਮਜ਼ਬੂਰ ਫੈਸਲੇ ਵਿੱਚ ਹੁੰਦਾ ਹੈ।

ਸਕੂਟਰ ਦੇ ਦੋ ਪਹੀਏ ਆਰਥਿਕ ਸਸ਼ਕਤੀਕਰਨ ਦੇ ਰਾਹ 'ਤੇ ਔਰਤਾਂ ਨੂੰ ਵੱਡੀ ਤਾਕਤ ਦੇ ਰਹੇ ਹਨ। ਇਸ ਹੁਨਰ ਨੇ ਸਮੇਂ ਦੀ ਉਤਪਾਦਕਤਾ ਅਤੇ ਗੁਣਵੱਤਾ ਵਿੱਚ ਵੀ ਵਾਧਾ ਕੀਤਾ ਹੈ। ਇਸ ਸਮੇਂ ਤੋਂ ਰਿਸ਼ਤਿਆਂ 'ਚ ਸਮੀਕਰਨਾਂ 'ਚ ਸੁਧਾਰ ਹੋਣ ਦੀ ਉਮੀਦ ਗਲਤ ਨਹੀਂ ਹੋਵੇਗੀ। ਇਸ ਨਾਲ ਲਿਬਾਸ ਦੀ ਮਿੱਥ ਵੀ ਟੁੱਟ ਗਈ ਹੈ। ਅਜ਼ਾਦੀ ਦੀਆਂ ਨਵੀਆਂ ਪਰਿਭਾਸ਼ਾਵਾਂ ਲਿਖੀਆਂ ਗਈਆਂ ਹਨ, ਔਰਤਾਂ ਦੀ ਇਹ ਸਾਈਕਲ ਸਵੈ-ਨਿਰਭਰਤਾ।

ਪਰਿਵਾਰ ਵਿੱਚ ਇੱਕ ਵਾਹਨ ਔਰਤ ਅਤੇ ਮਰਦ ਦੋਵਾਂ ਲਈ ਲਾਭਦਾਇਕ ਹੈ। ਇਹ ਇੱਕ ਮੁਕਤ ਦ੍ਰਿਸ਼ਟੀ ਹੈ ਅਤੇ ਸਮਾਜ ਦੀ ਤਰੱਕੀ ਦੀ ਨਿਸ਼ਾਨੀ ਵੀ ਹੈ। ਇਹ ਸੰਕੇਤ ਸਮੁੱਚੇ ਸਮਾਜ ਦੇ ਭਵਿੱਖ ਲਈ ਚੰਗਾ ਹੈ। ਪਿਤਾ, ਭਰਾ ਅਤੇ ਪਤੀ ਹੋਣ ਦੇ ਨਾਤੇ, ਉਸਨੇ ਧੀ, ਭੈਣ ਜਾਂ ਪਤਨੀ 'ਤੇ ਕੋਈ ਹੁਕਮ ਜਾਰੀ ਨਹੀਂ ਕੀਤਾ ਹੈ। ਔਰਤਾਂ ਡਰਾਈਵਰਾਂ ਅਤੇ ਮਰਦਾਂ ਨੂੰ ਪਿੱਛੇ ਦੇਖ ਕੇ ਅਸੀਂ ਹੈਰਾਨ ਨਹੀਂ ਹੁੰਦੇ। ਔਰਤਾਂ ਨੇ ਆਉਣ-ਜਾਣ ਲਈ ਦੂਜਿਆਂ ਦਾ ਮੂੰਹ ਨਾ ਦੇਖ ਕੇ ਆਪਣੀ ਇੱਛਾ ਨੂੰ ਪਰਿਵਾਰ ਵਿਚ ਸਵੀਕਾਰ ਕਰ ਲਿਆ ਹੈ। ਨੇ ਸੱਸ ਦਾ ਭਰੋਸਾ ਜਿੱਤ ਲਿਆ ਹੈ, ਮਾਪਿਆਂ ਨੂੰ ਭਰੋਸਾ ਦਿਵਾਇਆ ਹੈ, ਉਸ ਦਾ ਡਰ ਦੂਰ ਕੀਤਾ ਹੈ। ਇਹ ਆਵਾਜ਼ ਦੂਰੋਂ ਨਹੀਂ, ਨੇੜੇ ਤੋਂ ਆ ਰਹੀ ਹੈ ਕਿ ਅਸੀਂ ਵੀ ਇੱਥੇ ਮੁੰਡਿਆਂ ਤੋਂ ਘੱਟ ਨਹੀਂ, ਮੌਕਾ ਦਿਓ। ਮਰਦ ਔਰਤਾਂ ਦੀ ਡਰਾਈਵਿੰਗ ਬਾਰੇ ਮਜ਼ਾਕ ਉਡਾ ਕੇ ਆਪਣੀ ਹਉਮੈ ਨੂੰ ਸੰਤੁਸ਼ਟ ਕਰ ਸਕਦੇ ਹਨ, ਖੋਜ ਦੁਆਰਾ ਸਾਬਤ ਕੀਤਾ ਗਿਆ ਸੱਚ ਕਹਿੰਦਾ ਹੈ ਕਿ ਉਹ ਮਰਦਾਂ ਨਾਲੋਂ ਬਿਹਤਰ, ਜ਼ਿਆਦਾ ਇਮਾਨਦਾਰ, ਜ਼ਿੰਮੇਵਾਰ, ਅਨੁਸ਼ਾਸਿਤ ਡਰਾਈਵਰ ਹਨ। ਕਈ ਸ਼ਹਿਰਾਂ ਵਿੱਚ ਤਾਂ ਕੁੜੀਆਂ ਵੀ ਮੋਟਰਸਾਈਕਲ ਬਹੁਤ ਚਲਾ ਰਹੀਆਂ ਹਨ। ਪੁਣੇ ਸ਼ਹਿਰ 'ਚ ਕੁੜੀਆਂ 'ਤੇ ਗੋਲੀ ਚਲਾਉਣ ਦਾ ਮਾਮਲਾ ਵੀ ਉਤਸੁਕਤਾ ਦਾ ਵਿਸ਼ਾ ਨਹੀਂ ਬਣਦਾ। ਇਸ ਤਰ੍ਹਾਂ ਮੋਟਰਸਾਈਕਲ ਦੀ ਪਛਾਣ ਮਰਦਾਨਾ ਵਾਹਨ ਵਜੋਂ ਹੋਈ ਹੈ।

ਜੁੱਤੀਆਂ ਅਤੇ ਜੀਨਸ ਪਹਿਨਣ ਵਾਲੀਆਂ ਔਰਤਾਂ ਮੋਟਰਸਾਈਕਲ ਸਵਾਰਾਂ ਦੇ ਰੂਪ ਵਿੱਚ ਤਾਕਤ ਦੀ ਪਛਾਣ ਕਰਦੀਆਂ ਦਿਖਾਈ ਦਿੰਦੀਆਂ ਹਨ, ਇਸ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਇਹ ਬਣੀ ਹੋਈ ਮਾਦਾ ਚਿੱਤਰ ਦਾ ਇੱਕ ਟੁਕੜਾ ਹੈ। ਮੋਟਰਸਾਈਕਲ ਜਾਂ ਬੁਲੇਟ ਸਿਰਫ਼ ਇੱਕ ਵਾਹਨ ਨਹੀਂ ਹੈ। ਉਹ ਖੁੱਲ੍ਹੀ ਹਵਾ, ਦਲੇਰੀ ਅਤੇ ਆਜ਼ਾਦ ਸੋਚ ਦਾ ਪ੍ਰਤੀਕ ਹੈ। ਮੋਟਰਸਾਈਕਲ ਦੀ ਸਵਾਰੀ ਕਰਨਾ ਮਹਾਨਤਾ ਦੀ ਨਿਸ਼ਾਨੀ ਨਹੀਂ ਹੈ, ਪਰ ਇਹ ਕਦਮ ਨਿਸ਼ਚਿਤ ਤੌਰ 'ਤੇ ਸਕਾਰਾਤਮਕ ਤਬਦੀਲੀ ਦਾ ਖ਼ਤਰਾ ਹੈ। ਹੈਲਮੇਟ ਪਾ ਕੇ, ਆਪਣੀ ਪਸੰਦ ਦੇ ਕੱਪੜੇ ਪਾ ਕੇ, ਮੋਢੇ 'ਤੇ ਦਫਤਰੀ ਬੈਗ ਅਤੇ ਪਿੱਛੇ ਸਕੂਲੀ ਕੱਪੜਿਆਂ 'ਚ ਇਕ ਬੱਚਾ ਸਕੂਟਰ ਚਲਾ ਰਿਹਾ ਹੈ। ਸਾਡੀ ਗਲੀ 'ਤੇ ਸਮੇਂ ਦੇ ਇਹ ਸੁੰਦਰ ਨਜ਼ਾਰੇ ਹਨ।

ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ

# Classified

ਆਪਣਾ ਵਪਾਰ ਵਧਾਉਣ ਲਈ
ਇੰਟਰਨੈਸ਼ਨਲ ਪੰਜਾਬੀ ਟ੍ਰਿਬਿਊਨ
'ਚ ਇਸ਼ਤਿਹਾਰ ਅਤੇ ਕਲਾਸੀਫਾਈਡ
ਦੇਣ ਲਈ ਵੱਟਸਅੱਪ ਜਾਂ ਈ-ਮੇਲ ਕਰੋ :
604-584-5577
: infopunjabitribune@gmail.com



## BRIDE WANTED

ਜੱਟ ਸਿੱਖ ਲੜਕਾ,ਉਮਰ 29 ਸਾਲ,ਕੱਦ 6 ਫੁੱਟ, ਲੜਕਾ ਨਿਊਜ਼ੀਲੈਂਡ ਵਿੱਚ ਪੀ.ਆਰ. ਹੈ,ਲਈ ਕੈਨੇਡਾ ਵਿੱਚ ਪੀ.ਆਰ. ਕੁੜੀ ਦੀ ਭਾਲ ਹੈ। ਲੜਕੇ ਦਾ ਪਰਵਾਰ ਕੈਨੇਡਾ ਵਿੱਚ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ : (778) 321-5911, 7782886015 AP 06-12

ਐਬਟਸਫੋਰਡ ਬੀ ਸੀ ਵਿਚ ਵਰਕ ਪਰਮਿਟ ਤੇ ਰਹਿ ਰਹੇ 27 ਸਾਲ ਦੇ ਖੂਬਸੂਰਤ ਜਟ ਸਿੱਖ ਗਿੱਲ ਲੜਕੇ ਵਾਸਤੇ Canadian Immigrant ਜਾਂ PR ਕੰਨਿਆ ਦੀ ਲੋੜ ਹੈ। ਲੜਕਾ ਅਤੇ ਲੜਕੇ ਦਾ ਸਾਰਾ ਪਰਿਵਾਰ ਵੈਜੀਟੇਰੀਅਨ ਹੈ। ਲੜਕੇ ਪਾਸ Bechelor of Computer Art ਦੀ ਯੋਗਤਾ ਹੈ। ਮਾਤਾ ਪਿਤਾ ਕੈਨੇਡਾ ਵਿਚ, ਭੈਣ ਇੰਡੀਆ ਵਿਆਹੀ ਹੋਈ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ। 778-201-2767 ਜਾਂ ਵਟਸਐਪ (ਇੰਡੀਆ)+91 88725 44271 RS 27-09

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. RS 27-12

## GROOM WANTED

A Jatt Sikh family is looking for a match for their daughter. She is born and raised in Canada. She is 29 years old and is 5'3" tall. She is a Chartered Professional Accountant (CPA). Looking for a canadian born potential match in Surrey, BC. Boy should be well educated and family oriented, CPA preferred. Please do not call from proposals outside of the area. Please contact us at (778) 246-2491. AP 17-01

# ਕੁਦਰਤੀ ਖੇਤੀ ਹੀ ਪੂਰੀ ਕਰ ਸਕਦੀ ਹੈ ਭੋਜਨ ਦੀ ਵਧਦੀ ਮੰਗ

**ਲਿਖਤ : ਹਰਪਿੰਦਰ ਸਿੰਘ ਸੰਧੂ, ਰਾਜੀਵ ਕੁਮਾਰ**
**ਮੋਬਾਈਲ : +61 415 426 577**

145 ਕਰੋੜ ਦੀ ਆਬਾਦੀ ਵਾਲਾ ਭਾਰਤ ਆਪਣੀਆਂ ਖੁਰਾਕ ਅਤੇ ਪੋਸ਼ਣ ਸੰਬੰਧੀ ਜ਼ਰੂਰਤਾਂ ਪੂਰੀਆਂ ਕਰਨ ਦੇ ਮਾਮਲੇ ਵਿਚ ਆਤਮ-ਨਿਰਭਰ ਹੈ। ਪਿਛਲੇ 70 ਸਾਲਾਂ ਵਿਚ ਇਸ ਖੇਤੀਬਾੜੀ ਅਧੀਨ ਖੇਤਰ ਦਾ ਵਿਸਥਾਰ ਕਰਕੇ ਅਤੇ ਹਰੀ ਕ੍ਰਾਂਤੀ ਦੇ ਅਭਿਆਸਾਂ ਨੂੰ ਤੇਜ਼ ਕਰਕੇ ਪ੍ਰਾਪਤ ਕੀਤਾ ਗਿਆ ਹੈ। ਭੋਜਨ ਦੀ ਮੰਗ ਵਿਚ 2-3 ਫ਼ੀਸਦੀ ਦੇ ਸਾਲਾਨਾ ਵਾਧੇ ਨਾਲ ਭਾਰਤ ਨੂੰ 2050 ਤੱਕ 50 ਫ਼ੀਸਦੀ ਹੋਰ ਅਨਾਜ ਪੈਦਾ ਕਰਨਾ ਪਵੇਗਾ। ਭਾਰਤ 'ਚ 2050 ਤੱਕ ਅਨਾਜ ਦੀ ਇਹ ਮੰਗ ਪੂਰੀ ਨਹੀਂ ਹੋ ਸਕੇਗੀ। ਖੇਤੀ ਦੀ ਮੌਜੂਦਾ ਪ੍ਰਣਾਲੀ ਨੂੰ ਜਾਰੀ ਰੱਖਣਾ ਕੋਈ ਬਦਲ ਨਹੀਂ ਹੈ, ਜੋ ਕਿ ਰਸਾਇਣਕ ਖਾਦਾਂ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੀ ਹੈ ਅਤੇ ਜਿਸ ਕਾਰਨ ਮਿੱਟੀ ਦੀ ਸਿਹਤ 'ਚ ਚਿੰਤਾਜਨਕ ਪੱਧਰ ਤੱਕ ਗਿਰਾਵਟ ਆਈ ਹੈ ਅਤੇ ਇਸ ਦੀ ਹਾਲਤ ਕਿਸੇ ਹਸਪਤਾਲ ਦੇ ਆਈ.ਸੀ.ਯੂ. 'ਚ ਪਏ ਮਰੀਜ਼ ਵਰਗੀ ਹੈ, ਜਿਸ ਦੀ ਸਿਹਤ ਦਿਨੋ-ਦਿਨ ਹੋਰ ਨਿਘਾਰ ਵੱਲ ਜਾ ਰਹੀ ਹੋਵੇ। ਅਜਿਹੀ ਫਾਲਤੂ ਖੇਤੀਬਾੜੀ ਪ੍ਰਣਾਲੀ 'ਤੇ ਪੂਰੀ ਤਰ੍ਹਾਂ ਨਾਲ ਨਿਰਭਰ ਰਹਿਣਾ ਭਾਰਤ ਦੀ ਖ਼ੁਰਾਕ, ਪੋਸ਼ਣ ਅਤੇ ਵਾਤਾਵਰਨ ਸੁਰੱਖਿਆ ਨੂੰ ਗੰਭੀਰ ਖ਼ਤਰੇ 'ਚ ਪਾਉਣ ਵਾਲੀ ਗੱਲ ਹੈ।

ਸੰਯੁਕਤ ਰਾਸ਼ਟਰ ਫੂਡ ਐਂਡ ਐਗਰੀਕਲਚਰ ਆਰਗੇਨਾਈਜ਼ੇਸ਼ਨ (ਐੱਫ਼.ਏ.ਓ.) ਵਲੋਂ ਖ਼ੁਰਾਕ ਅਤੇ ਖੇਤੀਬਾੜੀ ਦੀ ਸਥਿਤੀ 'ਤੇ ਹਾਲ ਹੀ ਵਿਚ ਜਾਰੀ ਕੀਤੀ ਰਿਪੋਰਟ 'ਚ ਵਿਸ਼ਵ ਖੇਤੀਬਾੜੀ ਅਤੇ ਭੋਜਨ ਪ੍ਰਣਾਲੀਆਂ ਦੇ ਵਧਦੇ ਸਮਾਜਿਕ, ਸਿਹਤ ਅਤੇ ਵਾਤਾਵਰਨਕ ਖਰਚਿਆਂ ਨੂੰ ਉਜਾਗਰ ਕੀਤਾ ਗਿਆ ਹੈ। ਇਨ੍ਹਾਂ ਦੀ ਲਾਗਤ ਕੁੱਲ 12 ਟ੍ਰਿਲੀਅਨ ਡਾਲਰ ਸਾਲਾਨਾ ਹੈ, ਜਦੋਂਕਿ ਉਤਪਾਦਨ ਦੇ ਮੌਜੂਦਾ ਤਰੀਕੇ ਦੁਨੀਆ ਭਰ 'ਚ 8 ਅਰਬ ਤੋਂ ਵੱਧ ਲੋਕਾਂ ਦੀਆਂ ਕੈਲੋਰੀ ਲੋੜਾਂ ਨੂੰ ਪੂਰਾ ਕਰ ਸਕਦੇ ਹਨ ਪਰ ਇਸ ਨਾਲ ਸਾਡੇ ਸਮਾਜ ਅਤੇ ਵਾਤਾਵਰਨ ਨੂੰ ਵੱਡਾ ਨੁਕਸਾਨ ਹੁੰਦਾ ਹੈ।

ਐੱਫ.ਏ.ਓ. ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤੀ ਖੇਤੀ ਖ਼ੁਰਾਕ ਪ੍ਰਣਾਲੀ 'ਚ ਲੁਕੀਆਂ ਲਾਗਤਾਂ ਹਨ, ਜਿਨ੍ਹਾਂ 'ਚ ਸਿਹਤ, ਵਾਤਾਵਰਨ ਅਤੇ ਸਮਾਜ ਨੂੰ ਹੋਣ ਵਾਲੇ ਨੁਕਸਾਨ ਸ਼ਾਮਿਲ ਹਨ। ਪਿਛਲੇ ਛੇ ਦਹਾਕਿਆਂ 'ਚ ਲਗਾਤਾਰ ਸਿੰਥੈਟਿਕ ਖਾਦਾਂ ਦੀ ਕੀਤੀ ਜਾ ਰਹੀ ਵਰਤੋਂ ਨਾਲ ਮਿੱਟੀ 'ਚ ਜੈਵਿਕ ਕਾਰਬਨ ਦੀ ਮਾਤਰਾ 1947 ਦੀ ਸਿਹਤ ਰਾਸ਼ਟਰੀ ਔਸਤ 2.4 ਫ਼ੀਸਦੀ ਤੋਂ ਘਟ ਕੇ ਅੱਜ ਕੇਵਲ



0.4 ਫ਼ੀਸਦੀ ਰਹਿ ਗਈ ਹੈ। ਇਹ ਚਿੰਤਾਜਨਕ ਹੈ ਅਤੇ 1.5 ਫ਼ੀਸਦੀ ਦੀ ਹੱਦ ਤੋਂ ਬਹੁਤ ਘੱਟ ਹੈ, ਜੋ ਕਿ ਮਿੱਟੀ ਦੇ ਕਾਸ਼ਤਯੋਗ ਗੁਣਾਂ ਨੂੰ ਬਣਾਈ ਰੱਖਣ ਲਈ ਜ਼ਰੂਰੀ ਹੈ। ਇਸ ਨੇ ਨਾ ਸਿਰਫ਼ ਖੁਰਾਕ ਸੁਰੱਖਿਆ ਦੀਆਂ ਸੰਭਾਵਨਾਵਾਂ ਨੂੰ ਪ੍ਰਭਾਵਿਤ ਕੀਤਾ ਹੈ, ਸਗੋਂ ਇਸ ਨੇ ਭਾਰਤ ਨੂੰ ਪਿਛਲੇ 70 ਸਾਲਾਂ ਵਿਚ 47.7 ਲੱਖ ਕਰੋੜ ਰੁਪਏ (564 ਅਰਬ ਡਾਲਰ) ਦੀ ਵੱਡੀ ਰਕਮ ਦਾ ਨੁਕਸਾਨ ਵੀ ਕੀਤਾ ਹੈ, ਜੋ ਕਿ ਹਰ ਸਾਲ 68,243 ਕਰੋੜ ਰੁਪਏ (8.06 ਅਰਬ ਡਾਲਰ) ਦੇ ਬਰਾਬਰ ਕਾਰਬਨ ਮੁੱਲ ਹਾਨੀ ਹੈ।

ਇਹ ਲਾਗਤ ਖਰਚੇ ਖਾਦ ਉਦਯੋਗ ਨੂੰ ਪ੍ਰਤੀ ਸਾਲ 2 ਲੱਖ ਕਰੋੜ ਰੁਪਏ (25 ਅਰਬ ਡਾਲਰ) ਦੀ ਮੌਜੂਦਾ ਸਬਸਿਡੀ ਤੋਂ ਇਲਾਵਾ ਹਨ। ਸਿੰਥੈਟਿਕ ਖਾਦਾਂ ਦੀ ਵਰਤੋਂ ਨਾਲ ਕਰੀਬ 250 ਲੱਖ ਟਨ ਗ੍ਰੀਨਹਾਊਸ ਗੈਸ ਨਿਕਾਸ (ਸੀ.ਓ.2ਈ.) ਵੀ ਹੁੰਦਾ ਹੈ, ਜਿਸ ਦੀ ਲਾਗਤ ਪ੍ਰਤੀ ਸਾਲ 14,813 ਕਰੋੜ ਰੁਪਏ (1.75 ਅਰਬ ਡਾਲਰ) ਹੁੰਦੀ ਹੈ। ਇਹ ਸਬਸਿਡੀਆਂ ਸਿੰਥੈਟਿਕ ਖਾਦਾਂ ਦੀ ਫਜ਼ੂਲ ਦੀ ਵਰਤੋਂ ਨੂੰ ਉਤਸ਼ਾਹਿਤ ਕਰਦੀਆਂ ਹਨ, ਜੋ ਸਿੱਧੇ ਤੌਰ 'ਤੇ ਮਿੱਟੀ ਦੀ ਕੁਦਰਤੀ ਸਮਰੱਥਾ ਨੂੰ ਘਟਾਉਂਦੀਆਂ ਹਨ, ਭਾਰੀ ਗ੍ਰੀਨਹਾਊਸ ਗੈਸਾਂ ਪੈਦਾ ਕਰਦੀਆਂ ਹਨ, ਜੋ ਭਾਰਤ ਦੀ ਖ਼ੁਰਾਕ, ਪੋਸ਼ਣ ਅਤੇ ਵਾਤਾਵਰਨ ਸੁਰੱਖਿਆ ਨੂੰ ਗੰਭੀਰ ਰੂਪ ਨਾਲ ਖ਼ਤਰੇ 'ਚ ਪਾਉਂਦੀਆਂ ਹਨ।

ਮਿੱਟੀ ਦੀ ਸਿਹਤ 'ਚ ਇਸ ਗਿਰਾਵਟ ਦੇ ਕਾਰਨ ਖਾਦਾਂ ਦੀ ਪ੍ਰਤੀਕਿਰਿਆ ਅਨੁਪਾਤ 1960-69 'ਚ 12.1 ਕਿੱਲੋਗ੍ਰਾਮ ਅਨਾਜ ਪ੍ਰਤੀ ਕਿੱਲੋਗ੍ਰਾਮ ਐੱਨ.ਪੀ.ਕੇ. (ਨਾਈਟ੍ਰੋਜਨ, ਫਾਸਫੋਰਸ ਅਤੇ ਪੋਟਾਸ਼ੀਅਮ) ਤੋਂ ਘਟ ਕੇ 2010-17 ਵਿਚ ਸਿਰਫ 5.1 ਕਿੱਲੋਗ੍ਰਾਮ ਅਨਾਜ ਪ੍ਰਤੀ ਕਿੱਲੋਗ੍ਰਾਮ ਐੱਨ.ਪੀ.ਕੇ. ਰਹਿ ਗਿਆ ਹੈ। ਜੇਕਰ ਇਸ ਤਰ੍ਹਾਂ ਦਾ ਰੁਝਾਨ ਜਾਰੀ ਰਿਹਾ ਤਾਂ ਭਾਰਤ ਨੂੰ 2035 ਦੀ ਸ਼ੁਰੂਆਤ ਵਿਚ ਹੀ ਭੋਜਨ ਦੀ ਘਾਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਸ ਦਾ ਅੰਸ਼ਕ ਕਾਰਨ ਵਧਦੀ ਆਬਾਦੀ ਵਲੋਂ ਭੋਜਨ ਦੀ ਮੰਗ ਵਿਚ ਵਾਧਾ, ਜਲਵਾਯੂ ਪ੍ਰਭਾਵਾਂ ਕਾਰਨ ਉਤਪਾਦਕਤਾ 'ਚ ਕਮੀ, ਮਿੱਟੀ ਦੀ ਸਿਹਤ ਦਾ ਨੁਕਸਾਨ ਅਤੇ ਸਿੰਥੈਟਿਕ ਖਾਦਾਂ ਪ੍ਰਤੀ ਘਟਦੀ ਪ੍ਰਤੀਕਿਰਿਆ ਹੈ। ਜੇਕਰ ਮਿੱਟੀ ਦੀ ਸਿਹਤ ਨਾਕਾਮ ਹੁੰਦੀ ਹੈ ਤਾਂ ਭਾਰਤੀ ਖੇਤੀ ਸਫ਼ਲ ਨਹੀਂ ਹੋ ਸਕਦੀ। ਇਸ ਲਈ ਭਾਰਤ ਨੂੰ ਜਲਵਾਯੂ ਅਨੁਕੂਲ, ਕੁਦਰਤ- ਅਧਾਰਿਤ, ਬਦਲਵੇਂ ਖੇਤੀ ਮਾਡਲ ਦੀ ਭਾਲ ਕਰਨੀ ਚਾਹੀਦੀ ਹੈ, ਜੋ ਖੇਤੀ ਨਾਲ ਜੁੜੇ ਭਾਰੀ ਜ਼ੋਖ਼ਮਾਂ ਨੂੰ ਘੱਟ ਕਰੇ, ਉਤਪਾਦਕਤਾ ਅਤੇ ਕਿਸਾਨਾਂ ਦੀ ਰੋਜ਼ੀ-ਰੋਟੀ ਵਿਚ ਸੁਧਾਰ ਕਰੇ, ਨਾਲ ਹੀ ਧਰਤੀ ਦੀਆਂ ਹੱਦਾਂ ਦਾ ਵੀ ਸਨਮਾਨ ਕਰੇ ਅਤੇ ਮਨੁੱਖੀ ਸਿਹਤ ਨੂੰ ਨੁਕਸਾਨ ਨਾ ਪਹੁੰਚਾਏ। ਭਾਰਤ ਨੂੰ ਆਪਣੀ ਖੁਰਾਕ, ਪੋਸ਼ਣ ਅਤੇ ਵਾਤਾਵਰਨ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅਜਿਹੀ ਖੇਤੀ ਨੂੰ ਮੁੱਖਧਾਰਾ ਵਿਚ ਲਿਆਉਣ ਦੀ ਲੋੜ ਹੈ।

ਭਾਰਤੀ ਖੇਤੀ ਨੂੰ ਸੁਰੱਖਿਅਤ ਰੱਖਣ ਲਈ ਕੁਦਰਤੀ ਖੇਤੀ ਬਾਰੇ ਪ੍ਰਧਾਨ ਮੰਤਰੀ ਦਾ ਰਾਸ਼ਟਰੀ ਮਿਸ਼ਨ ਇਨ੍ਹਾਂ ਖ਼ਤਰਿਆਂ ਦੇ ਖ਼ਿਲਾਫ਼ ਖੜ੍ਹਾ ਹੈ। ਸਾਨੂੰ ਟਿਕਾਊ ਖੇਤੀਬਾੜੀ ਅਭਿਆਸਾਂ ਦੁਆਰਾ ਬਣਾਏ ਗਏ ਮੁੱਲ ਦੀ ਪੂਰੀ ਤਰ੍ਹਾਂ ਕਦਰ ਕਰਨ ਦੀ ਲੋੜ ਹੈ। ਖੇਤੀ ਵਿਗਿਆਨ ਦੇ ਸਿਧਾਂਤਾਂ 'ਤੇ ਆਧਾਰਿਤ ਪੁਨਰ-ਉਤਪਾਦਕ ਖੇਤੀ, ਲਾਗਤਾਂ ਨੂੰ ਘਟਾਉਣ, ਮਿੱਟੀ ਦੀ ਸਿਹਤ ਨੂੰ ਬਿਹਤਰ ਬਣਾਉਣ, ਜ਼ਮੀਨੀ ਪਾਣੀ ਦੀ ਸਹੀ ਵਰਤੋਂ ਨੂੰ ਉਤਸ਼ਾਹਿਤ ਕਰਨ, ਕੁਦਰਤੀ ਸਰੋਤਾਂ ਦੀ ਕਮੀ ਨੂੰ ਘਟਾਉਣ ਅਤੇ ਉਸੇ ਸਮੇਂ ਖੇਤੀ ਉਤਪਾਦਕਤਾ ਅਤੇ ਮੁਨਾਫ਼ੇ ਨੂੰ ਵਧਾਉਣ ਵਿਚ ਮਦਦ ਕਰ ਸਕਦੀ ਹੈ। ਇਕ ਤਾਜ਼ਾ ਅਧਿਐਨ ਵਿਚ ਪਾਇਆ ਗਿਆ ਹੈ ਕਿ ਸਮਾਜ-ਪ੍ਰਬੰਧਿਤ ਕੁਦਰਤੀ ਖੇਤੀ ਨੇ ਪੇਂਡੂ ਭਾਰਤ ਵਿਚ ਸਫ਼ਲਤਾਪੂਰਵਕ ਸਮਾਜਿਕ ਪੂੰਜੀ ਦਾ ਨਿਰਮਾਣ ਕਰਕੇ ਕਿਸਾਨਾਂ, ਖੇਤ ਮਜ਼ਦੂਰਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਖਪਤਕਾਰਾਂ ਦੀ ਸਿਹਤ ਵਿਚ ਵੀ ਸੁਧਾਰ ਕੀਤਾ ਹੈ। ਅਜਿਹੇ ਸਬੂਤਾਂ ਦੇ ਆਧਾਰ 'ਤੇ ਭਾਰਤ ਨੂੰ ਆਪਣੀ ਖੁਰਾਕ, ਪੋਸ਼ਣ ਅਤੇ ਵਾਤਾਵਰਨ ਸੁਰੱਖਿਆ ਨੂੰ ਕਾਇਮ ਰੱਖਣ ਲਈ ਆਪਣੀ ਖੇਤੀ ਨੂੰ ਫਿਰ ਤੋਂ ਨਵਾਂ ਰੂਪ ਦੇਣਾ ਚਾਹੀਦਾ ਹੈ। ਇਹ ਉਨ੍ਹਾਂ ਪ੍ਰਣਾਲੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਦਾ ਵਿਸਥਾਰ ਕਰਕੇ ਸੰਭਵ ਹੈ।

ਵਰਤਮਾਨ 'ਚ ਪ੍ਰਚੱਲਿਤ ਖੇਤੀਬਾੜੀ ਅਭਿਆਸ ਦੇ ਸਮਰਥਕ ਖੇਤੀ ਪ੍ਰਣਾਲੀਆਂ ਵਿਚ ਸਿੰਥੈਟਿਕ ਖਾਦਾਂ 'ਤੇ ਭਰੋਸਾ ਕਰਨਾ ਜਾਰੀ ਰੱਖਦੇ ਹਨ, ਜਦੋਂਕਿ ਕੁਦਰਤੀ ਖੇਤੀ ਡੂੰਘਾਈ ਨਾਲ ਖੋਜ ਨੂੰ ਉਤਸ਼ਾਹਿਤ ਕਰਦੀ ਹੈ, ਜਿਸ ਦੀ ਵਰਤੋਂ ਕਰਕੇ ਪ੍ਰਤੀ ਇਕਾਈ ਦੀ ਉਤਪਾਦਕਤਾ ਨੂੰ ਵਧਾਉਣਾ ਇਸ ਵਿਚ ਸ਼ਾਮਿਲ ਹੈ। ਕੁਦਰਤੀ ਖੇਤੀ ਭਾਰਤੀ ਖੇਤੀ ਲਈ ਜ਼ੋਖ਼ਮਾਂ ਨੂੰ ਘੱਟ ਕਰਨ ਦਾ ਇਕਮਾਤਰ ਤਰੀਕਾ ਵੀ ਹੈ, ਜਿਸ ਨਾਲ ਅਸੀਂ ਮਿੱਟੀ ਦੀ ਸਿਹਤ 'ਚ ਸੁਧਾਰ ਕਰਦਿਆਂ ਜੈਵ-ਵਿਭਿੰਨਤਾ ਨੂੰ ਉਤਸ਼ਾਹ ਦੇ ਸਕਦੇ ਹਾਂ।

ਭਾਰਤ ਵਿਚ ਖੇਤੀਬਾੜੀ ਦੇ ਮੁੜ ਡਿਜ਼ਾਇਨ ਲਈ ਪੁਨਰ-ਜਨਮਾਤਮਕ ਖੇਤੀ ਨੂੰ ਅਪਣਾ ਕੇ ਇਨਕਲਾਬੀ ਪਰਿਵਰਤਨ 'ਤੇ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ ਨਾ ਕਿ ਸਿਰਫ਼ ਮੌਜੂਦਾ ਪ੍ਰਣਾਲੀ ਦੇ ਪ੍ਰਬੰਧਨ 'ਤੇ ਨਿਰਭਰ ਰਹਿਣ ਦੀ, ਖੇਤੀ ਵਿਗਿਆਨਕ ਸਿਧਾਂਤਾਂ ਨੂੰ ਸਮਝਣ ਅਤੇ ਉਨ੍ਹਾਂ ਦਾ ਅਭਿਆਸ ਕਰਨ ਦੀ, ਸਮਾਜਿਕ ਪੂੰਜੀ ਨੂੰ ਉਤਸ਼ਾਹ ਦੇਣ ਦੀ ਅਤੇ ਡੂੰਘੇ ਗਿਆਨ 'ਤੇ ਆਧਾਰਿਤ ਪ੍ਰਣਾਲੀਆਂ 'ਤੇ ਭਰੋਸਾ ਕਰਨ ਦੀ ਲੋੜ ਹੈ, ਜੋ ਭਾਗੀਦਾਰੀ ਅਤੇ ਸਿੱਖਿਆ ਸ਼ਾਸਤਰ ਦੁਆਰਾ ਸਮਰਥਿਤ ਹੈ। ਦੇਸ਼ ਦੇ ਸਾਰੇ 15 ਖੇਤੀ ਜਲਵਾਯੂ ਖੇਤਰਾਂ 'ਚ ਸਿਰਫ ਵਿਗਿਆਨਕ ਤੌਰ 'ਤੇ ਪੁਨਰ-ਉਤਪਤੀ ਖੇਤੀ ਹੀ ਅਸਲ ਲਾਭਾਂ ਨੂੰ ਸਥਾਪਿਤ ਕਰਨ ਅਤੇ ਲੋੜੀਂਦੇ ਸਬੂਤ ਪੈਦਾ ਕਰਨ ਦੇ ਯੋਗ ਹੋਵੇਗੀ। ਜਨਤਕ ਤੌਰ 'ਤੇ ਰੱਖੇ ਗਏ ਜੈਵਿਕ ਖੇਤੀ ਦੇ ਲਾਭਾਂ ਦੇ ਸਬੂਤ, ਵੱਡੇ ਪੱਧਰ 'ਤੇ ਖੇਤੀ ਦੀ ਪੁਨਰ-ਸੁਰਜੀਤੀ ਅਤੇ ਵਿਕਾਸ ਲਈ ਰਾਜਨੀਤਕ ਇੱਛਾਸ਼ਕਤੀ ਅਤੇ ਨੀਤੀਗਤ ਰੂਪ-ਰੇਖਾ ਬਣਾਉਣ 'ਚ ਮਦਦ ਕਰਨਗੇ। ਇਹ 2070 ਤੱਕ 'ਨੈੱਟ ਜ਼ੀਰੋ ਸਟੇਟਸ' ਪ੍ਰਾਪਤ ਕਰਨ ਦੇ ਦੇਸ਼ ਦੇ ਦ੍ਰਿਸ਼ਟੀਕੋਣ ਵਿਚ ਵੀ ਯੋਗਦਾਨ ਪਾਵੇਗਾ।

# ਮਨੁ ਪੰਖੀ ਭਇਓ: ਮੇਰੇ ਕੁਝ ਅਹਿਸਾਸ




ਲਿਖਤ
ਜੰਗ ਬਹਾਦਰ ਗੋਇਲ

ਜੇਮਸ ਜੁਆਇਸ ਦਾ ਕਥਨ ਹੈ ਕਿ ਕਿਸੇ ਵੀ ਨਾਵਲਕਾਰ ਨੂੰ ਆਪਣਾ ਇੱਕ ਨਾਵਲ ਲਿਖਣ ਤੋਂ ਬਾਅਦ ਦੂਜਾ ਨਾਵਲ ਤਾਂ ਹੀ ਲਿਖਣਾ ਚਾਹੀਦਾ ਹੈ ਜੇ ਉਸ ਕੋਲ ਕਹਿਣ ਲਈ ਕੋਈ ਨਵੀਂ ਗੱਲ ਹੋਵੇ ਤੇ ਉਸ ਨੇ ਕੋਈ ਅਜਿਹੀ ਨਵੀਂ ਖਿੜਕੀ ਖੋਲ੍ਹਣੀ ਹੋਵੇ ਜਿਸ ਰਾਹੀਂ ਪਾਠਕ ਜ਼ਿੰਦਗੀ ਦੇ ਕਿਸੇ ਨਵੇਂ ਪੱਖ ਨੂੰ ਵੇਖ ਸਕੇ। ਜੇ ਉਸਦੇ ਕੋਲ ਕੋਈ ਨਵੀਂ ਗੱਲ ਕਰਨ ਲਈ ਨਹੀਂ ਹੈ ਤਾਂ ਉਸ ਨੂੰ ਆਪਣੇ ਆਪ ਨੂੰ ਦੁਹਰਾਉਣਾ ਨਹੀਂ ਚਾਹੀਦਾ। ਜਦੋਂ ਮੈਂ ਡਾ. ਮਨਮੋਹਨ ਦੀਆਂ ਸਾਹਿਤਕ ਪ੍ਰਾਪਤੀਆਂ 'ਤੇ ਨਜ਼ਰ ਮਾਰਦਾ ਹਾਂ ਤਾਂ ਮੈਨੂੰ ਖੁਸ਼ੀ ਹੁੰਦੀ ਹੈ ਕਿ ਉਹ ਆਪਣੀ ਹਰ ਰਚਨਾ ਵਿੱਚ ਕੁੱਝ ਨਵਾਂ ਲਿਖਦਾ ਹੈ। ਉਹ ਕਦੇ ਵੀ ਆਪਣੇ ਆਪ ਨੂੰ ਦੁਹਰਾਉਂਦਾ ਨਹੀਂ। ਉਹ ਬਹੁਵਿਧਾਈ ਲੇਖਕ ਹੈ ਤੇ ਅਸੀਮ ਪ੍ਰਤਿਭਾ ਦਾ ਮਾਲਿਕ ਹੈ। ਕੋਈ ਇਕ ਵਿਧਾ ਉਸ ਦੇ ਸਮੁੱਚੇ ਭਾਵ ਜਗਤ ਨੂੰ ਮੂਰਤੀਮਾਨ ਕਰਨ ਦੇ ਸਮਰੱਥ ਨਹੀਂ । ਉਹ ਮੂਲ ਰੂਪ ਵਿੱਚ ਕਵੀ ਹੈ ਤੇ ਕਾਵਿ ਜਗਤ 'ਚ ਗੁਜ਼ਰਦਿਆਂ ਜਦੋਂ ਉਹ ਮਾਨਵੀ ਅਸਤਿਤਵ ਦੇ ਪ੍ਰਸ਼ਨਾਂ ਨਾਲ ਜੂਝਦਾ ਹੈ ਤਾਂ ਉਸ ਦੇ ਚਿੰਤਨ ਵਿੱਚੋਂ ਗਹਿਰ ਗੰਭੀਰ ਵਾਰਤਕ ਉਗਮਦੀ ਹੈ ਅਤੇ ਜਦੋਂ ਚਿੰਤਨ ਤੇ ਕਵਿਤਾ ਦਾ ਸੁਮੇਲ ਹੁੰਦਾ ਹੈ ਤਾਂ ਉਹ ਨਾਵਲ ਲਿਖਦਾ ਹੈ । ਉਸ ਨੇ ਹੁਣ ਤਕ ਤਿੰਨ ਨਾਵਲ ਲਿਖੇ ਹਨ ਅਤੇ ਤਿੰਨੇ ਹੀ ਵੱਖ-ਵੱਖ ਵਿਸ਼ਿਆਂ 'ਤੇ ਉਸਰੇ ਹੋਏ ਹਨ । ਉਸਨੂੰ ਉਸਦੇ ਪਲੇਠੇ ਨਾਵਲ 'ਨਿਰਵਾਣ' ਲਈ ਭਾਰਤੀ ਸਾਹਿਤ ਅਕਾਦਮੀ ਦਾ ਵਕਾਰੀ ਪੁਰਸਕਾਰ ਮਿਲਿਆ ਸੀ । ਇਹ ਨਾਵਲ ਭਾਰਤੀ ਦੀ ਪ੍ਰਾਚੀਨ ਅਧਿਆਤਮਿਕ-ਗਿਆਨਾਤਮਕ ਵਿਰਾਸਤ ਦਾ ਵਿਆਪਕ ਦ੍ਰਿਸ਼ ਪ੍ਰਸਤੁਤ ਕਰਦਾ ਹੈ । ਇਸ ਨਾਵਲ 'ਚੋਂ ਗੁਜ਼ਰਨਾ ਭਾਰਤੀ ਦਰਸ਼ਨ ਦੀ ਅਸੀਮਤਾ ਅੱਗੇ ਸਿਰ ਨਿਵਾਉਣ ਵਾਂਗ ਹੈ । ਮੇਰੀ ਜਾਚੇ ਇਸ ਨਾਵਲ ਨੇ ਪੰਜਾਬੀ ਦੇ ਨਾਵਲ ਪਰੰਪਰਾ ਦੇ ਸੰਸਾਰ ਵਿੱਚ ਵਿੱਢ ਪਾ ਕੇ ਨਵਾਂ ਮੀਲ ਪੱਥਰ ਸਥਾਪਿਤ ਕੀਤਾ ਹੈ 'ਚਿੰਤਨਸ਼ੀਲ ਗਲਪ' ਦਾ...!

ਡਾ. ਮਨਮੋਹਨ ਦਾ ਦੂਜਾ ਨਾਵਲ 'ਸਹਿਜ ਗੁਫਾ ਮਹਿ ਆਸਣੁ' ਭਾਰਤੀ ਗਿਆਨ-ਧਿਆਨ ਪਰੰਪਰਾ ਦੇ ਮਹਾਨ ਯੋਗੀ ਕਾਵਿ ਸਮਰਾਟ ਭਰਥਹਰੀ ਦੇ ਜੀਵਨ ਦਰਸ਼ਨ ਅਤੇ ਕਾਵਿ ਸਿਰਜਣਾ 'ਤੇ ਆਧਾਰਿਤ ਹੈ । ਭਰਥਹਰੀ ਸੂਰਬੀਰ, ਵਿਦਵਾਨ, ਕਵੀ, ਵਿਆਕਰਨਕਾਰ, ਯੋਗੀ-ਭੋਗੀ ਅਤੇ ਸੰਨਿਆਸੀ ਸੀ । ਨਾਵਲ ਰਾਹੀਂ ਪਾਠਕ ਭਰਥਰੀ ਦੇ ਰਾਗੀ ਵੈਰਾਗੀ ਜੀਵਨ ਅਨੁਭਵਾਂ ਦੀਆਂ ਉਚਾਈਆਂ ਨਿਵਾਣਾਂ ਰਾਹੀਂ ਲੰਮੀ ਵਾਟ ਤਹਿ ਕਰਦਾ ਹੋਇਆ ਗੋਰਖ ਨਾਥ ਦੇ ਟਿੱਲੇ ਜਾ ਪਹੁੰਚਦਾ ਹੈ ।

ਡਾ. ਮਨਮੋਹਨ ਦਾ ਤਾਜ਼ਾ ਛਪੇ ਨਾਵਲ ਦਾ ਬਿਰਤਾਂਤ 'ਮਨੁ ਪੰਖੀ ਭਇਓ' ਮੁੱਖ ਪਾਤਰ ਬੁੱਧ ਸਿੰਘ ਦੇ ਅਨੂਠੇ ਕਿਰਦਾਰ ਦੇ ਇਰਦ ਗਿਰਦ ਬੁਣਿਆ ਗਿਆ ਹੈ । ਇਸ ਨਾਵਲ ਦਾ ਕੈਨਵਸ ਅਤਿ ਵਿਸ਼ਾਲ ਹੈ- ਮੱਧਕਾਲ ਤੋਂ ਲੈ ਕੇ ਸਮਕਾਲ ਦਾ ਪੰਜਾਬ । ਪੰਨੇ ਪੰਨੇ ਤੇ ਫੈਲੇ ਗੁਰਬਾਣੀ, ਧਰੁਪੱਦ ਸ਼ਾਸਤਰੀ ਸੰਗੀਤ, ਪੀਰਾਂ ਫ਼ਕੀਰਾਂ ਅਤੇ ਅਦੀਬ ਸ਼ਾਇਰਾਂ ਦੇ ਬੋਲ ਰੂਹ ਨੂੰ ਰੁਸ਼ਨਾਅ ਦਿੰਦੇ ਹਨ । ਬੋਧੇ (ਬਇਨਗ) ਤੋਂ ਬੁੱਧ ਸਿੰਘ ਹੋਣ (ਬਣਚੋਮਿਨਗ) ਦੀ ਯਾਤਰਾ ਦਰਅਸਲ ਸਧਾਰਨ ਤੋਂ ਅਸਧਾਰਨ ਮਨੁੱਖ ਬਣਨ ਦੀ ਯਾਤਰਾ ਹੈ । ਉਹ ਅੰਦਰੋਂ ਬਾਹਰੋਂ ਬੁੱਧ ਹੈ- ਸਭ ਕਾਸੇ ਤੋਂ ਫ਼ਾਰਗ, ਫੱਕੜ ਤਬੀਅਤ ਵਾਲਾ ਬੰਦਾ- ਨਾ ਕਾਹੂੰ ਸੇ ਦੋਸਤੀ ਨਾ ਕਾਹੂੰ ਸੇ ਬੈਰ...! ਉਹ ਹੀਰ ਵੀ ਗਾਉਂਦਾ ਹੈ ਤੇ ਗੁਰਬਾਣੀ ਕੀਰਤਨ ਵੀ ਕਰਦਾ ਹੈ। ਸੰਗੀਤ ਵਿਦਿਆ 'ਚ ਨਿਪੁੰਨਤਾ ਹਾਸਿਲ ਕਰਕੇ ਉਹ ਪਿੰਡ ਦੇ ਗੁਰਦੁਆਰੇ ਦਾ ਗ੍ਰੰਥੀ ਬਣਦਾ ਹੈ। ਜਿਗਿਆਸੂ ਏਨਾ ਵੱਡਾ ਕਿ ਸਭ ਕਾਸੇ ਜਾਨਣ ਦਾ ਪ੍ਰਬਲ ਇੱਛੁਕ ...! ਡਾ. ਮਨਮੋਹਨ ਨੇ ਬੁੱਧ ਸਿੰਘ ਦੇ ਰੂਪ ਵਿੱਚ ਅਜਿਹੇ ਕਿਰਦਾਰ ਨੂੰ ਸਿਰਜਿਆ ਹੈ ਜੋ ਕਿ ਜਗਤ ਰੂਹ ਹੈ- ਨਿਰਾ ਬੁੱਧ ਜੋ ਕਦੇ ਕਦੇ ਸੋਚਦਾ ਹੈ ਕਿ 'ਹਰ ਮਨੁੱਖ ਕੁਝ ਪਲਾਂ ਖਿਣਾਂ ਲਈ ਹੀ ਸਹੀ, ਕਦੀ ਆਪਣਾ ਈਸ਼ਵਰ ਤਾਂ ਹੁੰਦਾ ਹੀ ਹੈ' ।

ਬੁੱਧ ਸਿੰਘ ਜ਼ਿੰਦਗੀ ਵਿੱਚ ਕਈ ਉਤਰਾਅ ਚੜ੍ਹਾਅ ਦੇਖਦਾ ਹੈ । ਉਸ ਨੇ ਸਰਬ ਸਾਂਝੀ ਤਹਿਜ਼ੀਬ ਵਾਲੇ ਪੰਜਾਬ ਨੂੰ ਲਥ ਪੱਥ ਹੋਇਆ ਤੱਕਿਆ । ਸੱਭ ਕਾਸੇ ਦਾ ਉਜਾੜਾ ਹੋ ਗਿਆ...! ਦੇਸ਼ ਵੰਡਿਆ ਗਿਆ...! ਅਜਿਹੀ ਕਾਲੀ ਬੋਲੀ ਹਨੇਰੀ ਵਗੀ ਕਿ ਸੱਭ ਕੁਝ ਉਥਲ ਪੁਥਲ ਹੋ ਗਿਆ...! ਬੁੱਧ ਸਿੰਘ ਦੀ ਪਤਨੀ ਕੰਮੋ ਵਹਿਸ਼ੀ ਦਰਿੰਦਗੀ ਦਾ ਸ਼ਿਕਾਰ ਹੋ ਗਈ...! ਉਹ ਆਪਣਿਆਂ ਹੱਥੋਂ ਹੀ ਆਪਣੀ ਸ਼ਿਨਾਖ਼ਤ ਕਾਰਣ ਮੌਤ ਦੇ ਘਾਟ ਉਤਾਰ ਦਿੱਤਾ ਜਾਂਦਾ ਹੈ...! ਉਸਦੇ ਦੋਵੇਂ ਜੁੜਵਾਂ ਪੁੱਤਰ ਵੀ ਇਸ ਜ਼ੁਲਮੀ ਹਨੇਰੀ 'ਚ ਅਜਿਹੇ ਗੁੰਮੇ ਕਿ ਵਰ੍ਹਿਆਂ ਬਾਅਦ ਉਦੋਂ ਮਿਲੇ ਜਦੋਂ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹਿਆ...!




ਗੋਪਾਲ ਸਿੰਘ ਉਰਫ਼ ਗੋਪੀ ਅਤੇ ਗ਼ੁਲਾਮ ਅੱਬਾਸ ਉਰਫ਼ ਗੁਰੀ ਸਕੇ ਭਰਾ ਹੁੰਦੇ ਹੋਏ ਵੀ ਦੋ ਵੱਖਰੇ ਵੱਖਰੇ ਮੁਲਕਾਂ ਦੇ ਬਾਸ਼ਿੰਦੇ ਨੇ...ਵੱਖ-ਵੱਖ ਧਰਮਾਂ ਦੇ ਪੈਰੋਕਾਰ...!

'ਮਨੁ ਪੰਖੀ ਭਇਓ' ਦਿਲਾਂ ਨੂੰ ਟੁੰਬਣ ਵਾਲਾ ਨਾਵਲੀ ਬਿਰਤਾਂਤ ਹੈ। ਪਾਠਕ ਦੀਆਂ ਅੱਖਾਂ ਇਸ ਨੂੰ ਪੜ੍ਹਦਿਆਂ ਬਾਰ ਬਾਰ ਨਮ ਹੁੰਦੀਆਂ ਹਨ। ਪੰਜਾਬੀ ਸਾਹਿਤ ਜਗਤ ਦਾ ਇਹ ਵੱਡਾ ਤ੍ਰਾਸਦੀ ਨਾਵਲ ਬਣ ਉੱਭਰਦਾ ਦਿਖਾਈ ਦਿੰਦਾ ਹੈ।

ਡਾ. ਮਨਮੋਹਨ ਨੇ ਆਪਣਾ ਇਹ ਨਾਵਲ ਚੇਤਿਆਂ ਵਿੱਚ ਵੱਸਦੇ ਪੁਰਖਿਆਂ ਨੂੰ ਸਮਰਪਿਤ ਕੀਤਾ ਹੈ। ਇਹ ਨਾਵਲ ਲਿਖ ਕੇ ਸਚਮੁਚ ਉਹ 'ਪਿੱਤਰ ਰਿਣ' ਤੋਂ ਮੁਕਤ ਹੋ ਗਿਆ ਹੈ

# ਬਿੰਦੂ ਦਲਵੀਰ ਰਚਿਤ ਗ਼ਜ਼ਲ ਸੰਗ੍ਰਹਿ "ਹਰਫ਼ ਇਲਾਹੀ" ਦਾ ਸਾਹਿਤਕ ਅਧਿਐਨ



ਲਿਖਤ
ਰਮੇਸ਼ਵਰ ਸਿੰਘ
99148-80392

ਲਿਖਤ : ਪ੍ਰਿੰ: ਸੁਰਿੰਦਰ ਪਾਲ ਕੌਰ ਬਰਾੜ

Plato ਕਵਿਤਾ ਬਾਰੇ ਲਿਖਦਾ ਹੈ :-

"Poetry comes reared to vital truth then history."

ਪਰ Wallace Stevens ਨੇ ਤਾਂ ਇਥੋਂ ਤੱਕ ਕਿਹਾ ਸੀ ਕਿ:-

"The poet is the Priest of the invisible."

ਉਪਰੋਤਕ ਦੋਹਾਂ ਕਵੀਆਂ ਦੇ ਵਿਚਾਰ ਬਿੰਦੂ ਦੀ ਕਵਿਤਾ ਤੇ ਬਿਲਕੁਲ ਢੁਕਦੇ ਹਨ। ਹਰਫ ਇਲਾਹੀ ਬਿੰਦੂ ਦਲਵੀਰ ਦਾ ਦੂਸਰਾ ਗਜ਼ਲ ਸੰਗ੍ਰਹਿ ਹੈ। ਇਸ ਨੂੰ ਪੜ੍ਹਦੇ ਪੜ੍ਹਦੇ ਤੁਸੀਂ ਇਹ ਸੋਚਣ ਲਈ ਮਜਬੂਰ ਹੋ ਜਾਂਦੇ ਹੋ ਕਿ ਗ਼ਜ਼ਲ ਸੰਗ੍ਰਹਿ ਨੂੰ ਸਾਡੇ ਸ਼ਾਇਰਾਂ ਨੇ ਮਹਿਬੂਬ ਦੀਆਂ ਗਜ਼ਲਾਂ ਦੇ ਵਿੱਚੋਂ ਪੇਚੋ-ਖਮ ਤੋਂ ਕੱਢ ਕੇ ਅਧਿਆਤਮਵਾਦ ਦੇ ਮੰਦਰਾਂ ਤੱਕ ਲੈ ਆਂਦਾ ਹੈ। ਕਿਸੇ ਉਰਦੂ ਸ਼ਾਇਰ ਨੇ ਵੀ ਇਸ ਵਾਰੀ ਠੀਕ ਹੀ ਕਿਹਾ ਹੈ :-


**"ਗ਼ਜ਼ਲ ਕੇ ਅਹਿਸਾਸ ਕੋ ਸ਼ੇਅਰੋ-ਸੁਖਨ ਤਕ ਲੈ ਚਲੋ,**
**ਯਾ ਅਦਬ ਕੋ ਮੁਸਲਿਫੋ ਕੀ ਅੰਜੂ ਮਨ ਤੱਕ ਲੈ ਚਲੋ,**
**ਜੋ ਗ਼ਜ਼ਲ ਮਹਿਬੂਬ ਕੇ ਜਲਵੋਂ ਸੇ ਵਾਕਿਫ ਹੋ ਗਈ,**
**ਅਬ ਉਸੇ ਬੇਵਾ ਕੇ ਮਾਥੇ ਕੀ ਸਿਕਨ ਤਕ ਲੈ ਚਲੋ। "**

ਮੈਨੂੰ ਦਲਵੀਰ ਕੌਰ ਚਿੱਤਰਕਾਰ ਵੀ ਹੈ। ਬਿੰਦੂ ਨੇ ਚਿੱਤਰਕਾਰੀ ਚਿਤਰਦਿਆਂ ਕਦ ਗ਼ਜ਼ਲ ਦੀ ਦੁਨੀਆਂ ਵਿੱਚ ਪ੍ਰਵੇਸ਼ ਕੀਤਾ ਉਹ ਵੀ ਪੱਕੇ ਪੈਰੀ, ਇਸ ਤਰਾਂ ਲੱਗਦਾ ਹੈ ਕਿ ਗ਼ਜ਼ਲ ਦਾ ਵਿਧੀ-ਵਿਧਾਨ ਪਹਿਲਾਂ ਹੀ ਉਸ ਦੇ ਚੇਤਿਆਂ ਵਿੱਚ ਉਕਰਿਆ ਹੋਇਆ ਸੀ। ਉਸਦੀਆਂ ਗ਼ਜ਼ਲਾਂ ਵਿੱਚ ਬੁੱਲੇ ਸ਼ਾਹ ਵਾਲੀ ਸੂਫੀ ਰੰਗਤ ਵੀ ਹੈ ਜਦੋਂ ਉਹ ਲਿਖਦੀ ਹੈ:-

**"ਇਕੋ ਨਗਮਾ ਰਾਹੀ ਦਾ ਏ, ਰਗ ਰਗ ਵਾਸ ਇਲਾਹੀ ਦਾ ਏ।**
**ਆਪੇ ਆਪਣੀ ਖੋਜ ਦੇ ਅੰਦਰ, ਮੈਂ ਦਾ ਬੁਰਕਾ ਲਾਹੀ ਦਾ ਏ।"**

ਉਹਦੀਆਂ ਬਹੁਤੀਆਂ ਗ਼ਜ਼ਲਾਂ ਮਾਨਵਵਾਦੀ ਵਿਚਾਰਾਂ ਨਾਲ ਓਤ -ਪੋਤ ਹਨ। ਗੁਰਬਾਣੀ ਦਾ ਉਸ ਉੱਪਰ ਬਹੁਤ ਪ੍ਰਭਾਵ ਹੈ ਤੇ ਇਹੀ ਰੰਗਤ ਉਸਦੀਆਂ ਗਜ਼ਲਾਂ ਵਿੱਚ ਆਮ ਦੇਖੀ ਜਾ ਸਕਦੀ ਹੈ। ਬਿੰਦੂ ਜਿੱਥੇ ਆਪ ਇੱਕ ਸੁਲਝੀ ਹੋਈ ਅਤੇ ਸੰਵੇਦਨਸ਼ੀਲ ਸ਼ਖਸ਼ੀਅਤ ਦੀ ਮਾਲਕ ਹੈ ਉਥੇ ਉਸਦੀਆਂ ਗ਼ਜ਼ਲਾਂ ਉਸੇ ਤਰ੍ਹਾਂ ਸਲੀਕੇਦਾਰ ਤੇ ਜੰਦਿਗੀ ਦੀਆਂ ਸੰਗਤੀਆਂ ਵਿਸੰਗਤੀਆਂ ਤੋਂ ਪੂਰੀ ਤਰਾਂ ਵਾਕਫ ਹਨ। ਉੱਥੇ ਜਿੱਥੇ ਉਹਦੀ ਸੂਝਵਾਨ ਅਤੇ ਦਿਖਣ ਦ੍ਰਿਸ਼ਟੀ ਚਿੱਤਰ ਉਲੀਕਣ ਵਿੱਚ ਪ੍ਰਵੀਨਤਾ ਰੱਖਦੀ ਹੈ ਉਥੇ ਗ਼ਜ਼ਲ ਵਿੱਚ ਵੀ ਉਹ ਆਪਣੇ ਵਿਸ਼ਾਲ ਦ੍ਰਿਸ਼ਟੀਕੋਣ ਨਾਲ ਮਾਨਵੀ ਭਾਵਨਾਵਾਂ ਤੇ ਬੇਝਿਜਕ ਪਹਿਰਾ ਦਿੰਦੀ ਹੈ :-

**"ਸਭ ਤੋਂ ਪਹਿਲਾਂ ਆਪਣੇ ਹੀ ਆਪੇ ਤੇ ਇਤਵਾਰ ਕਰੀਏ**
**ਦਿਲ ਨਿਵਾ ਸਕਦਾ ਏ ਜੇਕਰ ਸੋਚ ਕੇ ਇਕਰਾਰ ਕਰੀਏ।"**




**"ਝਲਕਦਾ ਵੱਖਰਾ ਕੁਦਰਤ ਚ ਉਸ ਦਾ ਨੂਰ ਦਿਸਦਾ ਹੈ,**
**ਜੋ ਵੇਖੀ ਜਾ ਸਕੇ ਵੱਖਰੀ ਉਸ ਪਹਿਚਾਣ ਬਾਰੇ ਦੱਸ।"**

ਬਿੰਦੂ ਨਿਰੰਤਰਸ਼ੀਲਤਾ ਵਿੱਚ ਵਿਸ਼ਵਾਸ ਰੱਖਦੀ ਹੈ। ਉਸਨੂੰ ਕਾਦਰ ਦੇ ਜ਼ਰ੍ਹੇ ਜ਼ਰ੍ਹੇ ਵਿੱਚ ਵੀ ਜਿੰਦਗੀ ਧੜਕਦੀ ਦਿਖਾਈ ਦਿੰਦੀ ਹੈ ਇਸੇ ਲਈ ਉਸ ਨੇ ਕੁਦਰਤ ਦਾ ਮਾਨਵੀਕਰਨ (Personification) ਕੀਤਾ ਹੈ:-

**"ਫੁੱਲ ਹੱਸਦੇ ਨੇ ਜਦੋਂ ਸ਼ਰਮਾਉਣ ਪੌਣਾ, ਮਹਿਕ ਦੀ ਭਾਸ਼ਾ ਚ' ਹੈ ਗੱਲਬਾਤ ਹੋਈ।"**

ਸ਼ਬਦਾਂ ਦੀ ਚਿਤਰਕਾਰੀ ਤੋਂ ਬਿਨਾਂ ਬਿੰਦੂ ਸੱਚ ਮੁੱਚ ਹੀ ਤਸਵੀਰਾਂ ਦੀ ਚਿੱਤਰਕਾਰੀ ਕਰਦੀ ਹੈ। ਉਸ ਦੀਆਂ ਬਣੀਆਂ ਤਸਵੀਰਾਂ ਜੰਦਿਗੀ ਦੇ ਸਾਰੇ ਰੰਗ ਸਮੋਈ ਬੈਠੀਆਂ ਹਨ। ਇਸੇ ਲਈ ਉਸ ਦੀਆਂ ਗ਼ਜ਼ਲਾਂ ਵਿੱਚ ਅੰਤਾਂ ਦੀ ਮੰਜ਼ਰਕਸੀ ਹੈ ਉਸ ਨੇ ਆਪਣੀਆਂ ਬਹੁਤੀਆਂ ਗ਼ਜ਼ਲਾਂ ਵਿੱਚ ਛੰਦ, ਤੋਲ, ਲੈਅ, ਰਦੀਫ਼ ਤੇ ਤੁਕਾਂਤ ਨੂੰ ਪੂਰੀ ਤਰ੍ਹਾਂ ਨਿਭਾਇਆ ਹੈ।

ਗ਼ਜ਼ਲ ਦੀ ਪਰਿਭਾਸ਼ਾ ਅਨੁਸਾਰ ਗ਼ਜ਼ਲ ਸ਼ੇਅਰਾਂ ਦਾ ਸਮੂਹ ਹੈ ਅਤੇ ਗ਼ਜ਼ਲ ਦਾ ਇਹੀ ਤੱਤ ਸੰਖੇਪਤਾ ਅਖਵਾਉਂਦਾ ਹੈ ਜੋ ਬਿੰਦੂ ਦੀਆਂ ਪੱਕੀ ਬਹਿਰ ਦੀਆਂ ਗ਼ਜ਼ਲਾਂ ਵਿੱਚ ਆਮ ਦੇਖਿਆ ਜਾ ਸਕਦਾ ਹੈ। ਗ਼ਜ਼ਲ ਦਾ ਨਿੱਜੀ ਗੁਣ ਇਸ ਦੇ ਜਰੂਰੀ ਤੱਤਾਂ ਵਿੱਚੋਂ ਮੰਨਿਆ ਜਾਂਦਾ ਹੈ ਜਿਸ ਵਿੱਚ ਸ਼ਾਇਰਾ ਗੱਲ ਆਪਣੀ ਕਰਦਾ ਹੈ ਪਰ ਪਾਠਕ ਤੇ ਇਹ ਪ੍ਰਭਾਵ ਪੈਂਦਾ ਹੈ ਕਿ ਸ਼ਾਇਰ ਸਾਡੀ ਹੀ ਗੱਲ ਕਰ ਰਿਹਾ ਹੈ।ਇਸ ਦੀ ਉਦਾਹਰਨ ਬਿੰਦੂ ਦੀਆਂ ਕੁਝ ਕੁ ਗਜ਼ਲਾਂ ਵਿੱਚ:-

**"ਰਿਸ਼ਤੇ ਨਾਤੇ ਮੂੰਹ ਦੇ ਧਾਗੇ ਨਾਲ ਹੀ ਬੱਧੇ ਨੇ, ਮਨ ਸਮਝੇ ਨਾ ਦੋ ਚੇਤੀ ਦੇ ਕੇ ਹੇ ਘੇਰੇ ਨੇ।"**
**"ਖੁਦ ਗਵਾ ਕੇ ਆਪ ਨੂੰ ਪਾਇਆ ਹੈ ਇਦਾਂ, ਬਰਸਦੀ ਹੈ ਦਿਲ ਚ ਜਿ ਬਰਸਾਤ ਕੋਈ।"**
**"ਤੇਰੇ ਬੂਹੇ ਆ ਕੇ ਜਿੰਦ, ਕਾਹਤੋਂ ਖਿੜਕੀ ਏ ਇੰਜ, ਪਾਕ ਰੂਹ ਵਾਲਾ ਰਿਸ਼ਤਾ ਨਿਭਾਉਣਾ ਵੀ ਨਾ ਆਇਆ।"**

ਬਿੰਦੂ ਨੇ ਸੰਗੀਤਆਤਮਕ ਜੋ ਗ਼ਜ਼ਲ ਦਾ ਸਭ ਤੋਂ ਮਹੱਤਵਪੂਰਨ ਤੱਤ ਹੈ ਦਾ ਪੱਲਾ ਵੀ ਘੁੱਟ ਕੇ ਫੜੀ ਰੱਖਿਆ ਹੈ। ਇਹ ਗ਼ਜ਼ਲ ਨੂੰ ਇੱਕੋ ਬਹਿਰ ਵਿੱਚ ਰਚਨ, ਰਦੀਫ, ਕਾਫੀਏ ਦੇ ਸੁਮੇਲ ਤੋਂ ਬਿਨਾਂ ਸ਼ਬਦਾਂ ਦੇ ਆਪਣੇ ਸੰਗੀਤ ਨਾਲ ਵੀ ਪੈਦਾ ਹੁੰਦਾ ਹੈ। ਗਜ਼ਲ ਵਿੱਚ ਕੋਮਲਤਾ ਅਰਥਾਤ ਧਏਲਚਿਓਚੇ ਹੋਣੀ ਵੀ ਅਤੀ ਜਰੂਰੀ ਹੈ। ਭਾਵ ਅਤੇ ਅਰਥ ਦੋਵਾਂ ਦੀ ਕੋਮਲਤਾ ਪਾਠਕਾਂ ਦੇ ਕੰਨਾਂ ਲਈ ਸੁਖਾਵੀਂ ਅਤੇ ਸਮਝਣ ਵਿੱਚ ਸਹਾਇਕ ਹੁੰਦੀ ਹੈ ਇਸੇ ਲਈ ਤਾਂ Edmund Clarence Stedmon ਲਿਖਦੇ ਹਨ

"Poetry is rhythmical imaginative language expressing the invention, taste, thought, passion and insight of the human soul."

ਬਿੰਦੂ ਦੀ ਗ਼ਜ਼ਲ ਅਰਥਾਤ ਸ਼ਾਇਰੀ ਦਾ ਕੈਨਵਸ ਬੜਾ ਵਿਸ਼ਾਲ ਹੈ। ਉਹ ਮਿੱਟੀ ਦੇ ਜਰਿਆਂ ਤੋਂ ਲੈ ਕੇ ਅਸਮਾਨ ਦੀਆਂ ਉਚਾਈਆਂ ਤੱਕ ਨੂੰ ਆਪਣੀ ਸ਼ਾਇਰੀ ਵਿੱਚ ਸਮੋ ਲੈਂਦੀ ਹੈ। ਉਸ ਦੀ ਸਮੁੱਚੀ ਗ਼ਜ਼ਲ ਮਨੁੱਖੀ ਦਰਦ ਨਾਲ ਲਵਰੇਜ਼ ਹੈ ਉਹ ਨਿੰਜ ਤੋਂ ਸ਼ੁਰੂ ਕਰਕੇ ਪਾਰ ਦੀ ਗੱਲ ਕਰਦੀ ਹੈ।

ਜੀਵਨ ਦੀ ਅਰਥਕਤਾਂ ਉਸ ਦਾ ਮੁੱਖ ਉਦੇਸ਼ ਹੈ ਉਹ ਕਵਿਤਾ ਨੂੰ ਨਾਅਰਾ ਨਹੀਂ ਬਣਨ ਦਿੰਦੀ। ਬਿੰਦੂ ਥਾਂ ਪਰ ਥਾਂ ਆਪਣੀਆਂ ਗ਼ਜ਼ਲਾਂ ਵਿੱਚ ਜੀਵਨ ਦੀ ਛਿਣਭੰਗਰਤਾ ਦੀ ਗੱਲ ਵੀ ਕਰਦੀ ਹੈ:-

**"ਮਹਿਲ ਮਾੜੀਆਂ ਨਾਲ ਕਿਸੇ ਦੇ ਜਾਣੇ ਨਹੀਂ,**
**ਮੌਤ ਬਹਾਨਾ ਭਾਲੇ ਤੂੰ ਅਨਭੋਲ ਨਹੀਂ ਜਿੰਦੇ।"**
**"ਚਾਰ ਦਿਨ ਦਾ ਜੀਵ ਮਹਿਮਾਨ ਇਥੇ**
**ਪਾ ਲਵੇ ਜੇ ਜਿੰਦਗੀ ਤੇ ਝਾਤ ਕੋਈ।"**

ਮਨੁੱਖ ਦੀ ਹਸਤੀ ਏਨੀ ਵਿਸ਼ਾਲ ਤੇ ਇੱਕੋ ਭਤੀ ਹੈ ਉਹਦੀਆਂ ਡੂੰਘਾਣਾਂ ਅਤੇ ਬਰੀਕੀਆਂ ਤਾਈ ਅੱਪੜਦਾ ਅੱਪੜਦਾ ਸਹਿਜ ਅਵੱਸਥਾ ਤੱਕ ਅੱਪੜ ਜਾਂਦਾ ਹੈ ਜਿਨਾਂ ਦਾ ਆਮ ਸਿਖਾਤੀਆਂ ਨੂੰ ਪਤਾ ਤੋ ਵੀ ਨਹੀਂ ਲੱਗਦਾ। ਮਨੁੱਖੀ ਸੁਭਾ ਦੇ ਸਿਧਾਂਤ ਵੀ ਅਜੀਬ ਹਨ। ਮਨੁੱਖ ਦੀਆਂ ਤਿੰਨ ਹਾਲਾਤਾਂ ਮੰਨੀਆਂ ਗਈਆਂ ਹਨ। ਇੱਕ ਵਿਅਕਤੀਗਤ ਦੂਜੀ ਸਮਾਜਿਕ ਤੇ ਤੀਜੀ ਸਰਵਜਨਕ। ਰੰਗਾਂ ਦੀ ਚਿਤੇਰੀ ਬਿੰਦੂ ਨੇ ਇਹਨਾਂ ਤਿੰਨਾਂ ਅਵਸਥਾਵਾਂ ਦਾ ਧਿਆਨ ਰੱਖਿਆ ਹੈ ਜਿਹੜਾ ਕਿ ਆਪਣੇ ਆਪ ਚ' ਬਹੁਤ ਹੀ ਸਲਾਹੁਣ ਯੋਗ ਉਪਰਾਲਾ ਹੈ।

ਬਿੰਦੂ ਨੇ ਆਪਣੀਆਂ ਗਜ਼ਲਾਂ ਵਿੱਚ ਗੁਰਬਾਣੀ ਦਾ ਸੁਨੇਹਾ ਵੀ ਸਿੱਧੇ ਤੌਰ ਤੇ ਪਾਠਕਾਂ ਤੱਕ ਪਹੁੰਚਾਉਣ ਦੀ ਕੋਸਸ਼ਿ ਵੀ ਕੀਤੀ ਹੈ:-

**"ਖਿਜ਼ਾਂ ਅੰਦਰ ਮਿਲੇ ਮੌਸਮ ਬਹਾਰਾਂ ਦੇ,**
**ਇਹ ਜੀਵਨ ਹੁਕਮ ਅਨੁਸਾਰ ਕਿੰਨਾ ਹੈ"**
**"ਮੂਲ ਵੀ ਨਾ ਕੋਈ ਪਛਾਣੇ ਭੇਤ ਵੀ ਨ ਜਾਣਦਾ,**
**ਫੜ ਨਾ ਸਕਿਆ ਕੋਈ ਹੁਣ ਤੀਕਰ ਸਮੇਂ ਦੀ ਤੰਦ ਨੂੰ"**
**"ਸਾਹਾਂ ਦੀ ਇੱਕ ਸਰਗਮ ਸੁਣਦੀ ਜਦ ਵੀ ਆਪਣੇ ਅੰਦਰ ਵੇਖਾਂ,**
**ਤੂੰ ਹੀ ਤੂੰ ਦਾ ਤੂੰਬਾ ਵੱਜਦਾ ਜਦ ਵੀ ਨਿੱਜ ਦਾ ਮੰਦਰ ਵੇਖਾਂ"**

ਬਿੰਦੂ ਦੀਆਂ ਗ਼ਜ਼ਲਾਂ ਚੜ੍ਹਦੀ ਕਲਾ ਅਰਥਾਤ ਆਸ਼ਾਵਾਦ ਦਾ ਸੁਨੇਹਾ ਦਿੰਦੀਆਂ, ਰੂਪਕ ਪੱਖ ਤੋਂ ਵੀ ਉਹਨਾਂ ਨੂੰ ਸਾਰਥਕ ਤੇ ਪਰਪੱਕ ਕਿਹਾ ਜਾ ਸਕਦਾ ਹੈ ਉਸ ਦੀ ਸ਼ੈਲੀ ਨੇ ਕਿਸੇ ਦਾ ਪ੍ਰਭਾਵ ਨਹੀਂ ਕਬੂਲਿਆ, ਇਸੇ ਲਈ ਭਓਡਡੋਰ ਨੇ ਕਿਹਾ ਸੀ,

"Style is the moon."

ਬਿੰਦੂ ਦੀਆਂ ਗ਼ਜ਼ਲਾਂ ਦੀ ਸ਼ਬਦ ਦਾ ਚੋਣ ਬਹੁਤ ਹੀ ਸਲੀਕੇਦਾਰ ਤੇ ਤੇ ਬਿਲਕੁਲ ਉਸਦੀ ਸ਼ਖਸੀਅਤ ਵਾਂਗਰਾਂ ਨਿਰਸੰਦੇਹ ਬਿੰਦੂ ਦੀਆਂ ਗ਼ਜ਼ਲਾਂ ਦੇ ਵਿਸ਼ੇ ਅਤੇ ਸ਼ੈਲੀ ਦੇ ਪੱਖ ਤੋਂ ਬਿੰਦੂ ਨੂੰ ਸਰਲ ਸ਼ਾਇਰਾ ਹੀ ਕਿਹਾ ਜਾ ਸਕਦਾ ਹੈ। ਉਹਨੇ ਸ਼ਬਦਾਂ ਦੀ ਚੋਣ ਬਹੁਤ ਹੀ ਸੰਜਮ, ਸੰਜੀਦਗੀ, ਸਹਿਜਤਾ, ਸੂਖਮਤਾ ਅਤੇ ਸੰਵੇਦਨਸ਼ੀਲਤਾ ਨਾਲ ਕੀਤੀ ਹੈ। ਅੰਤ ਵਿੱਚ ਮੈਂ ਉਸਦੇ ਦੂਸਰੇ ਗ਼ਜ਼ਲ ਸੰਗ੍ਰਹਿ "ਹਰਫ ਇਲਾਹੀ" ਨੂੰ ਪੰਜਾਬੀ ਸਾਹਿਤ ਵਿੱਚ ਜੀ ਆਇਆ ਆਖਦੀ ਹਾਂ ਅਤੇ ਉਮੀਦ ਕਰਦੀ ਹਾਂ ਕਿ ਉਹ ਇਸੇ ਤਰ੍ਹਾਂ ਦੇ ਹੋਰ ਗ਼ਜ਼ਲ ਸੰਗ੍ਰਹਿ ਜੇ ਹੋ ਸਕੇ ਤਾ ਕਾਵਿ ਸੰਗ੍ਰਹਿ ਨੂੰ ਵੀ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਪਾਵੇ। ਕਹਿਲੀਲ ਘਬਿਰਓਨ ਦੇ ਸ਼ਬਦਾਂ ਵਿੱਚ:-

"Poetry is a deal of joy and pain and wonder
with a dash of the dictionary "

ਦੇਗ ਤੇਗ ਫਤਹਿ। ਪੰਥ ਕੀ ਜੀਤ।।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

**www.singhsabhasurrey.com**

## 8115, 132 ਸਟਰੀਟ, ਸਰੀ, ਬੀ.ਸੀ. V3W 4N5



### ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ

#### ਸਵੇਰੇ

ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ

| | |
|---|---|
| ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ | : 4.00 ਵਜੇ |
| ਸਹਿਜ ਪਾਠ | : 4:30 – 6.00 ਵਜੇ |
| ਆਸਾ ਕੀ ਵਾਰ | : 6.00 –7.45 ਵਜੇ |
| ਅਰਦਾਸ / ਹੁਕਮਨਾਮਾ | : 7.45 – 8.00 ਵਜੇ |
| ਕਥਾ / ਹੁਕਮਨਾਮਾ | : 8.00 – 8.30 ਵਜੇ |
| ਕੀਰਤਨ | : 8.30 – 9.40 ਵਜੇ |
| ਕਥਾ | : 9.40 – 10.30 ਵਜੇ |
| ਢਾਡੀ | : 10.30 – 11.30 |
| **ਸਮਾਪਤੀ** | : 8:00 ਵਜੇ |

#### ਸ਼ਾਮ ਦੇ ਦੀਵਾਨ

| | |
|---|---|
| ਚੌਂਕੀ ਸੋਦਰ | : 4:30–5:00 ਵਜੇ |
| ਪਾਠ ਸੋਦਰ | : 5.00 ਤੋਂ 5.30 ਵਜੇ |
| ਗੁਰਬਾਣੀ ਕੀਰਤਨ | : 5:30–6:40 ਵਜੇ |
| ਕਥਾ | : 6:40–7:15 ਵਜੇ |
| ਢਾਡੀ | : 7:15 –8:00 ਵਜੇ |
| ਸਮਾਪਤੀ | : 8:00 ਵਜੇ |

#### ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ

ਬੀਬੀਆਂ ਵਲੋਂ
ਸੁਖਮਨੀ ਸਾਹਿਬ ਦੇ ਪਾਠ
ਹਰ ਮੰਗਲਵਾਰ 11:30 ਤੋਂ 1:30 ਵਜੇ ਤੱਕ
ਕੀਤਾ ਜਾਂਦਾ ਹੈ।

- ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਜਨਮ ਦਿਹਾੜਾ ਬਾਬਾ ਦੀਪ ਸਿੰਘ ਦਾ ਅਤੇ ਸ੍ਰੀ ਗੁਰੂ ਸਿੰਘ ਸਭਾ ਦਾ ਉਦਘਾਟਨ ਦਿਵਸ ਮਨਾਇਆ ਜਾਵੇਗਾ।
- ਜਨਵਰੀ 24 ਦਿਨ ਸ਼ੁੱਕਰਵਾਰ ਨੂੰ ਅੰਤਮ ਸਸਕਾਰ ਸਵ: ਬੀਬੀ ਕੁਲਬੀਰ ਕੌਰ ਧਾਮੀ ਦਾ 10:00 ਵਜੇ ਰਿਵਰ ਸਾਈਡ ਡੈਲਟਾ ਵਿਖੇ ਹੋਵੇਗਾ। ਉਪਰੰਤ ਭੋਗ 11:30 ਵਜੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਪਾਏ ਜਾਣਗੇ ਅਤੇ ਅੰਤਮ ਅਰਦਾਸ ਹੋਵੇਗੀ।
- ਬੀਬੀ ਬਲਵਿੰਦਰ ਕੋਰ ਪਰਵਾਰ ਵੱਲੋਂ ਅਰੰਭ 24 ਜਨਵਰੀ 9:30 ਵਜੇ। ਭੋਗ। 26 ਜਨਵਰੀ ਦਿਨ ਐਤਵਾਰ 9:30 ਪਾਏ ਜਾਣਗੇ ਓਪਰੰਤ ਕੀਰਤਨ ਲੰਗਰ ਦੀ ਸੇਵਾ ਹੋਵੇਗੀ।
- ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਭਾਈ ਕੁਲਵੰਤ ਸਿੰਘ ਜੋਹਲ ਪਰਿਵਾਰ ਵਲੋਂ ਹੋਵੇਗੀ।
- ਸ਼ਨਿੱਚਰਵਾਰ ਜਨਵਰੀ 25 ਨੂੰ ਅਨੰਦਕਾਰਜ ਕਾਕਾ ਲਵਪ੍ਰੀਤ ਸਿੰਘ ਦਾ ਹੋਵੇਗਾ।
- ਸ਼ਨਿੱਚਰਵਾਰ ਸਵੇਰੇ 9:00 ਵਜੇ ਕੀਰਤਨ ਅਤੇ ਲੰਗਰ ਦੀ ਸੇਵਾ ਭਾਈ ਮਨਦੀਪ ਸਿੰਘ ਪਰਿਵਾਰ ਵਲੋਂ ਹੋਵੇਗੀ।
- ਸ਼ਾਮ ਦੇ ਕੀਰਤਨ ਅਤੇ ਲੰਗਰ ਦੀ ਸੇਵਾ ਤਿੰਨ ਪਰਿਵਾਰਾਂ ਵਲੋਂ ਹੋਵੇਗੀ:
  1. ਭਾਈ ਸੁਖਵਿੰਦਰ ਸਿੰਘ ਪਰਿਵਾਰ ਵਲੋਂ ਬੱਚੇ ਗੁਰਬਾਜ਼ ਸਿੰਘ ਦੇ ਜਨਮ ਦੀ ਖੁਸ਼ੀ ਵਿੱਚ
  2. ਭਾਈ ਹਰਿੰਦਰ ਸਿੰਘ ਖੇਲਾ ਅਤੇ ਬੀਬੀ ਸਰਬਜੀਤ ਕੌਰ ਬਰਾੜ ਵਲੋਂ
  3. ਬੀਬੀ ਨਵਰੀਤ ਕੌਰ ਢਿੱਲੋਂ ਪਰਿਵਾਰ ਵਲੋਂ
- ਐਤਵਾਰ 26 ਜਨਵਰੀ ਨੂੰ 9:30 ਵਜੇ ਸਟੂਡੈਂਟ ਬੱਚਿਆਂ ਵਲੋਂ ਕੀਤੇ ਸਹਿਜਪਾਠ ਦੇ ਭੋਗ ਪਾਏ ਜਾਣਗੇ ਅਤੇ ਖੁੱਲ੍ਹੇ ਦੀਵਾਨ ਸਜਣਗੇ ਅਤੇ ਲੰਗਰ ਦੀ ਸੇਵਾ ਹੋਵੇਗੀ।
- ਸ਼ਾਮ ਦੇ ਕੀਰਤਨ ਅਤੇ ਲੰਗਰ ਦੀ ਸੇਵਾ ਦੋ ਪਰਿਵਾਰਾਂ ਵਲੋਂ ਹੋਵੇਗੀ:
  1. ਬੀਬੀ ਗੁਰਦੇਵ ਕੌਰ ਪਰਿਵਾਰ ਵਲੋਂ
  2. ਭਾਈ ਹਰਜਿੰਦਰ ਸਿੰਘ ਰਾਏ ਪਰਿਵਾਰ ਵਲੋਂ

**ਰਾਗੀ ਜੱਥਾ :** ਭਾਈ ਜਸਵੰਤ ਸਿੰਘ ਅੰਮ੍ਰਿਤਸਰ ਵਾਲੇ
ਭਾਈ ਸੁੰਦਰ ਸਿੰਘ ਦਿੱਲੀ ਵਾਲੇ
**ਕਥਾਵਾਚਕ :** ਭਾਈ ਗੁਰਬਚਨ ਸਿੰਘ ਪੰਨਵਾਂ
**ਢਾਡੀ ਜਥਾ :** ਭਾਈ ਗੁਰਜੀਵਨ ਸਿੰਘ ਅਰਜਨਵਾਲ

**ਵਿਸ਼ੇਸ਼ ਨੋਟ : ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ ਲੱਗਦੀਆਂ ਹਨ।**

ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ ਜੀ

**ਫੋਨ : 604-590-3232, 604-590-3224**

# ਕੋਠਾਗੁਰੂ ਦੇ ਕਿਸਾਨ ਆਗੂ ਬਸੰਤ ਸਿੰਘ ਤੇ ਕਰਮ ਸਿੰਘ ਦਾ ਹੋਇਆ ਸੰਸਕਾਰ

ਭਗਤਾ ਭਾਈਕਾ, (ਵੀਰਪਾਲ ਭਗਤਾ): ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਜਿਲ੍ਹਾ ਮੀਤ ਪ੍ਰਧਾਨ ਬਸੰਤ ਸਿੰਘ ਕੋਠਾਗੁਰੂ ਅਤੇ ਕਰਮ ਸਿੰਘ ਕੋਠਾਗੁਰੂ ਪਿਛਲੇ ਦਿਨੀਂ ਬੱਸ ਹਾਦਸੇ ਵਿਚ ਜ਼ਖਮੀ ਹੋਣ ਮਗਰੋਂ ਇਲਾਜ ਦੌਰਾਨ ਮੌਤ ਦੇ ਮੂੰਹ ਵਿਚ ਚਲੇ ਗਏ ਸਨ। ਜਿੰਨ੍ਹਾਂ ਦੀਆਂ ਮ੍ਰਿਤਕ ਦੇਹਾਂ ਨੂੰ ਲੈਕੇ ਕਿਸਾਨ ਜੱਥੇਬੰਦੀਆਂ ਬਠਿੰਡਾ ਵਿਖੇ ਸੰਘਰਸ ਕਰ ਰਹੀਆ ਸਨ, ਹੁਣ ਸਰਕਾਰ ਵੱਲੋਂ ਯੂਨੀਅਨ ਦੀਆਂ ਕੁਝ ਮੰਗਾਂ ਨੂੰ ਪ੍ਰਵਾਨ ਕਰਕੇ ਮ੍ਰਿਤਕਾਂ ਦੇ ਪਰਿਵਾਰਾਂ ਆਰਥਿਕ ਮੱਦਦ ਦਿੱਤੇ ਜਾਣ ਦੇ ਐਲਾਨ ਉਪਰੰਤ ਯੂਨੀਅਨ ਨੇ ਸੰਘਰਸ ਸਮਾਪਤ ਕਰਕੇ ਮ੍ਰਿਤਕਾਂ ਦਾ ਸੰਸਕਾਰ ਕਰ ਦਿੱਤਾ ਹੈ। ਕਿਸਾਨ ਆਗੂ ਬਸੰਤ ਸਿੰਘ ਕੋਠਾਗੁਰੂ ਅਤੇ ਕਰਮਜੀਤ ਸਿੰਘ ਉਰਫ ਕਰਮਾ ਦੀਆਂ ਮਿਰਤਕ ਦੇਹਾਂ ਦਾ ਅੱਜ ਪੋਸਟਮਾਰਟਮ ਕਰਵਾ ਕੇ ਵੱਡੇ ਕਾਫਲੇ ਰਾਹੀ ਪਿੰਡ ਕੋਠਾਗੁਰੂ ਵਿਖੇ ਲਿਆਦਾ ਗਿਆ। ਜਿੱਥੇ ਵੱਡੀ ਗਿਣਤੀ ਵਿਚ ਇਕੱਤਰ ਕਿਸਾਨਾਂ ਅਤੇ ਆਮ ਲੋਕਾਂ ਦੀ ਹਾਜਰੀ ਵਿਚ ਦੋਹੇਂ ਕਿਸਾਨਾਂ ਦਾ ਸਸਕਾਰ ਕੀਤਾ ਗਿਆ। ਇਸ ਮੌਕੇ ਇਕੱਤਰ ਕਿਸਾਨਾਂ ਮ੍ਰਿਤਕ ਕਿਸਾਨਾਂ ਦੇ ਹੱਕ ਵਿਚ ਨਾਹਰੇਬਾਜੀ ਕੀਤੀ। ਸੂਤਰਾਂ ਅਨੁਸਾਰ ਬੀਕੇਯੂ ਏਕਤਾ ਉਗਰਾਹਾਂ ਦੇ ਜਿਲ੍ਹਾਂ ਪ੍ਰਧਾਨ ਸ਼ਿੰਗਾਰਾ ਸਿੰਘ ਮਾਨ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਲਛਮਣ ਸਿੰਘ ਸੇਵੇਵਾਲਾ ਨਾ.ਲ ਡਿਪਟੀ ਕਮਿਸ਼ਨਰ ਤੇ ਏਡੀਸੀ ਬਠਿੰਡਾ ਵੱਲੋਂ ਮੀਟਿੰਗ ਕਰਕੇ ਮਿਰਤਕਾਂ ਦੇ ਵਾਰਸਾਂ ਨੂੰ ਅੱਠ ਅੱਠ ਲੱਖ ਰੁਪਏ ਮੁਆਵਜ਼ਾ, ਇੱਕ ਜੀਅ ਨੂੰ ਸਰਕਾਰੀ ਨੌਕਰੀ ਤੇ ਕਰਜਾ ਖ਼ਤਮ ਕਰਨ ਦੀ ਸਿਫਾਰਸ਼ ਕਰਨ, ਗੰਭੀਰ ਜ਼ਖਮੀਆਂ ਨੂੰ ਉਹਨਾਂ ਦੀ ਹਾਲਤ ਮੁਤਾਬਕ ਦੋ ਦੋ ਲੱਖ ਰੁਪਏ ਤੇ ਇੱਕ ਇੱਕ ਲੱਖ ਰੁਪਏ ਸਹਾਇਤਾ ਦੇਣ ਅਤੇ ਵਿਛੋੜਾ ਦੇ ਗਏ ਨੌਜਵਾਨ ਕਰਮ ਸਿੰਘ ਦੇ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਪ੍ਰਸ਼ਾਸਨ ਵੱਲੋਂ ਦੇਣ ਆਦਿ ਮੰਗਾਂ ਪ੍ਰਵਾਨ ਕਰਨ ਤੋਂ ਬਾਅਦ ਜਥੇਬੰਦੀ ਨੇ ਮੋਰਚਾ ਖਤਮ ਕਰਨ ਦਾ ਫੈਸਲਾ ਲਿਆ ਸੀ।




ਕਿਸਾਨ ਆਗੂ ਸ਼ਿੰਗਾਰਾ ਸਿੰਘ ਮਾਨ ਤੇ ਹਰਜਿੰਦਰ ਸਿੰਘ ਬੱਗੀ ਨੇ ਆਖਿਆ ਕਿ ਸਰਕਾਰ ਤੇ ਪ੍ਰਸ਼ਾਸਨ ਦੇ ਅੜੀਅਲ ਰਵੱਈਏ ਦੇ ਬਾਵਜੂਦ ਮੁਆਵਜ਼ਾ ਰਾਸ਼ੀ ਵਧਾ ਲੈਣਾ ਲੋਕਾਂ ਦੇ ਸੰਘਰਸ਼ ਦੀ ਜਿੱਤ ਹੈ। ਉਹਨਾਂ ਭਗਵੰਤ ਮਾਨ ਸਰਕਾਰ ਵੱਲੋਂ ਮਿਰਤਕਾਂ ਦੀਆਂ ਲਾਸ਼ਾਂ ਤੇ ਵਾਰਸਾਂ ਨੂੰ ਰੋਲਣ ਦੀ ਸਖ਼ਤ ਨਿਖੇਧੀ ਕਰਦਿਆਂ ਲੋਕਾਂ ਨੂੰ ਸੱਦਾ ਦਿੱਤਾ ਕਿ ਭਗਵੰਤ ਮਾਨ ਸਰਕਾਰ ਦੀਆਂ ਕਿਸਾਨ ਮਜ਼ਦੂਰ ਤੇ ਲੋਕ ਵਿਰੋਧੀ ਨੀਤੀਆਂ ਨੂੰ ਪੁੱਠਾ ਗੇੜਾ ਦੇਣ ਅਤੇ ਲੋਕ ਪੱਖੀ ਨੀਤੀਆਂ ਲਾਗੂ ਕਰਾਉਣ ਲਈ ਆਪਣੀ ਜਥੇਬੰਦਕ ਤਾਕਤ ਨੂੰ ਮਜ਼ਬੂਤ ਤੇ ਵਿਸ਼ਾਲ ਕਰਦੇ ਹੋਏ ਦਿਰੜ ਘੋਲਾਂ ਦੇ ਰਾਹ ਅੱਗੇ ਵਧਣ। ਸ਼ਿੰਗਾਰਾ ਸਿੰਘ ਮਾਨ ਨੇ ਦੱਸਿਆ ਕਿ ਬੱਸ ਹਾਦਸੇ ਦੌਰਾਨ ਪਿੰਡ ਕੋਠਾ ਗੁਰੂ ਦੀਆਂ ਸ਼ਹੀਦ ਹੋਈਆਂ ਤਿੰਨ ਔਰਤਾਂ ਵਿੱਚੋਂ ਇੱਕ ਔਰਤ ਦੇ ਵਾਰਸਾਂ ਬਾਰੇ ਕੁਝ ਕਾਨੂੰਨੀ ਅੜਚਣ ਕਾਰਨ ਉਹਨਾਂ ਨੂੰ ਹਾਲੇ ਮੁਆਵਜ਼ਾ ਰਾਸ਼ੀ ਨਹੀਂ ਦਿੱਤੀ ਜਾ ਸਕੀ। ਉਹਨਾਂ ਦੱਸਿਆ ਕਿ ਮੌਕੇ ਤੇ ਹਾਜ਼ਰ ਵਾਰਸਾਂ ਵੱਲੋਂ ਇੱਕ ਦੋ ਦਿਨਾਂ ਵਿੱਚ ਇਹ ਅੜਚਣ ਦੂਰ ਕਰਨ ਬਾਰੇ ਕਿਹਾ ਗਿਆ। ਸੰਸਕਾਰ ਮੌਕੇ ਕਿਸਾਨ ਆਗੂ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਕਿਸਾਨ ਆਗੂ ਸੁਰਜੀਤ ਸਿੰਘ ਫੂਲ, ਅਵਤਾਰ ਸਿੰਘ ਤਾਰੀ, ਹਰਵਿੰਦਰ ਸਿੰਘ ਬਿੰਦੂ, ਝੰਡਾ ਸਿੰਘ ਜੇਠੂਕੇ, ਸੁਖਜੀਤ ਸਿੰਘ ਕੋਠਾਗੁਰੂ ਸਮੇਤ ਵੱਡੀ ਗਿਣਤੀ ਵਿਚ ਕਿਸਾਨ ਹਾਜਰ ਸਨ।

# ਸੈਰ ਕਰਦੀ ਲੜਕੀ ਨੂੰ ਗੋਲੀ ਮਾਰਨ ਦਾ ਮਾਮਲਾ ਨਿਕਲਿਆ ਝੂਠਾ, ਜ਼ਖ਼ਮੀ ਲੜਕੀ ਸਮੇਤ ਪੰਜ ਖਿਲਾਫ ਮੁਕੱਦਮਾ ਦਰਜ, 4 ਗ੍ਰਿਫਤਾਰ



**ਬਠਿੰਡਾ, (ਵੀਰਪਾਲ ਸਿੰਘ ਭਗਤਾ):** ਮੰਗਲਵਾਰ ਦੀ ਸਵੇਰੇ ਵੇਲੇ ਸਥਾਨਿਕ ਸਹਿਰ ਦੀ ਅਨਾਜ ਮੰਡੀ ਵਿਚ ਆਪਣੇ ਪਤੀ ਨਾਲ ਸਵੇਰ ਦੀ ਸੈਰ ਕਰ ਰਹੀ ਵਿਆਹੁਤਾ ਲੜਕੀ ਨੂੰ ਗੋਲੀ ਮਾਰ ਕੇ ਜਖਮੀ ਕਰਨ ਦੇ ਮਾਮਲੇ ਦੀ ਬਠਿੰਡਾ ਪੁਲਿਸ ਵੱਲੋਂ ਬਰੀਕੀ ਨਾਲ ਕੀਤੀ ਗਈ ਜਾਂਚ ਉਪਰੰਤ ਕਹਾਣੀ ਝੂਠੀ ਨਿਕਲੀ। ਇਸ ਘਟਨਾ ਦਾ ਕੁਝ ਹੀ ਘੰਟਿਆਂ ਵਿਚ ਪਰਦਾਫਾਸ ਕਰਕੇ ਦਿਆਲਪੁਰਾ ਭਾਈਕਾ ਦੀ ਪੁਲਿਸ ਨੇ ਜਖਮੀ ਲੜਕੀ ਅਤੇ ਉਸਦੇ ਪਤੀ ਸਮੇਤ ਪੰਜ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕਰ ਲਿਆ ਹੈ। ਜਿੰਨ੍ਹਾਂ ਵਿਚੋਂ ਚਾਰ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦ ਕਿ ਜਖਮੀ ਲੜਕੀ ਨੂੰ ਇਲਾਜ ਅਧੀਨ ਹੋਣ ਕਾਰਨ ਹਾਲੇ ਗ੍ਰਿਫਤਾਰ ਨਹੀ ਕੀਤਾ ਗਿਆ।

ਬਠਿੰਡਾ ਦੇ ਐੱਸਪੀ ਸਿਟੀ ਨਰਿੰਦਰ ਸਿੰਘ ਨੇ ਦੱਸਿਆ ਕਿ ਅਰਸ਼ਦੀਪ ਸਿੰਘ ਆਸਕੀ, ਹਰਪ੍ਰੀਤ ਕੌਰ ਪਤਨੀ ਅਰਸ਼ਦੀਪ ਸਿੰਘ ਅਤੇ ਸੁਖਚੈਨ ਸਿੰਘ ਘੋਨੂੰ ਵਾਸੀ ਭਗਤਾ ਭਾਈਕਾ ਮੋਟਰ ਸਾਇਕਲ ਤੇ ਸਵਾਰ ਹੋਕੇ ਸੰਦੀਪ ਸਿੰਘ ਸਨੀਂ ਵਾਸੀ ਭਗਤਾ ਭਾਈ ਅਤੇ ਟਹਿਲ ਸਿੰਘ ਵਾਸੀ ਸੁਖਾਨੰਦ ਨੂੰ ਅਸਲਾ ਸਪਲਾਈ ਕਰਨ ਲਈ ਆਏ ਸਨ, ਇਸ ਦੌਰਾਨ ਅਸਲਾ ਲੋਡ ਕਰਨ ਸਮੇਂ ਫਾਇਰ ਹੋ ਗਿਆ ਜੋ ਕਿ ਹਰਪ੍ਰੀਤ ਕੌਰ ਦੇ ਖੱਬੇ ਪੱਟ ਵਿਚ ਲੱਗ ਗਿਆ। ਪ੍ਰੰਤੂ ਉਕਤ ਦੋਸ਼ੀਆਂ ਨੇ ਝੂਠੀ ਕਹਾਣੀ ਬਣਾ ਦਿੱਤੀ ਕਿ ਮੋਟਰ ਸਾਇਕਲ ਸਵਾਰ ਦੋ ਅਣਪਛਾਤੇ ਵਿਅਕਤੀ ਫਾਇਰ ਮਾਰ ਗਏ। ਇਹ ਕਹਾਣੀ ਸਬੰਧੀ ਸ਼ੱਕ ਹੋਣ ਤੇ ਪੁਲਿਸ ਨੇ ਬਰੀਕੀ ਨਾਲ ਜਾਂਚ ਸੁਰੂ ਕੀਤੀ ਤਾ ਪੁੱਛਗਿੱਛ ਦੌਰਾਨ ਦੋਸ਼ੀ ਕਹਾਣੀ ਸਬੰਧੀ ਮੰਨ ਗਏ।

ਥਾਨਾ ਦਿਆਲਪੁਰਾ ਭਾਈਕਾ ਦੀ ਪੁਲਿਸ ਨੇ ਕਥਿਤ ਦੋਸ਼ੀ ਅਰਸ਼ਦੀਪ ਸਿੰਘ ਆਸਕੀ, ਹਰਪ੍ਰੀਤ ਕੌਰ ਪਤਨੀ ਅਰਸ਼ਦੀਪ ਸਿੰਘ, ਸੁਖਚੈਨ ਸਿੰਘ ਘੋਨੂੰ, ਸੰਦੀਪ ਸਿੰਘ ਸਨੀਂ ਵਾਸੀ ਭਗਤਾ ਭਾਈਕਾ ਅਤੇ ਟਹਿਲ ਸਿੰਘ ਵਾਸੀ ਸੁਖਾਨੰਦ ਖਿਲਾਫ ਮੁਕੱਦਮਾ ਕਰਕੇ ਉਨ੍ਹਾਂ ਵਿਚੋ ਚਾਰ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦ ਕਿ ਹਰਪ੍ਰੀਤ ਕੌਰ ਜਖਮੀ ਹੋਣ ਕਾਰਨ ਉਸਦਾ ਇਲਾਜ ਪੁਲਿਸ ਦੀ ਨਿਗਰਾਨੀ ਹੇਠ ਹੋ ਰਿਹਾ ਹੈ, ਉਨ੍ਹਾਂ ਨੂੰ ਹਾਲੇ ਗ੍ਰਿਫਤਾਰ ਨਹੀ ਕੀਤਾ ਗਿਆ। ਪੁਲਿਸ ਨੇ ਕਥਿਤ ਦੋਸ਼ੀਆ ਪਾਸੋਂ 2 ਪਿਸਟਲ 32 ਬੋਰ, 4 ਜਿੰਦਾ ਕਾਰਤੂਸ, 2 ਮੋਟਰ ਸਾਇਕਲ, 3 ਮੋਬਾਇਲ ਬਰਾਮਦ ਕਰ ਲਏ ਹਨ। ਐੱਸਪੀ ਸਿਟੀ ਨਰਿੰਦਰ ਸਿੰਘ ਨੇ ਦੱਸਿਆ ਕਿ ਕਥਿਤ ਦੋਸ਼ੀਆਂ ਨੂੰ ਮਾਨਯੋਗ ਅਦਾਲਤ ਵਿਚ ਪੇਸ਼ ਕਰਕੇ ਰਿਮਾਂਡ ਲਿਆ ਜਾਵੇਗਾ ਤਾ ਜੋ ਪਤਾ ਕੀਤਾ ਜਾਂ ਸਕੇ ਕਿ ਇਹ ਅਸਲਾ ਕਿੱਥੋ ਆਇਆ ਅਤੇ ਇਸ ਨਾਲ ਕਿਹੜੀ ਕਿਹੜੀ ਵਾਰਦਾਤ ਕਰਨ ਦੀ ਯੋਜਨਾ ਸੀ, ਸਬੰਧੀ ਬਰੀਕੀ ਨਾਲ ਪੜਤਾਲ ਕੀਤੀ ਜਾਵੇਗੀ। ਥਾਨਾ ਭਗਤਾ ਭਾਈਕਾ ਦੇ ਮੁੱਖੀ ਹਰਬੰਸ ਸਿੰਘ ਮਾਨ ਨੇ ਦੱਸਿਆ ਕਿ ਪੁਲਿਸ ਨੂੰ ਕਥਿਤ ਦੋਸ਼ੀਆਂ ਦੀ ਹੋਰ ਪੁੱਛ ਗਿੱਛ ਦੌਰਾਨ ਵੱਡੇ ਖੁਲਾਸੇ ਹੋਣ ਦੀ ਉਮੀਦ ਹੈ।

# ਵਿਵਾਦਤ ਫਿਲਮ "ਐਮਰਜੈਂਸੀ" ਨੂੰ ਸ਼੍ਰੋਮਣੀ ਕਮੇਟੀ ਨੇ ਪੰਜਾਬ 'ਚ ਨਹੀਂ ਚੱਲਣ ਦਿੱਤੀ

ਅੰਮ੍ਰਿਤਸਰ: ਕੰਗਨਾ ਰਣੌਤ ਵੱਲੋਂ ਬਣਾਈ ਗਈ 'ਐਮਰਜੈਂਸੀ' ਫ਼ਿਲਮ ਦੀ ਰਲੀਜ਼ ਨੂੰ ਰੋਕਣ ਲਈ ਅੱਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਪੰਜਾਬ ਭਰ ਅੰਦਰ ਸਿਨੇਮਾ ਘਰਾਂ ਦੇ ਬਾਹਰ ਜ਼ੋਰਦਾਰ ਪ੍ਰਦਰਸ਼ਨ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਰੋਸ ਨੂੰ ਦੇਖਦਿਆਂ ਸਿਨੇਮਾ ਪ੍ਰਬੰਧਕਾਂ ਨੇ ਫਿਲਮ ਐਮਰਜੈਂਸੀ ਨੂੰ ਨਾ ਚਲਾਉਣ ਦਾ ਫੈਸਲਾ ਕੀਤਾ, ਜਿਸ ਮਗਰੋਂ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਦਰਸ਼ਨ ਸਮਾਪਤ ਕੀਤੇ ਗਏ। ਅੰਮ੍ਰਿਤਸਰ ਵਿਖੇ ਫਿਲਮ ਦੇ ਵਿਰੋਧ ਵਿੱਚ ਪੀਵੀਆਰ ਸਿਨੇਮਾ (ਸੂਰਜ ਚੰਦਾ ਤਾਰਾ), ਟਰੀਲੀਅਮ ਮਾਲ ਅਤੇ ਅਲਫਾ ਵਨ ਮਾਲ ਵਿਖੇ ਪ੍ਰਦਰਸ਼ਨ ਕੀਤੇ ਗਏ, ਜਿਸ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਭਾਈ ਅਜਾਇਬ ਸਿੰਘ ਅਭਿਆਸੀ ਅਤੇ ਸਕੱਤਰ ਸ. ਪ੍ਰਤਾਪ ਸਿੰਘ ਨੇ ਕੀਤੀ।

ਇਸ ਮੌਕੇ ਗਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਕੰਗਨਾ ਰਣੌਤ ਵੱਲੋਂ ਬਣਾਈ ਗਈ 'ਐਮਰਜੈਂਸੀ ਫ਼ਿਲਮ ਵਿਚ ਸਿੱਖ ਕਿਰਦਾਰਾਂ ਨੂੰ ਗਲਤ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ, ਜਿਸ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਹੀ ਇਤਰਾਜ਼ ਦਰਜ ਕਰਵਾਏ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਵੀ ਹੁਣ ਤੀਕ ਫ਼ਿਲਮ ਦੀ ਰੋਕ ਲਈ ਕੋਈ ਕਦਮ ਨਹੀਂ ਉਠਾਇਆ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਰੋਸ ਮਗਰੋਂ ਸਿਨੇਮਾ ਪ੍ਰਬੰਧਕਾਂ ਵੱਲੋਂ ਫਿਲਮ ਨਾ ਚਲਾਉਣ ਦੇ ਫੈਸਲੇ ਦਾ ਸਵਾਗਤ ਕੀਤਾ। ਸ. ਮੰਨਣ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਫਿਲਮ ਨੂੰ ਪੰਜਾਬ ਅੰਦਰ ਕਿਸੇ ਵੀ ਕੀਮਤ 'ਤੇ ਨਹੀਂ ਚੱਲਣ ਦੇਵੇਗੀ। ਜੇਕਰ ਕਿਸੇ ਨੇ ਫਿਲਮ ਚਲਾਉਣ ਦੀ ਕੋਸ਼ਿਸ ਕੀਤੀ ਤਾਂ ਸ਼੍ਰੋਮਣੀ ਕਮੇਟੀ ਮੁੜ ਪ੍ਰਦਰਸ਼ਨ ਕਰੇਗੀ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਤੇ ਭਾਈ ਅਜਾਇਬ ਸਿੰਘ ਅਭਿਆਸੀ ਨੇ ਕਿਹਾ ਕਿ ਕੋਈ ਵੀ ਸਿੱਖ ਵਿਰੋਧੀ ਹਰਕਤ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਸਰਕਾਰਾਂ ਦੀ ਵੀ ਜ਼ੁੰਮੇਵਾਰੀ ਬਣਦੀ ਹੈ ਕਿ ਹਰ ਧਰਮ ਦੇ ਹਿੱਤਾਂ ਅਤੇ ਭਾਵਨਾਵਾਂ ਦਾ ਸਨਮਾਨ ਕੀਤਾ ਜਾਵੇ।

ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਬੀਤੇ ਕੱਲ੍ਹ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਪੰਜਾਬ ਅੰਦਰ ਇਸ ਫ਼ਿਲਮ 'ਤੇ ਰੋਕ ਲਗਾਉਣ ਲਈ ਕਿਹਾ ਸੀ, ਪਰ ਤਰਾਸਦੀ ਇਹ ਹੈ ਕਿ ਪੰਜਾਬ ਦੀ ਆਪ ਸਰਕਾਰ ਸਿੱਖ ਮਸਲਿਆਂ ਨੂੰ ਜਾਣਬੁਝ ਕੇ ਅਣਗੌਲਿਆਂ ਕਰ ਰਹੀ ਹੈ। ਇਹ ਸੂਬੇ ਦੇ ਹਿੱਤ ਵਿਚ ਨਹੀਂ ਹੈ।

ਅੰਮ੍ਰਿਤਸਰ ਵਿਖੇ ਪ੍ਰਦਰਸ਼ਨ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਭਾਈ ਅਜਾਇਬ ਸਿੰਘ ਅਭਿਆਸੀ, ਓਐਸਡੀ ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਬਿਜੈ ਸਿੰਘ, ਸ. ਤਜਿੰਦਰ ਸਿੰਘ ਪੱਡਾ, ਸ. ਪ੍ਰੀਤਪਾਲ ਸਿੰਘ, ਨਿੱਜੀ ਸਕੱਤਰ ਸ. ਸ਼ਾਹਬਾਜ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਜਸਵਿੰਦਰ ਸਿੰਘ ਜੱਸੀ, ਪ੍ਰੋ. ਸੁਖਦੇਵ ਸਿੰਘ, ਸ. ਗੁਰਚਰਨ ਸਿੰਘ ਕੋਹਾਲਾ, ਸ. ਗੁਰਨਾਮ ਸਿੰਘ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਮਨਜੀਤ ਸਿੰਘ ਤਲਵੰਡੀ, ਸ. ਹਰਭਜਨ ਸਿੰਘ ਵਕਤਾ, ਸ. ਸੁਖਬੀਰ ਸਿੰਘ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਸ. ਮਲਕੀਤ ਸਿੰਘ ਬਹਿੜਵਾਲ ਅਤੇ ਸ਼੍ਰੋਮਣੀ ਕਮੇਟੀ, ਧਰਮ ਪ੍ਰਚਾਰ ਕਮੇਟੀ ਤੇ ਸ੍ਰੀ ਦਰਬਾਰ ਸਾਹਿਬ ਦਾ ਸਟਾਫ ਮੌਜੂਦ ਸੀ।

# ਕਿਸਾਨ ਮੋਰਚੇ ਦਾ ਦਿੱਲੀ ਕੂਚ ਮੁਲਤਵੀ, ਪਰ ਟਰੈਕਟਰ ਮਾਰਚ ਦਾ ਪ੍ਰੋਗਰਾਮ ਬਰਕਰਾਰ

ਰਾਜਪੁਰਾ: ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚੇ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਪਿਛਲੇ 11 ਮਹੀਨਿਆਂ ਤੋਂ ਚਲ ਰਹੇ ਸੰਘਰਸ਼ ਦੇ ਤਹਿਤ ਦਿੱਲੀ ਕੂਚ ਦਾ ਪ੍ਰੋਗਰਾਮ ਮੁਲਤਵੀ ਕਰ ਦਿੱਤਾ ਗਿਆ ਹੈ। ਇਹ ਜਾਣਕਾਰੀ ਸੋਮਵਾਰ ਨੂੰ ਸ਼ੰਭੂ ਬਾਰਡਰ 'ਤੇ ਕੀਤੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਕਿਸਾਨ ਮਜ਼ਦੂਰ ਮੋਰਚੇ ਦੇ ਕਨਵੀਨਰ ਸਰਵਣ ਸਿੰਘ ਪੰਧੇਰ ਵੱਲੋਂ ਦਿੱਤੀ ਗਈ। ਹਾਲਾਂਕਿ ਉਨ੍ਹਾਂ ਸਾਫ਼ ਕੀਤਾ ਕਿ 26 ਜਨਵਰੀ ਨੂੰ ਹੋਣ ਵਾਲਾ ਟਰੈਕਟਰ ਮਾਰਚ ਜਿਉਂ ਦਾ ਤਿਉਂ ਹੋਵੇਗਾ।



ਪੰਧੇਰ ਨੇ ਦੱਸਿਆ ਕਿ ਦਿੱਲੀ ਕੂਚ ਦਾ ਇਹ ਪ੍ਰੋਗਰਾਮ 21 ਜਨਵਰੀ ਨੂੰ ਸ਼ੰਭੂ ਬਾਰਡਰ ਤੋਂ 101 ਕਿਸਾਨਾਂ ਦੇ ਜਥੇ ਵੱਲੋਂ ਕੀਤਾ ਜਾਣਾ ਸੀ, ਜੋ ਹੁਣ 14 ਫਰਵਰੀ ਨੂੰ ਹੋਣ ਵਾਲੀ ਕੇਂਦਰ ਸਰਕਾਰ ਦੀ ਮੀਟਿੰਗ ਦੇ ਮੱਦੇਨਜ਼ਰ ਮੁਲਤਵੀ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕਿਸਾਨ ਮੋਰਚਾ ਕੇਂਦਰ ਸਰਕਾਰ ਨੂੰ 26 ਜਨਵਰੀ ਤੱਕ ਦਾ ਸਮਾਂ ਦੇ ਰਿਹਾ ਹੈ। ਜੇਕਰ ਇਸ ਦੌਰਾਨ ਸਰਕਾਰ ਕਿਸਾਨਾਂ ਦੀਆਂ ਮੰਗਾਂ ਨਾ ਮੰਨੇ ਤਾਂ ਸੰਘਰਸ਼ ਨੂੰ ਹੋਰ ਤੇਜ਼ ਕਰ ਦਿੱਤਾ ਜਾਵੇਗਾ।

ਪੰਧੇਰ ਨੇ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਕਿਸਾਨਾਂ ਵਿੱਚ ਫੁੱਟ ਪਾਉਣ ਦੇ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਗੁੰਮਰਾਹ ਕਰਨ ਦੀ ਕ੍ਰਿਆ ਵਿਰੁੱਧ ਸਖਤ ਕਾਰਵਾਈ ਜਰੂਰੀ ਹੈ। ਇਸ ਦੇ ਨਾਲ ਹੀ ਪੰਧੇਰ ਨੇ ਕਿਸਾਨ ਆਗੂ ਡੱਲੇਵਾਲ ਨੂੰ ਮਰਨ ਵਰਤ ਖਤਮ ਕਰਨ ਦੀ ਅਪੀਲ ਵੀ ਕੀਤੀ।

ਇਸ ਪ੍ਰੈੱਸ ਕਾਨਫਰੰਸ ਦੌਰਾਨ ਮਨਜੀਤ ਸਿੰਘ ਰਾਏ, ਜਸਵਿੰਦਰ ਸਿੰਘ ਲੌਂਗੋਵਾਲ, ਅਤੇ ਤੇਜਵੀਰ ਸਿੰਘ ਪੰਜੋਖਰਾ ਸਮੇਤ ਕਈ ਹੋਰ ਆਗੂ ਮੌਜੂਦ ਸਨ। ਉਨ੍ਹਾਂ ਕਿਹਾ ਕਿ 26 ਜਨਵਰੀ ਨੂੰ ਦੇਸ਼ ਭਰ ਵਿੱਚ ਟਰੈਕਟਰ ਮਾਰਚ ਦਾ ਪ੍ਰੋਗਰਾਮ ਜਿਉਂ ਦਾ ਤਿਉਂ ਹੈ। ਉਨ੍ਹਾਂ ਸਾਫ਼ ਕੀਤਾ ਕਿ ਜੇਕਰ ਸਰਕਾਰ ਕਿਸਾਨੀ ਮੰਗਾਂ ਨੂੰ ਨਾ ਮੰਨੇ, ਤਾਂ ਇਸਦੇ ਨਤੀਜੇ ਤਗੜੇ ਹੋਣਗੇ।

ਉਨ੍ਹਾਂ ਨੇ ਆਪਣੀਆਂ ਪ੍ਰਮੁੱਖ ਮੰਗਾਂ ਉਤੇ ਚਰਚਾ ਕੀਤੀ, ਜਿਸ ਵਿੱਚ ਫਸਲਾਂ ਦੀ ਉੱਚੀ ਕੀਮਤ, ਵਿਦੇਸ਼ੀ ਦਖ਼ਲਅੰਦਾਜ਼ੀ ਰੋਕਣ, ਅਤੇ ਕਿਸਾਨਾਂ ਤੇ ਮਜ਼ਦੂਰਾਂ ਦੇ ਹੱਕਾਂ ਦੀ ਰੱਖਿਆ ਲਈ ਸੰਘਰਸ਼ ਜਾਰੀ ਰੱਖਣ ਦਾ ਫੈਸਲਾ ਕੀਤਾ ਗਿਆ।

ਕਿਸਾਨ ਮੋਰਚੇ ਵੱਲੋਂ 26 ਮਾਰਚ ਨੂੰ ਹੋਣ ਵਾਲੇ ਪ੍ਰੋਗਰਾਮ ਦੀ ਵੀ ਪੁਸ਼ਟੀ ਕੀਤੀ ਗਈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਲੜਾਈ ਸਿਰਫ਼ ਅਧਿਕਾਰਾਂ ਲਈ ਹੈ ਅਤੇ ਇਸ ਨੂੰ ਕਿਸੇ ਵੀ ਹਾਲਤ ਵਿੱਚ ਹਾਰਨ ਨਹੀਂ ਦਿੱਤਾ ਜਾਵੇਗਾ।

# ਹਰਜੀਤ ਸੱਜਣ ਦਾ ਸਿਆਸਤ ਨੂੰ ਅਲਵਿਦਾ: ਅਗਲੀਆਂ ਚੋਣਾਂ ਨਾ ਲੜਨ ਦਾ ਐਲਾਨ



ਵੈਨਕੂਵਰ, (ਏਕਜੋਤ ਸਿੰਘ): ਵੈਨਕੂਵਰ ਸਾਊਥ ਤੋਂ ਸਿਆਸੀ ਪੜਾਅ ਦੇ ਦੌਰਾਨ ਮਸ਼ਹੂਰ ਹੋਏ ਐਮਰਜੈਂਸੀ ਪ੍ਰੀਪੇਅਰਡਨੈੱਸ ਮੰਤਰੀ ਹਰਜੀਤ ਸੱਜਣ ਨੇ ਬੁੱਧਵਾਰ ਨੂੰ ਐਲਾਨ ਕੀਤਾ ਕਿ ਉਹ ਅਗਲੀਆਂ ਫੈਡਰਲ ਚੋਣਾਂ ਵਿੱਚ ਹਿੱਸਾ ਨਹੀਂ ਲੈਣਗੇ। ਸੱਜਣ 2015 ਤੋਂ ਵੈਨਕੂਵਰ ਸਾਊਥ ਤੋਂ ਸੰਸਦ ਮੈਂਬਰ ਰਹੇ ਹਨ ਅਤੇ ਇਸ ਦੌਰਾਨ ਕੈਨੇਡਾ ਦੇ ਕਈ ਮਹੱਤਵਪੂਰਨ ਮੰਤਰਾਲਿਆਂ ਦੀ ਜ਼ਿੰਮੇਵਾਰੀ ਸੰਭਾਲੀ। ਸੋਸ਼ਲ ਮੀਡੀਆ ਦੇ ਰਾਹੀਂ ਕੀਤੇ ਆਪਣੇ ਐਲਾਨ ਵਿੱਚ ਸੱਜਣ ਨੇ ਆਪਣੇ ਹਲਕੇ ਦੇ ਵਸਨੀਕਾਂ ਲਈ ਡੂੰਘਾ ਧੰਨਵਾਦ ਪ੍ਰਗਟ ਕੀਤਾ। ਉਨ੍ਹਾਂ ਨੇ ਲਿਖਿਆ, "ਮੈਂ ਇਸ ਵਿਭਿੰਨਤਾ ਵਾਲੇ ਅਤੇ ਦਿਆਲੂ ਭਾਈਚਾਰੇ ਲਈ ਆਪਣਾ ਡੂੰਘਾ ਧੰਨਵਾਦ ਪ੍ਰਗਟ ਕਰਨਾ ਚਾਹਾਂਗਾ ਜਿਸ ਨੇ ਮੈਨੂੰ ਸੇਵਾ ਦੀ ਮਹੱਤਤਾ, ਵਚਨਬੱਧਤਾ ਅਤੇ ਇਮਾਨਦਾਰੀ ਨਾਲ ਟੀਚਿਆਂ ਨੂੰ ਪੂਰਾ ਕਰਨਾ ਸਿਖਾਇਆ। ਲਗਭਗ ਇੱਕ ਦਹਾਕੇ ਰਾਜਨੀਤਿਕ ਸੇਵਾ ਤੋਂ ਬਾਅਦ, ਮੈਂ ਐਲਾਨ ਕਰ ਰਿਹਾ ਹਾਂ ਕਿ ਮੈਂ ਅਗਲੀਆਂ ਚੋਣਾਂ ਨਹੀਂ ਲੜਾਂਗਾ।"

ਸੱਜਣ 2015 ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਸਰਕਾਰ ਦੇ ਕੈਬਿਨੇਟ ਵਿੱਚ ਸ਼ਾਮਲ ਹੋਏ। ਉਨ੍ਹਾਂ ਨੂੰ ਪਹਿਲਾਂ ਰੱਖਿਆ ਮੰਤਰੀ ਨਿਯੁਕਤ ਕੀਤਾ ਗਿਆ, ਜਿਥੇ ਉਨ੍ਹਾਂ ਨੇ ਦੇਸ਼ ਲਈ ਨਵੀਂ ਰੱਖਿਆ ਰਣਨੀਤੀ ਅਤੇ ਨਵੇਂ ਲੜਾਕੂ ਜਹਾਜ਼ਾਂ ਦੀ ਪ੍ਰਾਪਤੀ ਤੇ ਕੰਮ ਕੀਤਾ। ਹਾਲਾਂਕਿ, ਫੌਜ ਦੇ ਅੰਦਰ ਜਿਨਸੀ ਦੁਰਵਿਹਾਰ ਦੇ ਮਾਮਲਿਆਂ ਨਾਲ ਨਜਿੱਠਣ ਨੂੰ ਲੈ ਕੇ ਉਨ੍ਹਾਂ ਨੂੰ ਆਲੋਚਨਾ ਦਾ ਸਾਹਮਣਾ ਕਰਨਾ ਪਿਆ।

2021 ਦੀਆਂ ਚੋਣਾਂ ਤੋਂ ਬਾਅਦ, ਉਨ੍ਹਾਂ ਨੂੰ ਅੰਤਰਰਾਸ਼ਟਰੀ ਵਿਕਾਸ ਮੰਤਰਾਲੇ ਦੀ ਜ਼ਿੰਮੇਵਾਰੀ ਸੌਂਪੀ ਗਈ ਅਤੇ ਫਿਰ ਐਮਰਜੈਂਸੀ ਪ੍ਰੀਪੇਅਰਡਨੈੱਸ ਮੰਤਰੀ ਬਣਾਇਆ ਗਿਆ। ਸੱਜਣ ਦੇ ਮੰਤਰੀ ਦੇ ਤੌਰ 'ਤੇ ਯੋਗਦਾਨ ਨੂੰ ਕੈਨੇਡਾ ਦੀ ਰਾਜਨੀਤਿਕ ਅਤੇ ਅਪਰਾਟੀਵ ਸਿੱਟੇ ਵਿਚ ਮਹੱਤਵਪੂਰਨ ਮੰਨਿਆ ਜਾਂਦਾ ਹੈ।

ਹਰਜੀਤ ਸੱਜਣ ਅਜਿਹੇ ਸਾਬਕਾ ਕੈਬਿਨੇਟ ਮੰਤਰੀਆਂ ਦੀ ਲੜੀ ਵਿੱਚ ਸ਼ਾਮਲ ਹੋ ਗਏ ਹਨ ਜਿਨ੍ਹਾਂ ਨੇ ਅਗਲੀਆਂ ਚੋਣਾਂ ਨਾ ਲੜਨ ਦਾ ਐਲਾਨ ਕੀਤਾ ਹੈ। ਇਸ ਵਿੱਚ ਸੀਮਸ ਓ'ਰੀਗਨ, ਪਾਬਲੋ ਰੌਡਰਿਗਜ਼, ਮੇਰੀ-ਕਲੌਡ ਬੀਬੌ, ਕਾਰਲਾ ਕੁਆਲਟ੍ਰੋਅ, ਫ਼ਿਲਮੋਨਾ ਟੈਸੀ ਅਤੇ ਡੈਨ ਵੈਂਡਲ ਜਿਵੇਂ ਨਾਂ ਸ਼ਾਮਲ ਹਨ। ਇਹ ਸਾਰੇ ਸਾਬਕਾ ਕੈਬਿਨੇਟ ਮੰਤਰੀਆਂ ਨੇ ਵੀ ਆਪਣੀ ਅਗਲੀ ਰਾਜਨੀਤਿਕ ਯਾਤਰਾ ਨੂੰ ਅਲਵਿਦਾ ਕਿਹਾ ਹੈ।

ਮੰਗਲਵਾਰ ਨੂੰ, ਸੱਜਣ ਨੇ ਸਾਬਕਾ ਬੈਂਕ ਔਫ਼ ਕੈਨੇਡਾ ਗਵਰਨਰ ਮਾਰਕ ਕਾਰਨੀ ਦੀ 2008 ਦੇ ਵਿਸ਼ਵ ਵਿੱਤੀ ਸੰਕਟ ਦੌਰਾਨ ਦੀ ਭੂਮਿਕਾ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੀ ਲਿਬਰਲ ਪਾਰਟੀ ਦੇ ਲੀਡਰਸ਼ਿਪ ਦੌੜ ਵਿੱਚ ਸਮਰਥਨ ਕਰਨ ਦੀ ਘੋਸ਼ਣਾ ਕੀਤੀ। ਸੱਜਣ ਮੁਤਾਬਕ, ਮਾਰਕ ਕਾਰਨੀ ਦੇ ਆਗੂਪਣ ਵਿੱਚ ਕੈਨੇਡਾ ਦੀ ਭਵਿੱਖ ਲਈ ਇਕ ਮਜ਼ਬੂਤ ਆਧਾਰ ਬਣਾਇਆ ਜਾ ਸਕਦਾ ਹੈ। ਸੱਜਣ ਦਾ ਸਿਆਸਤ ਤੋਂ ਅਲਵਿਦਾ ਸਿਰਫ਼ ਉਨ੍ਹਾਂ ਦੇ ਹਲਕੇ ਲਈ ਹੀ ਨਹੀਂ, ਸਗੋਂ ਲਿਬਰਲ ਰਾਜਨੀਤਿਕ ਲਈ ਵੀ ਇੱਕ ਵੱਡੀ ਗੱਲ ਹੈ। ਉਨ੍ਹਾਂ ਦੀ ਸੇਵਾ ਅਤੇ ਯੋਗਦਾਨ ਨੂੰ ਕਦੇ ਭੁਲਾਇਆ ਨਹੀਂ ਜਾਵੇਗਾ। This report was written by Ekjot Singh as part of the Local Journalism Initiative.

# ਦਸੰਬਰ ਮਹੀਨੇ ਕੈਨੇਡਾ ਦੀ ਮਹਿੰਗਾਈ ਦਰ ਘਟ ਕੇ 1.8% 'ਤੇ ਪਹੁੰਚੀ



**ਵੈਨਕੂਵਰ, (ਏਕਜੋਤ ਸਿੰਘ):** ਸਟੈਟਿਸਟਿਕਸ ਕੈਨੇਡਾ ਦੀ ਰਿਪੋਰਟ ਮੁਤਾਬਕ ਦਸੰਬਰ ਮਹੀਨੇ ਕੈਨੇਡਾ ਦੀ ਮਹਿੰਗਾਈ ਦਰ ਘਟ ਕੇ 1.8% ਹੋ ਗਈ ਹੈ। ਮਹਿੰਗਾਈ ਦਰ ਵਿੱਚ ਇਹ ਘਟਾਉਣ ਫ਼ੈਡਰਲ ਸਰਕਾਰ ਵੱਲੋਂ ਲਗਾਈ ਗਈ ਜੀਐਸਟੀ ਛੋਟ ਕਾਰਨ ਸਮਭਵ ਹੋ ਸਕਿਆ। ਇਸ ਛੋਟ ਦਾ ਪ੍ਰਭਾਵ ਰੈਸਟੋਰੈਂਟਾਂ ਦੇ ਖਾਣੇ-ਪੀਣ, ਸ਼ਰਾਬ ਅਤੇ ਬੱਚਿਆਂ ਦੇ ਕੱਪੜਿਆਂ ਦੀਆਂ ਕੀਮਤਾਂ ਵਿੱਚ ਵੱਡੀ ਕਮੀ ਦੇ ਰੂਪ ਵਿੱਚ ਦੇਖਿਆ ਗਿਆ।

ਨਵੰਬਰ ਮਹੀਨੇ ਦੇ ਮੁਕਾਬਲੇ, ਜਦੋਂ ਮਹਿੰਗਾਈ ਦਰ 1.9% ਸੀ, ਦਸੰਬਰ ਵਿੱਚ ਇਹ 1.8% 'ਤੇ ਆ ਗਈ। ਜੇ ਖਾਣ-ਪੀਣ ਦੇ ਸੈਕਟਰ ਨੂੰ ਇਸ ਗਿਣਤੀ ਤੋਂ ਬਾਹਰ ਰੱਖਿਆ ਜਾਵੇ, ਤਾਂ ਮਹਿੰਗਾਈ ਦਰ 2.1% ਦਰਜ ਕੀਤੀ ਗਈ।

ਦਸੰਬਰ ਮਹੀਨੇ ਵਿੱਚ ਰੈਸਟੋਰੈਂਟਾਂ ਵਿੱਚ ਖਾਣ-ਪੀਣ ਦੀਆਂ ਕੀਮਤਾਂ 1.6% ਘਟੀਆਂ। ਇਹ ਵਾਧਾ ਨਵੰਬਰ ਦੇ 3.4% ਦੇ ਮੁਕਾਬਲੇ ਬਹੁਤ ਹੀ ਹੌਲੀ ਰਫ਼ਤਾਰ ਨਾਲ ਹੇਠਾਂ ਆਇਆ। ਇਸਦੇ ਨਾਲ, ਸਟੋਰਾਂ ਤੋਂ ਖਰੀਦੀ ਗਈ ਸ਼ਰਾਬ ਦੀਆਂ ਕੀਮਤਾਂ ਦਸੰਬਰ ਵਿੱਚ 1.3% ਘਟ ਗਈਆਂ, ਜੋ ਕਿ ਨਵੰਬਰ ਦੇ 1.9% ਵਾਧੇ ਦੇ ਮੁਕਾਬਲੇ ਇੱਕ ਵੱਡਾ ਹਾਸਾ ਹੈ।

ਦਸੰਬਰ ਮਹੀਨੇ ਘਰਾਂ ਦੀਆਂ ਕੀਮਤਾਂ ਵਿੱਚ 4.5% ਦਾ ਵਾਧਾ ਦਰਜ ਕੀਤਾ ਗਿਆ, ਹਾਲਾਂਕਿ ਇਹ ਵਾਧਾ ਨਵੰਬਰ ਦੇ 4.6% ਦੇ ਮੁਕਾਬਲੇ ਹੌਲੀ ਗਤੀ ਨਾਲ ਰਿਹਾ। ਇਸ ਤੋਂ ਇਲਾਵਾ, ਗੈਸ ਦੀਆਂ ਕੀਮਤਾਂ 3.5% ਵਧੀਆਂ।

ਸਟੈਟਿਸਟਿਕਸ ਕੈਨੇਡਾ ਨੇ ਕਿਹਾ ਕਿ ਖਪਤਕਾਰ ਮੁੱਲ ਸੂਚਕਾਂਕ (ਛਫੀ) ਵਿੱਚ ਉਹ ਸਾਰੀਆਂ ਕੀਮਤਾਂ ਸ਼ਾਮਲ ਹਨ, ਜੋ ਖਰੀਦਦਾਰਾਂ ਦੁਆਰਾ ਭੁਗਤਾਏ ਜਾਣ ਵਾਲੇ ਟੈਕਸਾਂ ਸਮੇਤ ਹਨ। ਇਸ ਸੰਦਰਭ ਵਿੱਚ ਜੀਐਸਟੀ ਛੋਟ ਨੇ ਮਹਿੰਗਾਈ ਦਰ ਨੂੰ ਹੇਠਾਂ ਲਿਆਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ।

ਜੀਐਸਟੀ ਛੋਟ ਫ਼ਰਵਰੀ ਦੇ ਮੱਧ ਤੱਕ ਲਾਗੂ ਰਹੇਗੀ, ਜਿਸ ਨਾਲ ਜਨਵਰੀ ਦੀ ਮਹਿੰਗਾਈ ਦਰ 'ਤੇ ਵੀ ਇਸਦਾ ਪੂਰਾ ਪ੍ਰਭਾਵ ਪਵੇਗਾ।

ਬੈਂਕ ਔਫ਼ ਕੈਨੇਡਾ ਨੇ ਮਹਿੰਗਾਈ ਦਰ ਘਟਣ ਨਾਲ ਵਿਆਜ ਦਰਾਂ ਵਿੱਚ ਕਟੌਤੀ ਜਾਰੀ ਰੱਖੀ ਹੈ। ਮੌਜੂਦਾ ਵਿਆਜ ਦਰ 3.25% ਹੈ। ਦਸੰਬਰ ਮਹੀਨੇ ਦੀ ਇਹ ਨਵੀਂ ਰਿਪੋਰਟ ਸੰਕੇਤ ਦੇਂਦੀ ਹੈ ਕਿ ਵਿਆਜ ਦਰਾਂ ਵਿੱਚ ਹੋਰ ਕਟੌਤੀ ਕੀਤੀ ਜਾ ਸਕਦੀ ਹੈ।

ਨਤੀਜਾ

ਦਸੰਬਰ ਮਹੀਨੇ ਦੀ ਮਹਿੰਗਾਈ ਦਰ ਵਿੱਚ ਇਹ ਕਮੀ ਇੱਕ ਸੰਕੇਤਕ ਲਹਿਰ ਹੈ, ਜੋ ਸੂਚਿਤ ਕਰਦੀ ਹੈ ਕਿ ਸਰਕਾਰੀ ਨੀਤੀਆਂ ਅਤੇ ਟੈਕਸ ਛੋਟ ਨੇ ਲੋਕਾਂ ਨੂੰ ਵਿੱਤੀ ਰਾਹਤ ਦਿੱਤੀ ਹੈ। ਇਹ ਰਾਖੀ ਜਾ ਰਹੀ ਵਿਆਜ ਦਰਾਂ ਅਤੇ ਅੱਗੇ ਆਉਣ ਵਾਲੇ ਮਹੀਨਿਆਂ ਵਿੱਚ ਕੀਮਤਾਂ ਦੀ ਸਥਿਤੀ 'ਤੇ ਨਜ਼ਰ ਰੱਖਣ ਦੀ ਲੋੜ ਹੈ। This report was written by Ekjot Singh as part of the Local Journalism Initiative.

# ਲਿਬਰਲ ਲੀਡਰਸ਼ਿਪ ਰੇਸ : ਪ੍ਰਧਾਨ ਮੰਤਰੀ ਦੀ ਥਾਂ ਲਈ ਦਾਵੇਦਾਰਾਂ ਦਾ ਮੁਕਾਬਲਾ ਤੇਜ਼

ਔਟਵਾ : ਲਿਬਰਲ ਪਾਰਟੀ ਦੀ ਲੀਡਰਸ਼ਿਪ ਰੇਸ ਦੇਸ਼-ਪੱਧਰੀ ਧਿਆਨ ਦਾ ਕੇਂਦਰ ਬਣੀ ਹੋਈ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਅਸਤੀਫ਼ੇ ਦੇ ਐਲਾਨ ਤੋਂ ਬਾਅਦ ਪਾਰਟੀ ਵਿੱਚ ਨਵਾਂ ਲੀਡਰ ਚੁਣਨ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ। ਨਵਾਂ ਚੁਣਿਆ ਗਿਆ ਲੀਡਰ ਜਸਟਿਨ ਟਰੂਡੋ ਦੀ ਥਾਂ ਕੈਨੇਡਾ ਦਾ ਅਗਲਾ ਪ੍ਰਧਾਨ ਮੰਤਰੀ ਬਣੇਗਾ ਅਤੇ 2025 ਦੀਆਂ ਫ਼ੈਡਰਲ ਚੋਣਾਂ ਵਿੱਚ ਪਾਰਟੀ ਦੀ ਅਗਵਾਈ ਵੀ ਕਰੇਗਾ।

ਇਸ ਦਾਵੇਦਾਰੀ ਲਈ ਬਹੁਤ ਸਾਰੇ ਉਮੀਦਵਾਰ ਮੈਦਾਨ ਵਿੱਚ ਹਨ। ਸਾਬਕਾ ਵਿੱਤ ਮੰਤਰੀ ਅਤੇ ਉਪ ਪ੍ਰਧਾਨ ਮੰਤਰੀ ਕ੍ਰਿਸਟੀਆ ਫ੍ਰੀਲੈਂਡ, ਸਾਬਕਾ ਬੈਂਕ ਔਫ਼ ਕੈਨੇਡਾ ਗਵਰਨਰ ਮਾਰਕ ਕਾਰਨੀ, ਨੋਵਾ ਸਕੋਸ਼ੀਆ ਦੇ ਐਮਪੀ ਜੇਮੀ ਬੈਟਿਸਟੇ, ਸਾਬਕਾ ਮੌਂਟਰੀਅਲ ਐਮਪੀ ਫ਼੍ਰੈਂਕ ਬੇਲਿਸ, ਐਮਪੀ ਚੰਦਰ ਆਰੀਆ ਅਤੇ ਕਰੀਨਾ ਗੋਲਡ ਵਰਗੇ ਚਰਚਿਤ ਨਾਮ ਆਪਣੇ ਕਾਗਜ਼ ਦਾਖ਼ਲ ਕਰ ਚੁੱਕੇ ਹਨ।

ਮਾਰਕ ਕਾਰਨੀ ਨੇ ਵੀਰਵਾਰ ਨੂੰ ਕੰਜ਼ਰਵੇਟਿਵ ਲੀਡਰ ਪੀਅਰ ਪੌਲੀਐਵ ਉੱਪਰ ਨਿਸ਼ਾਨਾ ਸਾਧਦਿਆਂ ਇੱਕ ਵੀਡੀਓ ਜਾਰੀ ਕੀਤੀ। ਇਸ ਵਿਚਕਾਰ, ਉਸਦੇ ਕੈਂਪੇਨ ਟੀਮ ਦੇ ਇੱਕ ਮੈਂਬਰ ਨੇ ਕਿਹਾ ਕਿ ਕਾਰਨੀ ਹੁਣ ਪਾਰਟੀ ਦੇ ਹੇਠਲੇ ਪੱਧਰ ਦੇ ਪ੍ਰਬੰਧਕਾਂ ਅਤੇ ਐਮਪੀਜ਼ ਨਾਲ ਨਿੱਜੀ ਮੀਟਿੰਗਾਂ ਕਰ ਰਹੇ ਹਨ।

ਕ੍ਰਿਸਟੀਆ ਫ੍ਰੀਲੈਂਡ ਨੇ ਕਾਕਸ ਮੀਟਿੰਗ ਦੌਰਾਨ ਪਾਰਟੀ ਨੂੰ ਲੋਕਤੰਤਰੀ ਪ੍ਰਕਿਰਿਆ ਨਾਲ ਮਜ਼ਬੂਤ ਬਣਾਉਣ 'ਤੇ ਜ਼ੋਰ ਦਿੱਤਾ। ਉਸਦੀ ਮੁਹਿੰਮ ਟੀਮ ਨੇ ਕਿਹਾ ਕਿ ਫ੍ਰੀਲੈਂਡ ਵਿੱਤ ਮੰਤਰੀ ਵਜੋਂ ਪੇਸ਼ ਕੀਤੇ ਕੈਪੀਟਲ ਗੇਨ ਟੈਕਸ ਵਿੱਚ ਬਦਲਾਅ ਨੂੰ ਰੱਦ ਕਰ ਦੇਵੇਗੀ। ਸਾਬਕਾ ਹਾਊਸ ਲੀਡਰ ਕਰੀਨਾ ਗੋਲਡ ਨੇ ਬੱਚਿਆਂ ਦੇ ਕੱਪੜਿਆਂ, ਡਾਇਪਰਾਂ, ਅਤੇ ਸਟ੍ਰੋਲਰਾਂ 'ਤੇ ਜੀਐਸਟੀ ਛੋਟ ਨੂੰ ਸਥਾਈ ਬਣਾਉਣ ਦਾ ਵਾਅਦਾ ਕੀਤਾ ਹੈ। ਗੋਲਡ ਦੀ ਟੀਮ ਨੌਜਵਾਨ ਲਿਬਰਲਾਂ ਤੱਕ ਪਹੁੰਚ ਬਣਾਉਣ ਅਤੇ ਨਵੇਂ ਮੈਂਬਰਾਂ ਨੂੰ ਸਾਈਨ ਅਪ ਕਰਨ ਲਈ ਸਰਗਰਮ ਹੈ।

ਲਿਬਰਲ ਪਾਰਟੀ ਨੇ ਸੰਭਾਵੀ ਉਮੀਦਵਾਰਾਂ ਲਈ ਐਂਟਰੀ ਫੀਸ $350,000 ਰੱਖੀ ਹੈ, ਜਿਸ ਵਿੱਚ ਵਾਧਾ ਪਹਿਲਾਂ ਦੇ $75,000 ਤੋਂ ਕੀਤਾ ਗਿਆ ਹੈ। ਉਮੀਦਵਾਰਾਂ ਨੂੰ ਆਪਣੇ ਨਾਮਜ਼ਦਗੀ ਪੈਕੇਜ ਵਿੱਚ 300 ਰਜਿਸਟਰਡ ਲਿਬਰਲਾਂ ਦੇ ਦਸਤਖ਼ਤ ਸ਼ਾਮਲ ਕਰਨੇ ਹੋਣਗੇ। ਇਹ ਦਸਤਖ਼ਤ ਤਿੰਨ ਵੱਖ-ਵੱਖ ਸੂਬਿਆਂ ਜਾਂ ਪ੍ਰਦੇਸ਼ਾਂ ਤੋਂ ਘੱਟੋ-ਘੱਟ 100 ਹੋਣੇ ਜ਼ਰੂਰੀ ਹਨ।



# fruiticana hee jaana!

Your one and only **Punjabi** neighbourhood store Since 1994

੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ



# BIGGEST SALE IN CANADA

## UNBEATABLE EXTRA SUPER SPECIAL

**Yellow Onions 50 lbs** — ਪੀਲੇ ਗੰਢੇ — $10.98 bag

## EXTRA SUPER SUPER SPECIAL

**Roma Tomatoes** — ਰੋਮਾ ਟਮਾਟਰ — 99¢ lb

**Reg. Large Eggplant** — ਵੱਡੇ ਬਤਾਊਂ — 99¢ ea.

SUPER SPECIAL
**English Cucumbers** — ਇੰਗਲਿਸ਼ ਖੀਰੇ — 2 for 99¢

SUPER SPECIAL
**Jumbo Cauliflower Size 9** — ਵੱਡਾ ਗੋਬੀ ਦਾ ਫੁੱਲ ਸਾਈਜ਼ ੯ — $3.99 ea.

**Red Lentil Whole, Red Lentil Split, Black Chana & Chickpeas 4 lbs (Indican)** — ਧੋਤੀ ਮਸਰਾਂ ਦੀ ਦਾਲ, ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ ਚਿੱਟੇ ਛੋਲੇ ( ਇੰਡੀਕੈਨ ) — $3.98 bag

**Roasted Peanuts** — ਭੁੱਜੀ ਮੂੰਗਫਲੀ — $1.99 lb

SUPER SPECIAL
**Green Bell Peppers** — ਹਰੀ ਸ਼ਿਮਲਾ ਮਿਰਚ — 99¢ lb

**Rapini (Sarson da Saag)** — ਸਰਸੋਂ ਦਾ ਸਾਗ — $2.88 bunch

**Fine Cane Sugar (Indican) 8 lbs** — ਗੰਨੇ ਦੀ ਖੰਡ 8lbs — $5.99 bag

**Indican Lychee Juice 2 L** — ਇੰਡੀਕਨ ਲੀਚੀ ਜੂਸ 2 lt — $3.99 ea.

**Fresh Spinach** — ਪਾਲਕ — $1.59 bunch

**Fresh Moli (Daikon)** — ਮੂਲੀ — 99¢ lb

**Raw Almonds** — ਕੱਚੇ ਬਦਾਮ — $4.99 lb

**Roasted Natural Cashews** — ਭੁੰਨੇ ਹੋਏ ਕਾਜੂ — $4.99 lb

**Cilantro** — ਧਣੀਆ — 2 bunches for $1.29

**Fresh Ginger** — ਤਾਜਾ ਅਦੱਰਕ — $1.88 lb

**Almond Oil 1 L (Indican)** — ਇੰਡੀਕੈਨ ਬਦਾਮ ਦਾ ਤੇਲ — $11.98 bottle

**Indican Tea 216's** — ਇੰਡੀਕਨ ਚਾਹ — $4.98 box

**Seedless Oranges (Small)** — ਛੋਟਾ ਸੰਤਰੇ ( ਬਿਨਾ ਬੀਜ ਤੋਂ ) — 99¢ lb

**Russet Potatoes Snoboy 10 lbs** — ਆਲੂ ਰਸਟ ਸਨੋਬੁਆਏ — $3.88 bag

**Fresh Methi** — ਤਾਜਾ ਮੇਥੀ — $1.99 bunch

**Indican Punjabi Biscuits 1.5 lbs** — ਇੰਡੀਕਨ ਪੰਜਾਬੀ ਕੁਕੀਜ਼ — $5.98 pkg.

Product images may differ from the actual produc...

**Thur Jan 23, 2025 - Wed Jan 29, 2025**

We reserve the right to limit the quantities while they last
**Specials valid for Lower Mainland only**

**23 LOCATIONS TO SERVE YOU IN BC & ALBERTA**
Head Office: 7676 Anvil Way, Surrey
604-502-0005

fruiticana SINCE 1994

BUSINESS HOURS 9 AM - 8 PM 7 DAYS A WEEK

Disclaimer: We reserve the right to add restrictions on products with a minimum purchase

**THE SOUTH SURREY/WHITE ROCK FRUITICANA NOW OPEN AT 1812, 152ND ST.**

| | | |
|---|---|---|
| Newton | 13783 72nd Ave. Surrey | 604-590-2080 |
| Newton | 13174 64th Ave. Surrey | 604-598-9220 |
| Scott Road | 12047 80th Ave. Surrey | 604-591-5032 |
| Scott Road | 104-7028 120th St. | 604-590-8864 |
| Cedar Hills | 12867 96th Ave. Surrey | 604-588-6620 |
| Fleetwood | 101-15933 Fraser Hwy | 604-593-5163 |
| Fleetwood | 15230 84 Ave. | 236-317-6272 |
| Surrey | 12990 72nd Ave. | 604-503-5510 |
| Surrey | 12788 76A Ave. Surrey | 604-597-1676 |
| Surrey | 16788 64 Ave. | 604-372-2023 |
| Surrey | 101-7228 192St. | 604-575-3750 |
| Surrey | 101-1812 152St. | 604-539-5736 |
| New Westminster | 101-331 6th St. | 604-395-3595 |
| Abbotsford | 2785 Bourquin Crescent W. | 604-744-0328 |
| Abbotsford | 31205 Maclure Rd. | 604-504-5877 |
| Port Coquitlam | 2807 Shaughnessy St. | 604-464-0822 |
| Vancouver | 6257 Fraser St. | 604-321-9931 |
| Richmond | 4101 No.5 Rd. | 604-244-9520 |